ਕੈਨੇਡਾ ਦਰਪਣ

30 ਅਕਤੂਬਰ, 1987

October 30, 1987

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ Weekending October 30, 1987 Vol. 6 No. 39 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

'ਸਰਬੱਤ ਖਾਲਸਾ' ਨਾ ਹੋਣ ਦਿੱਤਾ ਗਿਆ — ਅੰਮ੍ਰਿਤਸਰ 'ਚ ਕਰਫੀਊ

ਤਿੰਨ ਜਥੇਦਾਰ ਗ੍ਰਿਫ਼ਤਾਰ

ਅੰਮ੍ਰਿਤਸਰ — ਦੀਵਾਲੀ ਦੇ ਮੌਕੇ ਉਤੇ ਅਖੌਤੀ ਪੰਥਕ ਕਮੇਟੀ ਵਲੋਂ ਸੱਦਿਆ ਗਿਆ 'ਸਰਬੱਤ ਖਾਲਸਾ' ਦਾ ਸਮਾਗਮ ਧਰਿਆ ਧਰਾਇਆ ਰਹਿ ਗਿਆ ਜਦ ਤਿੰਨ ਜਥੇਦਾਰਾਂ ਸਵਿੰਦਰ ਸਿੰਘ, ਜਸਵੰਤ ਸਿੰਘ ਤੇ ਕਸ਼ਮੀਰਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਅਣਮਿਥੇ ਸਮੇਂ ਲਈ ਕਰਫੀਊ ਲਾਗੂ ਕਰ ਦਿੱਤਾ ਗਿਆ। ਇਹ 'ਸਰਬੱਤ ਖਾਲਸਾ' ਸਮਾਗਮ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਨੂੰ ਹਟਾ ਕੇ ਨਵਾਂ ਜਥੇਦਾਰ ਨਿਯੁਕਤ ਕਰਨ ਲਈ ਬੁਲਾਇਆ ਗਿਆ ਸੀ।

230 ਗ੍ਰਿਫਤਾਰੀਆਂ

ਪੁਲਸ ਅਤੇ ਸੁਰੱਖਿਆ ਦਸਤਿਆਂ ਨੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਦਾਖਲ ਹੋ ਕੇ 230 ਵਿਅਕਤੀ ਗ੍ਰਿਫਤਾਰ ਕੀਤੇ ਹਨ ਜਿਨ੍ਹਾਂ ਵਿਚੋਂ ਬਹੁਤੇ ਬੰਗਲਾ ਦੇਸ਼ੀ ਦੱਸੇ ਜਾਂਦੇ ਹਨ। ਕੰਪਲੈਕਸ ਦੀਆਂ ਹੋਰ ਬਿਲਡਿੰਗਾਂ ਦੀ ਵੀ ਤਲਾਸ਼ੀ ਲਈ ਗਈ ਦੱਸੀ ਗਈ ਹੈ। ਹਰਿਮੰਦਰ ਕੰਪਲੈਕਸ ਦੇ ਬਾਹਰ ਸੀ. ਆਰ. ਪੀ. ਦੀਆਂ ਟੁਕੜੀਆਂ ਵੱਡੀ ਗਿਣਤੀ ਵਿਚ ਤਾਈਨਾਤ ਹਨ।

ਖਾਲਿਸਤਾਨੀ ਅਨਸਰ ਪ੍ਰਕਰਮਾ ਵਿਚ

ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਖਾਲਿਸਤਾਨੀ ਅਨਸਰ ਪ੍ਰਕਰਮਾ ਦੇ ਕਮਰਿਆਂ ਵਿਚ ਚਲਾ ਗਿਆ ਹੈ — ਇਸ ਲਈ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ ਥਾਵਾਂ ਉਤੇ ਕੋਈ ਵੀ ਸ਼ੱਕੀ ਵਿਅਕਤੀ ਨਹੀਂ ਫੜਿਆ ਗਿਆ। ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਪੁਲਸ ਪ੍ਰਕਰਮਾ ਵਿਚ ਜਾਣ ਤੋਂ ਦਰੇਗ਼ ਕਰ ਰਹੀ ਹੈ ਤਾਂਕਿ ਧਾਰਮਿਕ ਜ਼ਜ਼ਬਾਤ ਨਾ ਭੜਕਣ। ਪਰ ਜੇ ਕੋਈ ਚਾਰਾ ਨਾ ਰਿਹਾ ਤਾਂ ਇਹ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਖਾਲਿਸਤਾਨੀ ਅਨਸਰ ਨੂੰ ਫੜਨ ਲਈ ਪੁਲਸ ਪਰਕਰਮਾ ਵਿਚ ਵੀ ਚਲੀ ਜਾਵੇ।

ਜਥੇਦਾਰਾਂ ਦੀ ਗ੍ਰਿਫ਼ਤਾਰੀ

ਯਾਦ ਰਹੇ ਕਿ ਪਿਛਲੇ ਦਿਨੀਂ ਜਥੇਦਾਰ ਸਵਿੰਦਰ ਸਿੰਘ, ਜਥੇਦਾਰ

ਬਾਕੀ ਪੰਨਾ 3 'ਤੇ

ਦੱਖਣੀ ਦਿੱਲੀ ਵਿਚ 11 ਬੰਦੇ ਹਲਾਕ — 7 ਜ਼ਖਮੀ

ਚਾਰ ਦਹਿਸ਼ਤਗਰਦਾਂ ਵਲੋਂ ਅੰਧਾਧੁੰਧ ਗੋਲੀ

ਦਿੱਲੀ — ਦੱਖਣੀ ਦਿੱਲੀ ਦੇ ਸੰਘਣੀ ਆਬਾਦੀ ਵਾਲੇ ਇਲਾਕੇ ਵਿਚ ਚਾਰ ਦਹਿਸ਼ਤਗਰਦਾਂ ਨੇ ਚਾਰ ਹਿੰਦੂ ਘਰਾਂ ਉਤੇ ਹਮਲੇ ਕਰਕੇ ਅੰਧਾਧੁੰਧ ਗੋਲੀ ਚਲਾਈ ਜਿਸ ਕਾਰਨ 11 ਵਿਅਕਤੀ ਹਲਾਕ ਹੋ ਗਏ ਤੇ ਸੱਤ ਜ਼ਖਮੀ ਹੋਏ ਹਨ। ਦਹਿਸ਼ਤਗਰਦ ਮੋਟਰ ਸਾਈਕਲਾਂ ਉਤੇ ਸਵਾਰ ਸਨ। ਗੋਲੀਆਂ ਸੜਕ ਉਤੇ ਤੁਰੇ ਜਾਂਦੇ ਲੋਕਾਂ ਵੱਲ ਵੀ ਚਲਾਈਆਂ ਗਈਆਂ।

ਬੀ. ਬੀ. ਸੀ. ਦੀ ਖਬਰ ਅਨੁਸਾਰ ਗੋਲੀਆਂ ਚਲਾਉਣ ਤੋਂ ਪਿਛੋਂ ਹਮਲਾਆਵਰ ਮੋਟਰ ਸਾਈਕਲ ਉਥੇ ਹੀ ਛੱਡ ਕੇ ਇਕ ਬੱਸ ਉਤੇ ਸਵਾਰ ਹੋ ਗਏ। ਉਨ੍ਹਾਂ ਕ੍ਰਿਕਟ ਯੂਨੀਫਾਰਮਾਂ ਪਾਈਆਂ ਹੋਈਆਂ ਸਨ ਅਤੇ ਹੱਥਾਂ ਵਿਚ ਥੈਲੇ ਸਨ। ਸਵਾਰੀਆਂ ਨੂੰ ਥੈਲੇ ਦੇਖ ਕੇ ਸ਼ੱਕ ਪੈ ਗਿਆ ਤੇ ਉਨ੍ਹਾਂ ਰੌਲਾ ਪਾ ਦਿੱਤਾ।

ਪਿੱਛਾ ਕਰ ਰਹੀ ਪੁਲਸ ਨੇ ਬੱਸ ਨੂੰ ਆ ਘੇਰਿਆ। ਇਕ ਬੰਦੂਕਧਾਰੀ ਮੌਕੇ ਉਤੇ ਹੀ ਮਾਰਿਆ ਗਿਆ ਅਤੇ ਤਿੰਨ ਭੱਜਣ ਵਿਚ ਸਫਲ ਹੋ ਗਏ ਜਿਨ੍ਹਾਂ ਦਾ ਪਿੱਛਾ ਪੁਲਸ ਵਲੋਂ ਜਾਰੀ ਹੈ।

ਦਿੱਲੀ ਵਿਚ ਤਣਾਅ

ਇਸ ਘਟਨਾ ਤੋਂ ਪਿਛੋਂ ਇਕ ਦਮ ਦਿੱਲੀ ਵਿਚ ਤਣਾਅ ਪੈਦਾ ਹੋ ਗਿਆ ਹੈ ਪਰ ਅਜੇ ਤੱਕ ਕਿਸੇ ਅਣਸੁਖਾਵੀਂ ਘਟਨਾ ਦੀ ਖਬਰ ਨਹੀਂ ਹੈ। ਪੁਲਸ ਦੇ ਇਕ ਬੁਲਾਰੇ ਅਨੁਸਾਰ ਸਾਰੀ ਦਿੱਲੀ ਵਿਚ 'ਅਲਰਟ' ਕਰਾਰ ਦੇ ਦਿੱਤਾ ਗਿਆ ਹੈ ਤੇ ਹਮਲਾਆਵਰਾਂ ਦੀ ਸ਼ਨਾਖਤ ਕਰ ਲਈ ਗਈ ਹੈ।

'ਇੰਡੀਅਨ ਐਕਸਪ੍ਰੈਸ' ਅਖਬਾਰ ਦਾ ਮਾਲਕ ਗੋਇੰਨਕਾ ਗ੍ਰਿਫਤਾਰ

ਨਵੀਂ ਦਿੱਲੀ — 'ਇੰਡੀਅਨ ਐਕਸਪ੍ਰੈਸ' ਦੇ ਮਾਲਕ ਰਾਮਨਾਥ ਗੋਇੰਨਕਾ ਅਤੇ ਉਸਦੇ ਤਿੰਨ ਹੋਰ ਸਾਥੀਆਂ ਨੂੰ ਕੱਲ੍ਹ ਇਥੇ ਗ੍ਰਿਫਤਾਰ ਕਰ ਲਿਆ ਗਿਆ। ਇਹ ਗ੍ਰਿਫਤਾਰੀਆਂ ਸੱਤ ਲੱਖ ਰੁਪਏ ਦੇ ਫਰਾਡ ਨਾਲ ਸੰਬੰਧਤ ਹਨ ਜੋ ਯੂਰਪ ਵਿਚੋਂ ਮੰਗਾਈ ਮਸ਼ੀਨਰੀ ਉਤੇ ਗੋਇੰਨਕਾ ਨੇ ਟੈਕਸ ਆਦਿ ਅਦਾ ਨਹੀਂ ਕੀਤਾ।

ਯਾਦ ਰਹੇ ਕਿ ਇਹ ਅਖਬਾਰ ਰਾਜੀਵ-ਸਰਕਾਰ ਦਾ ਵਿਰੋਧੀ ਗਿਣਿਆ ਜਾਂਦਾ ਹੈ।

ਵੀ. ਪੀ. ਹਮਾਇਤੀਆਂ ਦੀ ਪਹਿਲੀ ਕਨਵੈਨਸ਼ਨ

ਜੰਮੂ — ਸਾਬਕ ਮੰਤਰੀ ਸ੍ਰੀ ਵੀ ਪੀ ਸਿੰਘ ਦੇ ਹਮਾਇਤੀਆਂ ਨੇ ਆਪਣੀ ਪਹਿਲੀ ਕਨਵੈਨਸ਼ਨ 19 ਅਕਤੂਬਰ ਨੂੰ ਗੁਲਾਬ ਭਵਨ ਵਿਚ ਕੀਤੀ ਇਸ ਮੀਟਿੰਗ ਵਿਚ ਮੁਫਤੀ ਮੁਹੰਮਦ ਤੋਂ ਇਲਾਵਾ ਕਈ ਕੇਂਦਰੀ ਨੇਤਾ ਨੇ ਸੰਬੋਧਨ ਕੀਤਾ।

PARADISE & NEW ART FILMS

PROUDLY PRESENT

ਵੈਨਕੂਵਰ ਵਿਚ ਫ਼ਿਲਮੀ ਸਿਤਾਰੇ ਅਤੇ ਸਿੰਗਰਾਂ ਦਾ

ਰੰਗਾ ਰੰਗ ਪ੍ਰੋਗਰਾਮ



Milan Singh — Golden Voice Wonder



Sulakshan Pandit — Melody Queen



Vijyata — The Teenage Heartthrob of "Love Story"



Ranjeeta

ਚੋਟੀ ਦੀਆਂ ਐਕਟਰਸਾਂ

ਰਣਜੀਤਾ, ਸੁਲਕਸ਼ਨਾ ਪੰਡਿਤ,

ਵਿਜੇਤਾ ਪੰਡਿਤ

ਤੇ

ਡਾਂਸਰ ਜੈ ਸ਼ਿਰੀ ਟੀ.

ਪਹਿਲੀ ਵਾਰ ਵੈਨਕੂਵਰ ਵਿਚ ਨਾਲ ਹਨ

ਅਕਬਰ ਖਾਨ ਤੇ ਰਣਜੀਤ

ਕਾਮੇਡੀਅਨ ਸਾਹਿਰ ਵਿਜਨੌਰੀ

ਸਿੰਗਰ ਮਿਲਨ ਸਿੰਘ

(Male ਤੇ Female ਆਵਾਜ਼)



JAYSHREE T.— Thundering Thighs

ਸਿੰਗਰ ਲਲਿਤ — ਗੀਤਕਾਰ ਇੰਦੀਵਰ

ਬੰਬਈ ਦੀ ਫਿਲਮ ਇੰਡਸਟਰੀ ਦੇ ਮਸ਼ਹੂਰ ਮਿਊਜ਼ਕ ਡਾਇਰੈਕਟਰ ਅਤੇ ਸਿੰਗਰ

ਮਨਧੀਰ ਤੇ ਜੀਤੀਨ (with 10 piece Orchestra)



Akbar Khan



Ranjit

LIVE SHOW & DANCE

in original filmi costumes

Queen Elizabeth Theatre

Sun. Nov. 1st '87 at 7 p.m.

For more information Call :

Mangat Dhami — 591-1993

Indresh — 435-3638

Tickets : $15, $20, $25

Tickets Available From :

- Goyal Video — 877-7778
- Paramount Video — 584-5668
- Annu Video — 324-1272
- Soni & Sons Jewellers — 324-1012
- Mann Music — 321-6667
- Tasleem's Video — 873-2132, 325-9110
- Bride & Groom Shop — 324-5662, 435-2421
- Nishan Foods — 433-3207
- Payl Saree — 584-6011
- Sapna Sarees — 435-0056

ਸ੍ਰੀਲੰਕਾ ਦੇ ਜਾਫ਼ਨਾ ਇਲਾਕੇ ਵਿਚ ਭਿਆਨਕ ਲੜਾਈ

ਭਾਰਤੀ ਫੌਜਾਂ ਦੇ ਮੁਖੀ ਸੁੰਦਰਜੀ ਲੰਕਾ ਪੁੱਜੇ

ਕੋਲੰਬੋ — ਭਾਰਤੀ ਫੌਜਾਂ ਜੋ ਸ੍ਰੀਲੰਕਾ ਵਿਚ ਅਮਨ ਸਥਾਪਤ ਕਰਨ ਲਈ ਪੁਜੀਆਂ ਸਨ — ਇਸ ਸਮੇਂ ਤਾਮਿਲ ਗੁਰੀਲਿਆਂ ਦਾ ਸਖਤ ਮੁਕਾਬਲਾ ਕਰ ਰਹੀਆਂ ਹਨ। ਭਾਰਤ ਦੀ ਫੌਜ ਦੇ ਮੁੱਖੀ ਸ੍ਰੀ ਸੁੰਦਰਜੀ ਵੀ ਜ਼ਾਫਨਾ ਦੇ ਇਲਾਕੇ ਵਿਚ ਪੁਜ ਗਏ ਹਨ ਜਦਕਿ ਭਾਰਤੀ ਫੌਜਾਂ ਦੀ ਗਿਣਤੀ 15,000 ਤੋਂ ਵੱਧ ਦੱਸੀ ਜਾਂਦੀ ਹੈ। ਹੋਰ ਨਵੀਆਂ ਕੁਮਕਾਂ ਵੀ ਪੁਜ ਰਹੀਆਂ ਹਨ। ਭਾਰਤੀ ਫੌਜ ਇਸ ਸਮੇਂ ਆਖਰੀ ਲੜਾਈ ਲੜ ਰਹੀ ਹੈ ਹੁਣ ਤੱਕ ਭਾਰਤੀ ਫੌਜ ਦੇ 123 ਸਿਪਾਹੀ ਮਾਰੇ ਗਏ ਹਨ ਤੇ 25 ਲਾਪਤਾ ਹਨ। ਜ਼ਖਮੀਆਂ ਦੀ ਗਿਣਤੀ ਨਹੀਂ ਦੱਸੀ ਗਈ। ਜਦ ਕਿ ਪਿਛਲੇ ਤੇਰਾਂ ਦਿਨ ਵਿਚ 563 ਗੁਰੀਲੇ ਮਾਰੇ ਗਏ ਹਨ। ਕੱਲ੍ਹ ਦੀਆਂ ਘਟਨਾਵਾਂ ਵਿਚ 47 ਗੁਰੀਲੇ ਮਾਰੇ ਗਏ।

ਪ੍ਰਭਾਕਰਨ ਮੰਦਰ ਵਿਚ

ਤਾਮਿਲ ਗੁਰੀਲਿਆਂ ਦਾ ਲੀਡਰ ਪ੍ਰਭਾਕਰਨ ਇਸ ਸਮੇਂ ਇਕ ਮੰਦਰ ਵਿਚ ਸ਼ਰਨ ਲੈ ਰਿਹਾ ਹੈ। ਮੰਦਰਾਂ ਵਿਚ ਸ਼ਰਨਾਰਥੀਆਂ ਦੀ ਗਿਣਤੀ ਤਿੰਨ ਲੱਖ ਤੋਂ ਵਧੇਰੇ ਹੈ। ਬੀ. ਬੀ. ਸੀ. ਅਨੁਸਾਰ ਭਾਰਤੀ ਫੌਜ ਵਲੋਂ ਚਲਾਏ ਗਏ ਗੋਲਿਆਂ ਨਾਲ ਇਕ ਮੰਦਰ ਦਾ ਵੀ ਨੁਕਸਾਨ ਹੋਇਆ ਹੈ ਤੇ ਇਕ ਹਸਪਤਾਲ ਦਾ ਵੀ।

ਸਮੁੰਦਰੀ ਜਹਾਜ਼ ਰਵਾਨਾ

ਭਾਰਤ ਵਲੋਂ 'ਗਲੋਰੀ' ਨਾਂ ਦਾ ਇਕ ਜਹਾਜ਼ 630 ਟਨ ਖੁਰਾਕ, ਦਵਾਈਆਂ ਤੇ ਜ਼ਰੂਰੀ ਵਸਤੂਆਂ ਲੈ ਕੇ ਜ਼ਾਫਨਾ ਲਈ ਰਵਾਨਾ ਹੋ ਗਿਆ ਹੈ। ਰੈਡ ਕਰਾਸ ਦੀ ਟੀਮ ਵੀ ਇਸੇ ਸਮੁੰਦਰੀ ਜਹਾਜ਼ ਉਤੇ ਜਾ ਰਹੀ ਹੈ।

ਹਥਿਆਰ ਸੁਟਣ ਵਾਲਿਆਂ ਨੂੰ ਮੁਆਫੀ

ਭਾਰਤੀ ਫੌਜ ਦੇ ਇਕ ਬੁਲਾਰੇ ਨੇ ਕਿਹਾ ਕਿ ਤਾਮਿਲ ਗੁਰੀਲੇ ਜੋ ਹਥਿਆਰ ਸੁੱਟ ਰਹੇ ਹਨ ਉਨ੍ਹਾਂ ਨੂੰ ਆਮ ਮੁਆਫੀ ਦਿਤੀ ਜਾ ਰਹੀ ਹੈ। ਖਬਰਾਂ ਅਨੁਸਾਰ ਪੰਜ ਇਲਾਕੇ ਅਜਿਹੇ ਹਨ ਜਿਥੇ ਤਾਮਿਲ ਗੁਰੀਲਿਆਂ ਦਾ ਹੱਥ ਅਜੇ ਵੀ ਉਤੇ ਹੈ ਅਤੇ ਫੌਜ ਨੂੰ ਹੈਲੀਕਾਪਟਰਾਂ ਰਾਹੀਂ ਹਥਿਆਰ ਸੁੱਟੇ ਜਾ ਰਹੇ ਹਨ।

ਸਮਝੌਤੇ ਦੀ ਉਲੰਘਣਾ

ਭਾਰਤੀ ਫੌਜ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਸ੍ਰੀ ਲੰਕਾ ਦੀ ਏਕਤਾ ਬਚਾਉਣ ਲਈ ਇਹ ਕਦਮ ਪੁੱਟ ਰਿਹਾ ਹੈ। ਉਸਨੇ ਕਿਹਾ ਕਿ ਸਮਝੌਤੇ ਅਨੁਸਾਰ ਤਾਮਿਲ ਟਾਈਗਰਾਂ ਨੇ ਹਥਿਆਰ ਸੁੱਟ ਦੇਣ ਦਾ ਵਾਅਦਾ ਕੀਤਾ ਸੀ ਪਰ ਉਨ੍ਹਾਂ ਉਹ ਵਾਅਦਾ ਨਹੀਂ ਨਿਭਾਇਆ ਸਗੋਂ ਭਾਰਤੀ ਫੌਜ ਨਾਲ ਟੱਕਰ ਲੈ ਗਈ। ਫੌਜ ਦੇ ਮੁਖੀ ਜਤਿੰਦਰ ਸਿੰਘ ਨੇ ਕਿਹਾ ਕਿ ਲੜਾਈ ਆਖਰੀ ਦੌਰ ਵਿਚ ਪੁੱਜ ਗਈ ਹੈ ਤੇ ਕੁਝ ਦਿਨਾਂ ਅੰਦਰ ਹੀ ਤਾਮਿਲ ਟਾਈਗਰਾਂ ਕੋਲੋਂ ਹਥਿਆਰ ਸੁਟਵਾ ਲਏ ਜਾਣਗੇ।

ਧਾਰਮਿਕ ਜਜ਼ਬਾਤ ਭੜਕਾਉਣੇ ਘਾਤਕ ਹਨ — ਚੰਦਰਸ਼ੇਖਰ

ਨਵੀਂ ਦਿੱਲੀ — ਬੀ. ਬੀ. ਸੀ. ਨਾਲ ਇਕ ਮੁਲਾਕਾਤ ਵਿਚ ਜਨਤਾ ਪਾਰਟੀ ਦੇ ਪ੍ਰਧਾਨ ਚੰਦਰਸ਼ੇਖਰ ਨੇ ਕਿਹਾ ਕਿ ਕਿਸੇ ਵੀ ਕਮਿਊਨਿਟੀ ਦੇ ਧਾਰਮਿਕ ਜਜ਼ਬਾਤ ਭੜਕਾਉਣੇ ਦੇਸ਼ ਲਈ ਘਾਤਕ ਸਿਧ ਹੋ ਸਕਦੇ ਹਨ। ਉਨ੍ਹਾਂ ਬਾਬਰੀ ਮਸਜਿਦ ਝਗੜਾ ਖੜਾ ਕਰਨ ਵਾਲੇ ਦੋਵਾਂ ਹਿੰਦੂ ਤੇ ਮੁਸਲਮਾਨ ਫਿਰਕਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮੰਦਰਾਂ ਤੇ ਮਸੀਤਾਂ ਦੇ ਝਗੜੇ ਖੜ੍ਹੇ ਕਰਨੇ ਦੇਸ਼ ਦੇ ਹਿੱਤ ਵਿਚ ਨਹੀਂ ਹਨ। ਉਨ੍ਹਾਂ ਕਿਹਾ ਕੁਝ ਲੋਕ ਧਰਮ ਤੇ ਰਾਜਨੀਤੀ ਨੂੰ ਰਲਗੱਡ ਕਰਨਾ ਚਾਹੁੰਦੇ ਹਨ ਜੋ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ।

ਯਾਦ ਰਹੇ ਕਿ ਐਤਵਾਰ ਨੂੰ ਹੋਈ ਇਪਾਨਾ ਦੀ ਕਾਨਫਰੰਸ ਵਿਚ ਜਨਤਾ ਪਾਰਟੀ ਦੇ ਹੀ ਪਾਰਲੀਮੈਂਟ ਮੈਂਬਰ ਸ਼ਹਾਬੁਦੀਨ ਨੇ ਕਿਹਾ ਕਿ ਧਰਮ ਤੇ ਰਾਜਨੀਤੀ ਵੱਖ ਨਹੀਂ ਕੀਤੇ ਜਾ ਸਕਦੇ।

ਰਾਜਧਾਨੀ ਬਦਲਣ ਦੇ ਸੁਆਲ 'ਤੇ ਆਸਾਮ ਵਿਚ ਆਮ ਹੜਤਾਲ

ਸ਼ਿਲਾਂਗ — ਆਸਾਮ ਵਿਚ ਸਰਕਾਰ ਚਲਾ ਰਹੀ ਆਸਾਮ ਗਨ ਪ੍ਰੀਸ਼ਦ ਵਿਚ ਫੁੱਟ ਦੀਆਂ ਖਬਰਾਂ ਸੱਚੀਆਂ ਸਾਬਤ ਹੋ ਗਈਆਂ ਜਦ ਇਸ ਦੇ ਵਿਦਿਆਰਥੀ ਵਿੰਗ ਨੇ ਰਾਜਧਾਨੀ ਬਦਲਣ ਦੇ ਸਵਾਲ ਉਤੇ ਸਾਰੇ ਸੂਬੇ ਆਮ ਹੜਤਾਲ ਦਾ ਸੱਦਾ ਦੇ ਦਿੱਤਾ। ਰੇਲ ਗੱਡੀਆਂ, ਬੱਸਾਂ ਤੇ ਹੋਰ ਸਾਰਾ ਟਰੈਫਿਕ ਸੋਮਵਾਰ ਦੇ ਪੂਰੇ ਦਿਨ ਜਾਮ ਰਿਹਾ।

ਦੇਵੀ ਲਾਲ ਲੋਕ ਦਲ ਦੇ ਪ੍ਰਧਾਨ ਬਣਨਗੇ

ਨਵੀਂ ਦਿੱਲੀ — ਹਰਿਆਣੇ ਦੇ ਮੁਖ ਮੰਤਰੀ ਚੌਧਰੀ ਦੇਵੀ ਲਾਲ ਲੋਕ ਦਲ (ਬ) ਦੇ ਵਰਤਮਾਨ ਪ੍ਰਧਾਨ ਸ੍ਰੀ ਹੇਮਵਤੀ ਨੰਦਨ ਬਹੂਗੁਣਾਂ ਦੀ ਥਾਂ ਪਾਰਟੀ ਦੇ ਨਵੇਂ ਪ੍ਰਧਾਨ ਹੋਣਗੇ। ਪਾਰਟੀ ਦੇ ਸੂਤਰਾਂ ਅਨੁਸਾਰ ਉਤਰ ਪ੍ਰਦੇਸ਼, ਬਿਹਾਰ ਤੇ ਰਾਜਿਸਥਾਨ ਸਮੇਤ ਹੋਰ ਰਾਜਾਂ ਦੇ ਪਾਰਟੀ ਯੂਨਿਟ ਸ੍ਰੀ ਦੇਵੀ ਲਾਲ ਨੂੰ ਪਾਰਟੀ ਦਾ ਪ੍ਰਧਾਨ ਬਣਾਉਣ ਲਈ ਜ਼ੋਰ ਦੇ ਰਹੇ ਹਨ। ਸ੍ਰੀ ਬਹੂਗੁਣਾ ਨੇ ਲੋਕ ਹਿਤਾਂ ਨੂੰ ਧਿਆਨ ਵਿਚ ਰੱਖਕੇ ਪਾਰਟੀ ਦੀ ਪ੍ਰਧਾਨਗੀ ਛਡਣ ਦਾ ਐਲਾਨ ਕੀਤਾ ਹੈ। ਮੁਖ ਮੰਤਰੀ ਦੇ ਨਾਤੇ ਚੌਧਰੀ ਦੇਵੀ ਲਾਲ ਨੇ ਰਾਸ਼ਟਰੀ ਪੱਧਰ ਦੇ ਮਾਮਲਿਆਂ ਤੇ ਵਿਚਾਰ ਸ਼ੁਰੂ ਕਰ ਦਿੱਤਾ ਹੈ।

ਅਤਿਵਾਦੀਆਂ ਹੱਥੋਂ ਇਕ ਜ਼ਖਮੀ

ਅੰਮ੍ਰਿਤਸਰ — ਬਹਾਦਰ ਨਗਰ ਵਿਚ ਅਤਿਵਾਦੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਇਕ ਆਦਮੀ ਰਾਜਿੰਦਰ ਸਿੰਘ ਨੂੰ ਜ਼ਖਮੀ ਕਰ ਦਿੱਤਾ ਉਸਨੂੰ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ।

ਸਾਬਕਾ ਗਵਰਨਰ ਰਾਸ਼ਟਰ-ਪਤੀ ਬਣਨ ਲਈ ਤਿਆਰ

ਸੂਵਾ — ਫੀਜੀ ਦੇ ਸਾਬਕਾ ਗਵਰਨਰ-ਜਨਰਲ ਰਾਤੂ ਸਰ ਪੇਨੀਆ ਗਾਨੀਲਾਊ ਨੇ ਕਿਹਾ ਹੈ ਕਿ ਉਹ ਫੀਜੀ ਦਾ ਰਾਸ਼ਟਰਪਤੀ ਬਣਨ ਲਈ ਤਿਆਰ ਹੈ ਜੇਕਰ ਰੂਬੂਕਾ ਦੀ ਫੌਜੀ ਸਰਕਾਰ ਲੋਕਾਂ ਤੋਂ ਵੋਟਾਂ ਕਰਾਕੇ ਵਿਧਾਨ ਦੀ ਤਬਦੀਲੀ ਕਰੇ ਅਤੇ ਇਹ ਵਿਧਾਨ ਕਾਮਨਵੈਲਥ ਦੇਸ਼ਾਂ ਨੂੰ ਮਨਜ਼ੂਰ ਹੋਵੇ। ਇਸ ਤੋਂ ਪਹਿਲਾਂ ਸਾਬਕਾ ਗਵਰਨਰ ਜਨਰਲ ਰੂਬ੍ਰਾ ਦੀ ਪੇਸ਼ਕਸ਼ ਦੋ ਵਾਰ ਠੁਕਰਾ ਦਿੱਤੀ ਸੀ।

ਯਾਦ ਰਹੇ ਕਿ ਵੈਨਕੂਵਰ ਵਿਚ ਪਿਛਲੇ ਹਫਤੇ ਖਤਮ ਹੋਈ ਕਾਮਨਵੈਲਥ ਕਾਨਫਰੰਸ ਸਮੇਂ ਫੀਜੀ ਨੂੰ ਕਾਮਨਵੈਲਥ ਵਿਚੋਂ ਕੱਢ ਦਿੱਤਾ ਗਿਆ ਹੈ। ਭਾਰਤ ਦੇ ਆਸਟਰੇਲੀਆ ਨੇ ਕਿਹਾ ਹੈ ਕਿ ਜਿਨਾ ਚਿਰ ਤੱਕ ਫੀਜੀ ਵਿਚ ਜਮਹੂਰੀ ਸਰਕਾਰ ਨੂੰ ਪ੍ਰਬੰਧ ਨਹੀਂ ਸੰਭਾਲਿਆ ਜਾਂਦਾ ਉਨਾ ਚਿਰ ਫੀਜੀ ਨੂੰ ਮੁੜ ਕਾਮਨਵੈਲਥ ਦਾ ਮੈਂਬਰ ਨਹੀਂ ਲਿਆ ਜਾਵੇਗਾ।

ਨਾਲ ਹੀ ਆਸਟਰੇਲੀਆ ਨੇ ਐਲਾਨ ਕੀਤਾ ਹੈ ਕਿ 1 ਨਵੰਬਰ ਤੋਂ ਆਸਟਰੇਲੀਆ ਵਿਚੋਂ ਫੀਜੀ ਲਈ ਹਵਾਈ ਉਡਾਣਾਂ ਬੰਦ ਕੀਤੀਆਂ ਜਾ ਰਹੀਆਂ ਹਨ।

ਬੰਗਲਾ ਦੇਸ਼ ਵਿਚ ਮਜ਼ਦੂਰ ਹੜਤਾਲ ਹਿੰਸਾ ਵਿਚ 12 ਜ਼ਖਮੀ

ਢਾਕਾ — ਬੰਗਲਾ ਦੇਸ਼ ਦੀਆਂ ਦੋ ਵੱਡੀਆਂ ਮਜ਼ਦੂਰ ਜਥੇਬੰਦੀਆਂ ਨੇ ਸਾਰੇ ਦੇਸ਼ ਵਿਚ ਪਹੀਆ ਜਾਮ ਕਰ ਦਿੱਤਾ। ਸਰਕਾਰ ਵਲੋਂ ਰੱਖੇ ਗਏ ਬੰਦਿਆਂ ਨੇ ਹੜਤਾਲ ਤੁੜਵਾਉਣ ਦੀ ਕੋਸ਼ਿਸ਼ ਕੀਤੀ ਤਾਂ ਹਿੰਸਾ ਹੋਣ ਨਾਲ 12 ਮਜ਼ਦੂਰ ਜ਼ਖਮੀ ਹੋਣ ਦੀ ਖਬਰ ਹੈ ਜਿਨ੍ਹਾਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ। ਇਹ ਹੜਤਾਲ ਤੀਹ ਲੱਖ ਮਜ਼ਦੂਰਾਂ ਵਲੋਂ ਕੀਤੀ ਗਈ ਹੈ।

ਮਜ਼ਦੂਰ ਵੱਧ ਉਜਰਤਾਂ ਦੀ ਮੰਗ ਕਰ ਰਹੇ ਹਨ।

ਪੰਨਾ 1 ਦੀ ਬਾਕੀ

ਜਸਵੰਤ ਸਿੰਘ ਤੇ ਜਥੇਦਾਰ ਕਸ਼ਮੀਰਾ ਸਿੰਘ ਨੇ ਅਖੌਤੀ ਪੰਥਕ ਕਮੇਟੀ ਦੀ ਪਿੱਠ ਠੋਕੀ ਸੀ ਤੇ ਕਿਹਾ ਸੀ ਕਿ ਉਹ ਪ੍ਰੋ: ਦਰਸ਼ਨ ਸਿੰਘ ਵਿਰੁੱਧ ਐਕਸ਼ਨ ਲੈਣਗੇ। ਪ੍ਰੋ: ਦਰਸ਼ਨ ਸਿੰਘ ਨੇ ਅਖੌਤੀ ਪੰਥਕ ਕਮੇਟੀ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਉਹ "ਖੂਨ ਦੀ ਪਿਆਸੀ' ਤੇ 'ਪੰਥ ਦੁਸ਼ਮਣ' ਹੈ। ਪ੍ਰੋ: ਦਰਸ਼ਨ ਸਿੰਘ ਨੇ ਦੋਸ਼ ਲਾਇਆ ਸੀ ਕਿ ਪੰਥਕ ਕਮੇਟੀ ਦੇ ਮੈਂਬਰ ਸਿੱਖੀ ਦੇ ਨਕਾਬ ਵਿਚਲੇ ਪੰਥ ਨੂੰ ਖਾਨਾਜੰਗੀ ਰਾਹੀਂ ਤਬਾਹ ਕਰਨ ਉਤੇ ਤੁਲੇ ਹੋਏ ਹਨ ਅਤੇ ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਪਵਿੱਤਰਤਾ ਭੰਗ ਕਰ ਰਹੇ ਹਨ। ਪ੍ਰੋ: ਦਰਸ਼ਨ ਸਿੰਘ ਨੇ ਇਹ ਵੀ ਦੋਸ਼ ਲਾਇਆ ਕਿ ਪੰਥ ਦੀਆਂ ਧਾਰਮਿਕ ਪਰੰਪਰਾਵਾਂ ਨੂੰ ਇਹ ਅਖੌਤੀ ਕਮੇਟੀ ਖਤਮ ਕਰ ਰਹੀ ਹੈ। ਯਾਦ ਰਹੇ ਕਿ ਗਿਆਨੀ ਪੂਰਨ ਸਿੰਘ ਨੇ ਆਪਣਾ ਨਾਤਾ ਦੂਜੇ ਤਿੰਨਾਂ ਜਥੇਦਾਰਾਂ ਨਾਲੋਂ ਪਹਿਲਾਂ ਹੀ ਤੋੜ ਲਿਆ ਹੋਇਆ ਹੈ।

ਸਕੂਲ, ਕਾਲਜ ਬੰਦ

ਤਿੰਨ ਦਿਨ ਲਈ ਪੰਜਾਬ ਦੇ ਸਾਰੇ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਗਏ ਹਨ।

ਪਾਕਿਸਤਾਨ ਵਿਚ ਹਾਦਸੇ ਕਾਰਨ 50 ਮੌਤਾਂ

ਮੋਰੋ (ਪਾਕਿਸਤਾਨ) — ਰੇਲਵੇ ਦੀ ਇਕ ਕਰਾਸਿੰਗ ਉਤੇ ਬੱਸ ਅਤੇ ਰੇਲਗੱਡੀ ਵਿਚਕਾਰ ਟੱਕਰ ਹੋ ਜਾਣ ਨਾਲ ਪੰਜਾਹ ਮੌਤਾਂ ਕੱਲ੍ਹ ਇਥੇ ਹੋਈਆਂ। ਖਬਰਾਂ ਅਨੁਸਾਰ ਬੱਸ ਖਚਾ ਖਚ ਭਰੀ ਹੋਈ ਸੀ।

ਰੇਲਗੱਡੀ ਬੱਸ ਨੂੰ 50 ਮੀਟਰ ਤੱਕ ਖਿੱਚ ਕੇ ਲੈ ਗਈ ਅਤੇ ਲਾਸ਼ਾਂ ਰੇਲਵੇ ਟਰੈਕ ਉਤੇ ਖਿੰਡ ਗਈਆਂ। ਮੌਕੇ ਉਤੇ ਹਾਜ਼ਰ ਵਿਅਕਤੀਆਂ ਅਨੁਸਾਰ ਡਿਊਟੀ ਵਾਲੇ ਬੰਦੇ ਨੇ ਕਰਾਸਿੰਗ ਦਾ ਗੇਟ ਬੰਦ ਨਹੀਂ ਕੀਤਾ ਹੋਇਆ ਸੀ। ਟੱਕਰ ਹੋਣ ਸਮੇਂ ਉਹ ਵਿਅਕਤੀ ਭੱਜਿਆ ਜਾਂਦਾ ਲੋਕਾਂ ਵਲੋਂ ਦੇਖਿਆ ਗਿਆ।

ਰਾਜੀਵ ਦਾ ਅਮਰੀਕਾ ਦਾ ਦੌਰਾ ਖਤਮ

ਯੂ. ਐਨ. ਓ. ਵਿਚ ਭਾਸ਼ਨ

ਵਾਸ਼ਿੰਗਟਨ — ਕਾਮਨਵੈਲਥ ਕਾਨਫਰੰਸ ਦੀ ਸਮਾਪਤੀ ਤੋਂ ਪਿਛੋਂ ਐਤਵਾਰ ਸਵੇਰੇ ਪੰਜ ਵਜੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੈਨਕੂਵਰ ਹਵਾਈ ਅੱਡੇ ਤੋਂ ਬੋਸਟਨ ਲਈ ਰਵਾਨਾ ਹੋਏ ਜਿਥੇ ਉਨ੍ਹਾਂ ਹਾਰਵਰਡ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਅੱਗੇ 'ਭਾਰਤ ਅਤੇ ਜਮਹੂਰੀਅਤ' ਵਿਸ਼ੇ ਉਤੇ ਆਪਣਾ ਭਾਸ਼ਨ ਦਿੱਤਾ।

19 ਅਕਤੂਬਰ ਦੀ ਰਾਤ ਨੂੰ ਉਨ੍ਹਾਂ ਯੂ. ਐਨ. ਓ. ਵਿਚ ਆਪਣਾ ਭਾਸ਼ਨ 'ਸਾਡਾ ਸਾਂਝਾ ਭਵਿੱਖ' ਦਿੰਦਿਆਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਵਾਤਾਵਰਨ ਨੂੰ ਸੁਧਾਰਨ ਲਈ ਦੋਵਾਂ ਵੱਡੀਆਂ ਤਾਕਤਾਂ ਨੂੰ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਚਰਨਾਵਾਲ ਤੇ ਭੂਪਾਲ ਵਰਗੇ ਕਾਂਡ ਤਾਂ ਹੀ ਖਤਮ ਹੋ ਸਕਦੇ ਹਨ ਜੇ ਸੇਫਟੀ ਲਈ ਕਦਮ ਚੁਕੇ ਜਾਣ।

20 ਅਕਤੂਬਰ ਨੂੰ ਰਾਜੀਵ ਗਾਂਧੀ ਨੇ ਅਮਰੀਕੀ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ।

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਰਾਜੀਵ ਤੇ ਅਸਥਿਰਤਾ ਸਿਧਾਂਤ ਦੀ ਅਸਲੀਅਤ

—ਸੁਖਦੇਵ ਸਿੰਘ ਪਟਵਾਰੀ

ਕਾਂਗਰਸ ਪਾਰਟੀ ਤੇ ਇਸ ਦੇ ਪ੍ਰਧਾਨ ਰਾਜੀਵ ਗਾਂਧੀ ਨੇ ਅੱਜ ਕੱਲ੍ਹ ਹਰੇਕ ਵਰਤਾਰੇ ਨੂੰ ਦੇਖਣ ਦਾ ਇਕ ਅਜੀਬ ਨਜ਼ਰੀਆ ਅਪਣਾਇਆ ਹੋਇਆ ਹੈ। ਗੱਲ ਭਾਵੇਂ ਕੋਈ ਵੀ ਹੋਵੇ, ਕਾਂਗਰਸ ਨੂੰ ਜ਼ਰੂਰ ਉਸ ਗੱਲ 'ਚੋਂ "ਬਦੇਸ਼ੀ ਤਾਕਤਾਂ" ਦੀ ਸ਼ਹਿ 'ਤੇ ਅੰਦਰੂਨੀ ਤਾਕਤਾਂ ਵਲੋਂ ਦੇਸ਼ ਨੂੰ "ਅਸਥਿਰ ਕਰਨ" ਦੀ ਸਾਜ਼ਸ਼ ਨਜ਼ਰ ਆਉਣ ਲੱਗ ਜਾਂਦੀ ਹੈ। ਕੋਈ ਕਾਂਗਰਸੀ ਜੇ ਅੱਜ ਕੱਲ੍ਹ ਤਿਲਕ ਕੇ ਚਿੱਕੜ ਵਿਚ ਵੀ ਡਿੱਗ ਪਵੇ ਤਾਂ ਸ਼ਾਇਦ ਉਹ ਆਪਣੀ ਸ਼ਰਮਸਾਰੀ ਨੂੰ ਲੁਕੋਣ ਲਈ ਉਸ ਨੂੰ ਡੇਗਣ ਪਿਛੇ "ਬਦੇਸ਼ੀ ਹੱਥ" ਦੀ ਕਹਾਣੀ ਹੀ ਦੱਸੇਗਾ। "ਬਦੇਸ਼ੀ ਹੱਥ" ਦਾ ਸਿਧਾਂਤ ਕਾਂਗਰਸੀਆਂ ਨੂੰ ਅਜਿਹੀ ਸੰਜੀਵਨੀ ਮਿਲ ਗਈ ਲਗਦੀ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਹਰੇਕ ਮਰਜ਼ ਦਾ ਇਲਾਜ਼ ਕਰਨ ਵਾਲੇ ਵੈਦ ਸਮਝਦੇ ਹਨ। ਇਸ ਗੱਲ ਨੂੰ ਅੱਜ ਕੱਲ੍ਹ ਕਾਂਗਰਸ ਕਿਉਂ ਜ਼ੋਰ ਸ਼ੋਰ ਨਾਲ ਪ੍ਰਚਾਰ ਰਹੀ ਹੈ? ਇਸ ਪਿੱਛੇ ਉਸ ਦਾ ਇਕ ਵਿਸ਼ੇਸ਼ ਮਕਸਦ ਹੈ। ਹਿਟਲਰ ਦੇ ਬਦੇਸ਼ ਮੰਤਰੀ ਗੋਬਲਜ਼ ਦੀ ਨਕਲ ਕਰਦਿਆਂ ਅੱਜ ਕਾਂਗਰਸੀ ਇਸ ਸਿਧਾਂਤ ਉਪਰ ਚਲ ਰਹੇ ਹਨ ਕਿ ਜੇ ਕਿਸੇ ਝੂਠ ਨੂੰ ਸੌ ਵਾਰ ਪ੍ਰਚਾਰਿਆ ਜਾਵੇ ਤਾਂ ਲੋਕ ਉਸ ਨੂੰ ਸੱਚ ਮੰਨ ਲੈਂਦੇ ਹਨ। ਕਾਂਗਰਸੀ ਵੀ ਅੱਜ ਕੱਲ੍ਹ ਇਸ ਸਿਧਾਂਤ ਨੂੰ ਦੁਬਾਰਾ ਸਥਾਪਤ ਕਰਨ ਵੱਲ ਉਤਸੁਕ ਲੱਗ ਰਹੇ ਹਨ। ਅੱਜ ਹਰੇਕ ਸਮਝਦਾਰ ਮਨੁੱਖ ਦੇ ਦਿਮਾਗ 'ਚ ਇਸ ਗੱਲ ਪ੍ਰਤੀ ਸਵਾਲ ਖੜ੍ਹੇ ਹਨ ਕਿ ਆਖਰ ਕਾਂਗਰਸ ਪਾਰਟੀ ਨੇ ਇਹ ਨੀਤੀ ਕਿਉਂ ਅਪਣਾਈ ਹੈ? ਇਸ ਪਿੱਛੇ ਇਸ ਦਾ ਕੀ ਮਕਸਦ ਹੈ? ਜੇ ਇਸ ਗੱਲ ਦਾ ਥਹੁ ਪਾ ਲਿਆ ਜਾਵੇ ਤਦ ਹੀ ਇਹ ਗੱਲ ਸਮਝ ਆ ਸਕਦੀ ਹੈ ਕਿ ਕਾਂਗਰਸੀ ਇੰਜ ਕਿਉਂ ਕਰ ਰਹੇ ਹਨ।

ਵਾਅਦਿਆਂ ਦੀ ਲੜੀ

1985 'ਚ ਜਦੋਂ ਰਾਜੀਵ ਗਾਂਧੀ ਨੇ ਚੋਣਾਂ ਜਿੱਤੀਆਂ ਸਨ ਤਾਂ ਉਸ ਸਮੇਂ ਉਸ ਕੋਲ ਸਭ ਤੋਂ ਵੱਡਾ ਹਥਿਆਰ ਸਿੱਖਾਂ ਨੂੰ ਵੱਖਵਾਦੀ ਤੇ ਅਤਿਵਾਦੀ ਅਤੇ ਦੇਸ਼ ਨੂੰ ਟੋਟੇ ਟੋਟੇ ਕਰਨ ਵਾਲੀ ਸ਼ਕਤੀ ਦੱਸਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਮੁਦਈ ਵਜੋਂ ਕਾਂਗਰਸ ਨੂੰ ਪੇਸ਼ ਕਰਨਾ ਸੀ। ਮਜ਼ਬੂਤ ਕੇਂਦਰ ਦੀ ਲੋੜ ਉਪਰ ਜ਼ੋਰ ਦਿੱਤਾ ਗਿਆ ਸੀ। ਦੂਜਾ ਮੁੱਦਾ ਲੋਕਾਂ ਨਾਲ ਵਾਅਦਿਆਂ ਦਾ ਸੀ ਕਿ ਜਦੋਂ ਅਜਿਹਾ ਮਜ਼ਬੂਤ ਕੇਂਦਰ ਹੋਂਦ 'ਚ ਆ ਗਿਆ ਤਾਂ ਇਕ ਹੱਥ ਇਹ ਅਤਿਵਾਦੀ ਤੇ ਵੱਖਵਾਦੀ ਤਾਕਤਾਂ ਨਾਲ ਨਜਿੱਠਦਿਆਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖੇਗਾ ਤੇ ਦੂਜੇ ਹੱਥ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਛੁਟਕਾਰਾ ਦਿਵਾ ਕੇ "ਸਾਫ ਸੁਥਰਾ ਪ੍ਰਸ਼ਾਸਨ" ਦਿੱਤਾ ਜਾਵੇਗਾ।

ਵਾਅਦਿਆਂ ਦੀ ਲੜੀ ਜਾਰੀ ਰੱਖਦਿਆਂ ਕਾਂਗਰਸ ਨੇ ਸਾਫ ਸੁਥਰਾ ਪ੍ਰਸ਼ਾਸਨ ਦੇਣ ਦੀ ਗੱਲ ਕਰੀ ਸੀ ਪਰ ਕੇਂਦਰ ਵਿਚ ਬੋਫੋਰਜ਼ ਕੇਸ, ਫੇਅਰਫੈਕਸ ਕੇਸ, ਜਰਮਨ ਪਣਡੁੱਬੀਆਂ ਦੇ ਮਾਮਲੇ 'ਚ ਕਰੋੜਾਂ ਰੁਪਏ ਦੇ ਕਮਿਸ਼ਨ ਦੇ ਸਾਹਮਣੇ ਆਉਣ ਨਾਲ ਅਤੇ ਕਸੂਰਵਾਰਾਂ ਨੂੰ ਸਜ਼ਾ ਦੇਣ ਦੀ ਥਾਂ ਕਾਂਗਰਸ ਵਲੋਂ ਉਨ੍ਹਾਂ ਨੂੰ ਬਚਾਉਣ ਲਈ ਵਰਤੇ ਜਾ ਰਹੇ ਢੰਗ ਤਰੀਕਿਆਂ ਨਾਲ 'ਮਿਸਟਰ ਕਲੀਨ' ਦਾ ਚਿਹਰਾ ਅੱਜ ਭੱਦਾ ਪੈ ਗਿਆ ਹੈ। ਸਵਿਸ ਬੈਂਕਾਂ 'ਚ ਲਗਪਗ 1300 ਕਰੋੜ ਰੁਪਏ ਦਾ ਭਾਰਤੀ ਧਨ ਜਮ੍ਹਾਂ ਕਰਵਾਉਣ ਵਾਲਿਆਂ 'ਚ ਵੀ ਰਾਜੀਵ ਦੀ ਨੇੜਲੀ ਜੁੰਡਲੀ ਦੱਸੀ ਜਾ ਰਹੀ ਹੈ ਜਿਸ ਨੂੰ ਬਚਾਉਣ ਲਈ ਉਹ ਹਰ ਹਰਬੇ ਵਰਤ ਰਿਹਾ ਹੈ। ਇਸ ਤੋਂ ਬਿਨਾਂ ਪੰਜਾਬ ਸਮਝੌਤਾ, ਅਸਾਮ ਸਮਝੌਤਾ ਤੇ ਲਾਲਡੇਂਗਾ ਨਾਲ ਕੀਤਾ ਸਮਝੌਤਾ ਵੀ ਦਮ ਤੋੜ ਚੁਕਾ ਹੈ। ਪਰ ਉਸ ਵਲੋਂ ਸਮਝੌਤਾ ਲਾਗੂ ਕਰਨ ਬਾਰੇ ਦਿਨ ਰਾਤ ਬਦਲਵੇਂ ਤੇ ਝੂਠੇ ਬਿਆਨਾਂ ਨੇ ਵੀ 'ਮਿਸਟਰ ਕਲੀਨ' ਦੇ ਅਕਸ ਨੂੰ ਧੁੰਦਲਾ ਕਰ ਦਿੱਤਾ ਹੈ।

ਚੋਣਾਂ ਤੋਂ ਪਹਿਲਾਂ ਦੇਸ਼ ਦੇ ਪਛੜੇ ਹਿਸਿਆਂ ਦੇ ਦੌਰੇ ਕਰਕੇ ਤੇ ਦੋ ਚਾਰ ਥਾਵਾਂ 'ਤੇ ਲੋਕਾਂ ਨਾਲ ਉਨ੍ਹਾਂ ਦੇ ਸਥਾਨਕ ਪਹਿਰਾਵੇ ਵਿਚ ਗੱਲਾਂ ਕਰਕੇ ਆਪਣੇ ਆਪ ਨੂੰ ਗਰੀਬਾਂ ਦੇ ਹਾਮੀ ਵਜੋਂ ਪੇਸ਼ ਕਰਨ ਅਤੇ ਟੀ ਵੀ ਅਤੇ ਹੋਰ ਪ੍ਰਚਾਰ ਸਾਧਨਾਂ ਰਾਹੀਂ ਸਸਤੀ ਸ਼ੁਹਰਤ ਲੈ ਕੇ ਅੱਜ ਰਾਜੀਵ ਉਨ੍ਹਾਂ ਲੋਕਾਂ ਨੂੰ, ਉਨ੍ਹਾਂ ਦੀ ਹਾਲਤ ਨੂੰ ਭੁੱਲ ਚੁਕਾ ਹੈ। ਗਰੀਬੀ ਦੂਰ ਕਰਨ ਦੀ ਥਾਂ ਅੱਜ 'ਮਿਸਟਰ ਕਲੀਨ' ਉਨ੍ਹਾਂ ਲੋਕਾਂ ਨੂੰ ਦੂਰ ਕਰਨ ਦੇ ਰਾਹ 'ਤੇ ਚਲ ਰਹੇ ਹਨ ਅਤੇ ਬਦੇਸ਼ੀ ਤੇ ਦੇਸੀ ਅਜਾਰੇਦਾਰਾਂ ਦਾ ਢਿੱਡ ਭਰਨ ਲੱਗੇ ਹੋਏ ਹਨ। ਲੋਕਾਂ ਲਈ ਉਨ੍ਹਾਂ ਦੀਆਂ ਵਰਤੋਂ ਯੋਗ ਚੀਜ਼ਾਂ ਦੀ ਵੱਡੇ ਪੱਧਰ ਉਪਰ ਪੈਦਾਵਾਰ ਕਰ ਕੇ ਉਨ੍ਹਾਂ 'ਚ ਸਸਤੀ ਦਰਾਂ 'ਤੇ ਵੰਡਣ ਤੇ ਉਨ੍ਹਾਂ ਨੂੰ ਟੈਕਸਾਂ ਤੋਂ ਛੋਟ ਦੇਣ ਦੀਆਂ ਗੱਲਾਂ ਹੁਣ ਬੀਤੇ ਸਮੇਂ ਦੀ ਗੱਲ ਬਣ ਗਈਆਂ ਹਨ। ਵਪਾਰੀਆਂ ਨਾਲ ਮੰਡੀ ਦੇ ਫੈਲਾਅ ਦੇ ਵਾਅਦੇ ਵੀ ਉਲਟਾ ਰੂਪ ਅਖਤਿਆਰ ਕਰ ਰਹੇ ਹਨ ਅਤੇ ਮੰਡੀ ਫੈਲਣ ਦੀ ਬਜਾਏ ਖਰੀਦ ਸ਼ਕਤੀ ਸੁੰਗੜਨ ਨਾਲ ਸੁੰਗੜਦੀ ਜਾ ਰਹੀ ਹੈ। ਮੁੱਦਰਾ ਪਸਾਰ ਲਗਾਤਾਰ ਵਧ ਰਿਹਾ ਹੈ। ਸਿੱਟੇ ਵਜੋਂ ਕੀਮਤਾਂ ਵੱਧ ਰਹੀਆਂ ਹਨ। ਲੋਕਾਂ ਦੀ ਅਸਲ ਆਮਦਨ ਘਟ ਰਹੀ ਹੈ। ਦੇਸ਼ ਵਿਚ ਲਗਪਗ 20,000 ਸਨਅਤੀ ਅਦਾਰੇ ਬੰਦ ਹੋ ਗਏ ਹਨ ਜਿਸ ਕਰਕੇ ਚਾਰ ਤੋਂ ਛੇ ਲੱਖ ਲੋਕਾਂ ਦਾ ਰੁਜ਼ਗਾਰ ਖੁੱਸਣ ਨਾਲ ਬੇਰੁਜ਼ਗਾਰੀ ਦਾ ਦੈਂਤ ਹੋਰ ਵੱਡਾ ਹੋ ਗਿਆ ਹੈ ਬਦੇਸ਼ੀ ਕਰਜ਼ਾ ਹੋਰ ਵਧ ਰਿਹਾ ਹੈ ਅਤੇ ਅੱਜ ਕੱਲ੍ਹ ਭਾਰਤ ਨੂੰ 10,000 ਕਰੋੜ ਰੁਪਏ ਤੋਂ ਵੱਧ ਸਲਾਨਾ ਵਿਆਜ ਵਜੋਂ ਹੀ ਦੂਜੇ ਦੇਸ਼ਾਂ ਨੂੰ ਦੇਣਾ ਪੈ ਰਿਹਾ ਹੈ।

ਅਲਾਮਤਾਂ

ਪੈਦਾਵਾਰ ਦੀ ਡਿੱਗ ਰਹੀ ਦਰ, ਲੋਕਾਂ ਦੀ ਘਟ ਰਹੀ ਖਰੀਦ ਸ਼ਕਤੀ, ਮੰਡੀ ਦਾ ਸੁੰਗੜਦਾ ਜਾ ਰਿਹਾ ਘੇਰਾ, ਵਧ ਰਿਹਾ ਬੇਰੁਜ਼ਗਾਰੀ ਦਾ ਦੈਂਤ, ਕਰੋੜਾਂ ਰੁਪਏ ਦੇ ਕਮਿਸ਼ਨਾਂ ਦੇ ਸਕੈਂਡਲ, ਬਦੇਸ਼ੀ ਬੈਂਕਾਂ 'ਚ ਕਰੋੜਾਂ ਰੁਪਿਆਂ ਦੇ ਭਾਰਤੀ ਖਾਤੇ, ਕਰੋੜਾਂ ਰੁਪਏ ਰੁਪਏ ਦੀ ਟੈਕਸ ਚੋਰੀ, ਦੇਸ਼ ਦੇ ਬਜਟ ਬਰਾਬਰ ਮੁਕਾਬਲੇ 'ਤੇ ਚਲ ਰਹੀ ਕਾਲੇ ਧਨ ਦੀ ਆਰਥਿਕਤਾ, ਚੋਰ ਬਾਜ਼ਾਰੀ, ਰਿਸ਼ਵਤਖੋਰੀ ਦੀਆਂ ਅਸਮਾਨ ਛੋਂਹਦੀਆਂ ਸਿਖਰਾਂ ਤੇ ਮਹਿੰਗਾਈ ਦਾ ਵਧਣਾ, ਬਹੁ-ਕੌਮੀ ਕਾਰਪੋਰੇਸ਼ਨਾਂ ਤੇ ਅਜਾਰੇਦਾਰਾਂ ਨੂੰ ਗਰਾਂਟਾਂ ਤੇ ਰਿਆਇਤਾਂ ਦੇ ਗੱਫੇ, ਵੱਖ ਵੱਖ ਕੌਮੀਅਤਾਂ ਤੇ ਧਾਰਮਿਕ ਘੱਟ ਗਿਣਤੀਆਂ ਦੀਆਂ ਅਜਾਦੀਆਂ ਨੂੰ ਜੰਜ਼ੀਰਾਂ 'ਚ ਜਕੜ ਕੇ ਇਕੋ ਕੇਂਦਰ ਦੇ ਪੰਜੇ 'ਚ ਕਸਣਾ, ਹਿੰਦੂ ਸ਼ਾਵਨਵਾਦ ਨੂੰ ਹਵਾ ਦੇ ਕੇ ਘੱਟ ਗਿਣਤੀਆਂ 'ਚ ਪੈਦਾ ਕੀਤੀ ਅਸੁਰੱਖਿਆ ਦੀ ਭਾਵਨਾ ਅਤੇ ਇਨ੍ਹਾਂ ਦੇ ਸਿੱਟੇ ਵਜੋਂ ਲੋਕਾਂ 'ਚ ਪੈਦਾ ਹੋਈ ਬਦਜ਼ਨੀ ਆਦਿ ਅਜਿਹੀਆਂ ਅਲਾਮਤਾਂ ਹਨ ਜੋ ਦੇਸ਼ ਨੂੰ ਅਸਥਿਰ ਕਰ ਰਹੀਆਂ ਹਨ। ਬਿਨ੍ਹਾਂ ਸ਼ੱਕ ਇਹ ਬਿਮਾਰੀਆਂ ਦੇਸ਼ ਦੀ ਹਾਕਮ ਪਾਰਟੀ ਦੀਆਂ ਨੀਤੀਆਂ ਦਾ ਸਿੱਟਾ ਹਨ ਜਿਨ੍ਹਾਂ ਤੋਂ ਬਚਣ ਲਈ ਹੀ ਕਾਂਗਰਸ ਨੇ "ਸੌ ਹੱਥ ਰੱਸਾ ਸਿਰੇ 'ਤੇ ਗੰਢ" ਵਾਲੀ ਨੀਤੀ ਅਪਣਾ ਕੇ ਹਰੇਕ ਗੱਲ ਨੂੰ "ਬਦੇਸ਼ੀ ਹੱਥ" ਦੇ ਸਿਧਾਂਤ 'ਚ ਪਰੋ ਰੱਖਿਆ ਹੈ।

ਭਵ ਸਾਗਰ

ਅੱਜ ਜਦੋਂ ਵੀ ਕੋਈ ਪਾਰਟੀ ਕਾਂਗਰਸ ਦੀਆਂ ਇਨ੍ਹਾਂ ਕਮਜ਼ੋਰੀਆਂ ਖਿਲਾਫ ਲੋਕਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਕਾਂਗਰਸ ਉਸ ਉਪਰ ਬਦੇਸ਼ੀ ਹੱਥ ਦਾ ਫੱਟਾ ਲਾਉਣ ਤੋਂ ਝਿਜਕਦੀ ਨਹੀਂ। ਜੇ ਕੋਈ ਨਾਗਰਿਕ ਬੋਫੋਰਜ਼ ਕੇਸ 'ਚ ਲਏ ਪੰਜਾਹ ਕਰੋੜ ਦੇ ਕਮਿਸ਼ਨ ਬਾਰੇ ਜਾਣਕਾਰੀ ਲੈ ਕੇ ਦੋਸ਼ੀਆਂ ਨੂੰ ਫੜਨ ਦੀ ਮੰਗ ਕਰਦਾ ਹੈ, ਜੇ ਫੇਅਰਫੈਕਸ ਮਾਮਲੇ ਬਾਰੇ ਜਾਣਨਾ ਚਾਹੁੰਦਾ ਹੈ, ਜੇ ਜਰਮਨ ਪਣਡੁੱਬੀਆਂ 'ਚ 23 ਕਰੋੜ ਦੇ ਸਕੈਂਡਲਾਂ ਨੂੰ ਬੇਨਕਾਬ ਕਰਨ ਦੀ ਗੱਲ ਕਰਦਾ ਹੈ, ਜੇ ਕੋਈ ਸਵਿਸ ਬੈਂਕਾਂ 'ਚ 1300 ਕਰੋੜ ਰੁਪਏ ਦੇ ਖਾਤਿਆਂ ਦੀ ਜਾਂਚ ਦੀ ਮੰਗ ਕਰ ਕੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਦੀ ਮੰਗ ਕਰਦਾ ਹੈ, ਜੇ ਇੰਨੇ ਵੱਡੇ ਸਕੈਂਡਲਾਂ ਦੇ ਆਧਾਰ 'ਤੇ ਪ੍ਰਧਾਨ ਮੰਤਰੀ 'ਤੇ ਮੁਕੱਦਮਾ ਚਲਾਉਣ ਦੀ ਗੱਲ ਕਰਦਾ ਹੈ ਤਾਂ ਉਹ ਦੇਸ਼ ਨੂੰ, ਕਾਂਗਰਸੀਆਂ ਵਲੋਂ ਪ੍ਰਚਾਰੇ ਜਾਂਦੇ ਅਸਥਿਰਤਾ ਦੇ ਸਿਧਾਂਤ ਅਨੁਸਾਰ, ਅਸਥਿਰ ਕਿਵੇਂ ਕਰਦਾ ਹੈ? ਕੀ ਇਸ ਤਰ੍ਹਾਂ ਕਰਨ ਨਾਲ ਦੇਸ਼ ਅਸਥਿਰ ਹੁੰਦਾ ਹੈ ਜਾਂ ਸਥਿਰ। ਕੀ ਇਸ ਤਰ੍ਹਾਂ

(ਬਾਕੀ ਪੰਨਾ 5 'ਤੇ)

ਪੰਜਾਬ ਦੀ ਸਮੱਸਿਆ ਦਾ ਬਦਲਦਾ ਰੂਪ

ਪੰਜਾਬ ਸਮੱਸਿਆ ਦਿਨੋਂ ਦਿਨ ਗੰਭੀਰ ਹੋ ਰਹੀ ਹੈ। ਭਾਰਤ ਦੀ ਕੇਂਦਰ ਸਰਕਾਰ ਨੇ ਇਕੋ ਇਕ ਟੇਕ ਪ੍ਰਸ਼ਾਸਕੀ ਢੰਗ ਉਤੇ ਰੱਖੀ ਹੋਣ ਕਾਰਨ ਇਹ ਹੋਰ ਵੀ ਗੰਭੀਰ ਬਣਦੀ ਜਾ ਰਹੀ ਹੈ। ਪੰਜਾਬ ਦੇ ਹਾਲਾਤ ਤੋਂ ਇਹ ਜਾਪਦਾ ਹੈ ਕਿ ਜਿਥੇ ਕੇਂਦਰ ਸਰਕਾਰ ਬੇਗੁਨਾਹਾਂ ਤੇ ਨਿਰਦੋਸ਼ ਲੋਕਾਂ ਦਾ ਕਤਲਾਂ ਬਾਰੇ ਕਿਸੇ ਚਿੰਤਾ ਵਿਚ ਨਹੀਂ, ਉਸੇ ਤਰ੍ਹਾਂ ਸਿੱਖ ਸੰਸਥਾਵਾਂ ਦੇ ਆਗੂ ਵੀ ਇਸ ਸਥਿਤੀ ਵਿਚ ਕੋਈ ਵੀ ਉਸਾਰੂ ਕਦਮ ਚੁਕਣ ਤੋਂ ਅਸਮਰਥ ਹਨ। ਕੇਂਦਰ ਸਰਕਾਰ ਦਾ ਵਤੀਰਾ ਬਦਲਣ ਦਾ ਇਕੋ ਇਕ ਢੰਗ ਸੀ ਕਿ ਪਹਿਲਾਂ ਸਾਰੇ ਸਿੱਖ ਧੜੇ ਇਕ ਪਲੇਟਫਾਰਮ ਉਤੇ ਖੜੋਂਦੇ, ਫਿਰ ਪੰਜਾਬ ਦੀਆਂ ਦੂਜੀਆਂ ਪਾਰਟੀਆਂ ਨਾਲ ਤਾਲਮੇਲ ਪੈਦਾ ਕਰਕੇ ਪੰਜਾਬ ਦੀਆਂ ਧਾਰਮਿਕ, ਆਰਥਿਕ, ਸਭਿਆਚਾਰਕ ਸਮੱਸਿਆਵਾਂ ਉਤੇ ਸਾਂਝੀ ਸੋਚ ਅਪਣਾਉਂਦੇ। ਫੇਰ ਕੇਂਦਰ ਦੀਆਂ ਵਿਰੋਧੀ ਪਾਰਟੀਆਂ ਦੇ ਸਹਿਯੋਗ ਨਾਲ ਕੇਂਦਰ ਨੂੰ ਪੰਜਾਬ ਸਮੱਸਿਆ ਹੱਲ ਕਰਨ ਲਈ ਮਜਬੂਰ ਕਰਦੇ।

ਪਰ ਹੁਣ ਸਥਿਤੀ ਇਹ ਹੈ ਕਿ ਪੰਜਾਬ ਦੀਆਂ ਦੂਜੀਆਂ ਪਾਰਟੀਆਂ ਨਾਲ ਤਾਂ ਇਹਨਾਂ ਕੀ ਗੱਲ ਕਰਨੀ ਸੀ ਇਹ ਆਪੋ ਵਿਚ ਸਿੰਗ ਫਸਾਕੇ ਸਮੁੱਚੀ ਕਮਿਊਨਿਟੀ ਦੀ ਇਜ਼ਤ ਨੂੰ ਦਾਅ ਉਤੇ ਲਾ ਰਹੇ ਹਨ। ਅਕਾਲੀ ਦਲਾਂ ਵਿਚ ਏਕਤਾ ਹੋਣੀ ਏਡੀ ਮੁਸ਼ਕਲ ਗੱਲ ਨਹੀਂ ਸੀ ਪਰ ਦੋਵਾਂ ਅਕਾਲੀ ਦਲਾਂ ਦੇ ਲੀਡਰਾਂ ਨੂੰ ਇਹ ਭੁਲੇਖਾ ਸੀ ਕਿ ਖਾੜਕੂ ਪਤਾ ਨਹੀਂ ਕਿੰਨਾ ਕੁ ਲੰਮਾ ਸੰਘਰਸ਼ ਦੇਣ ਦੇ ਸਮਰੱਥ ਹੋਣਗੇ ਪਰ ਹਾਲਾਤ ਇਹ ਬਣ ਰਹੇ ਹਨ ਕਿ ਖਾੜਕੂ ਸੰਘਰਸ਼ ਹੁਣ ਆਖਰੀ ਸਾਹਾਂ ਉਤੇ ਹੈ। ਹਿੰਸਾ ਲੰਮੀ ਦੇਰ ਚੱਲ ਨਹੀਂ ਸਕਦੀ — ਖਾਸਕਰ ਪੰਜਾਬ ਬਾਰੇ ਸੂਬੇ ਵਿਚ ਜਿਥੇ ਖਾੜਕੂ ਲੀਡਰਸ਼ਿਪ ਸਾਰੀ ਮੱਧ-ਵਰਗੀ ਸ਼੍ਰੇਣੀ ਵਿਚੋਂ ਆਈ ਹੋਵੇ। ਖਾੜਕੂ ਜਥੇਬੰਦੀਆਂ ਦੀ ਸਰਦਾਰੀ ਇਨ੍ਹਾਂ ਮੱਧ-ਵਰਗੀ ਨੌਜਵਾਨਾਂ ਦੇ ਹੱਥਾਂ ਵਿਚ ਹੈ ਤੇ ਇਹ ਸ਼੍ਰੇਣੀ ਲੰਮੀ ਲੜਾਈ ਦੇਣ ਦੇ ਸਮਰੱਥ ਨਹੀਂ ਹੁੰਦੀ।

ਅੰਮ੍ਰਿਤਸਰ ਦੀਆਂ ਘਟਨਾਵਾਂ ਨੇ ਇਹ ਸਿੱਧ ਕਰ ਦਿੱਤਾ ਹੈ। ਪਹਿਲੀ ਵਾਰ ਇਹ ਘਟਨਾ ਵਾਪਰੀ ਹੈ ਕਿ ਤਖਤਾਂ ਦੇ ਜਥੇਦਾਰ ਜਿਨ੍ਹਾਂ ਨੂੰ ਏਨਾ ਇਜ਼ਤ ਮਾਣ ਮਿਲਦਾ ਸੀ, ਉਹ ਵੀ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ ਹਨ। ਖਾਲਿਸਤਾਨੀ ਕੌਂਸਲ ਬਨਾਉਣੀ ਤੇ ਆਪੇ ਸਜੇ ਪੰਥਕ ਆਗੂ ਬਹੁਤੀ ਦੇਰ ਪੁਲਸੀ ਰਾਜ ਸਾਹਮਣੇ ਟਿਕ ਨਹੀਂ ਸਕਣਗੇ। ਵਿਦੇਸ਼ਾਂ ਵਿਚਲੀ ਵੱਖਵਾਦੀ ਲਹਿਰ ਨੇ ਵੀ ਸਾਬਤ ਕਰ ਦਿੱਤਾ ਹੈ ਕਿ ਜਿਥੇ ਹਰ ਕੋਈ ਆਗੂ ਹੋਵੇ, ਉਥੇ ਸੰਗਠਨ ਬਹੁਤੀ ਦੇਰ ਚਲ ਨਹੀਂ ਸਕਦੇ।

ਅਜੇ ਵੀ ਸਮਾਂ ਹੈ ਕਿ ਖੱਖੜੀਆਂ ਹੋਈ ਕਮਿਊਨਿਟੀ ਸਾਂਝੀ ਸੋਚ ਦੇ ਰਾਹ ਉਤੇ ਤੁਰੇ ਅਤੇ ਪੰਜਾਬ ਮਸਲਾ ਹੱਲ ਕਰਨ ਲਈ ਕੇਂਦਰ ਨੂੰ ਮਜਬੂਰ ਕਰੇ।

ਇਨਸਾਨੀਅਤ ਸਭਨ੍ਹਾਂ
ਧਰਮਾਂ ਤੋਂ ਉਪਰ ਹੈ

ਦਹਿਸ਼ਤਗਰਦਾਂ ਵੱਲੋਂ ਦੋ ਇਸਤਰੀਆਂ ਹਲਾਕ

ਬੀ. ਜੇ. ਪੀ. ਵਰਕਰ ਸਣੇ ਦੋ ਜ਼ਖਮੀ

ਚੰਡੀਗੜ੍ਹ — ਪਿਛਲੇ ਦਿਨੀਂ ਅਤਿਵਾਦੀਆਂ ਨੇ ਗੋਲੀਆਂ ਮਾਰਕੇ ਫੌਜ ਦੇ ਸਾਬਕਾ ਕਪਤਾਨ ਦੀ ਪਤਨੀ ਤੇ ਧੀ ਨੂੰ ਹਲਾਕ ਕਰ ਦਿੱਤਾ। ਇਸੇ ਦੌਰਾਨ ਅਤਿਵਾਦੀਆਂ ਵਲੋਂ 4 ਮਈ ਨੂੰ ਗੋਲੀ ਮਾਰ ਕੇ ਗੰਭੀਰ ਰੂਪ ਵਿਚ ਜ਼ਖਮੀ ਕੀਤਾ ਭੁਪਿੰਦਰ ਸਿੰਘ ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਵਿਚ ਦਮ ਤੋੜ ਗਿਆ।

ਅਤਿਵਾਦੀਆਂ ਨੇ ਪਟਿਆਲੇ ਟੀ. ਬੀ. ਹਸਪਤਾਲ ਕੋਲ ਇਕ ਧਾਰਮਿਕ ਸਮਾਗਮ ਦੀਆਂ ਤਿਆਰੀਆਂ ਕਰਦੇ ਬੀ ਜੇ ਪੀ ਲੀਡਰ ਵਿਜੈ ਕੁਮਾਰ ਨੂੰ ਛੁਰਾ ਮਾਰ ਕੇ ਜ਼ਖਮੀ ਕਰ ਦਿੱਤਾ। ਬਠਿੰਡਾ ਪੁਲਸ ਨੇ ਸਿਖ ਫੈਡਰੇਸ਼ਨ ਗੁਰਮੀਤ ਧੜੇ ਦੇ ਜ਼ਿਲਾ ਪ੍ਰਧਾਨ ਜਸਬੀਰ ਸਿੰਘ ਨੇ ਗ੍ਰਿਫਤਾਰ ਕਰ ਲਿਆ। ਇਸੇ ਦੌਰਾਨ ਸੀ ਪੀ ਆਈ ਆਗੂ ਨਾਜਰ ਸਿੰਘ ਉਪਰ ਹਮਲਾ ਕਰਦੇ ਇਕ ਅਤਿਵਾਦੀ ਨੂੰ ਉਸ ਨੇ ਗੋਲੀ ਮਾਰਕੇ ਜ਼ਖਮੀ ਕਰ ਦਿੱਤਾ।

ਲੁਟੇਰੇ ਗ੍ਰਿਫਤਾਰ

ਜਲੰਧਰ — ਕਰਤਾਰਪੁਰ ਪੁਲਸ ਨੇ ਪਿਛਲੇ ਦਿਨ ਲੁਟੇਰਿਆਂ ਅਵਤਾਰ ਸਿੰਘ, ਸਤਵਿੰਦਰ ਸਿੰਘ, ਸੁਖਚੈਨ ਬਲਵੰਤ ਸਿੰਘ ਤੇ ਅਨੂਪ ਸਿੰਘ ਨੂੰ ਗ੍ਰਿਫਤਾਰ ਕੀਤਾ। ਇਹਨਾਂ ਪਾਸੋਂ ਇਕ ਲੱਖ ਰੁ: ਦੇ ਲੁਟ ਦਾ ਸਮਾਨ ਬਰਾਮਦ ਕੀਤਾ।

ਕਰਾਚੀ ’ਚ ਮੁੜ ਫਿਰਕੂ ਦੰਗੇ, ਕਰਫਿਊ ਲਾਗੂ

ਕਰਾਚੀ — ਵਿਰੋਧੀ ਨਸਲੀ ਧੜਿਆਂ ਵਿਚਕਾਰ ਗੋਲੀ ਚਲਣ ਕਾਰਨ ਪਿਛਲੇ ਐਤਵਾਰ ਤਿੰਨ ਵਿਅਕਤੀਆਂ ਦੇ ਜ਼ਖਮੀ ਹੋ ਜਾਣ ਪਿਛੋਂ ਪਾਕਿਸਤਾਨੀ ਅਧਿਕਾਰੀਆਂ ਨੇ ਕਰਾਚੀ ਦੇ ਜ਼ਿਲੇ ਵਿਚ ਕਰਫਿਊ ਲਗਾ ਦਿੱਤਾ ਹੈ। ਇਹ ਫਿਰਕੂ ਦੰਗੇ 26 ਅਗਸਤ ਨੂੰ ਸ਼ੁਰੂ ਹੋਏ ਸਨ। ਇਸ ਪਿਛੋਂ ਇਹ ਦੰਗੇ ਕਈ ਦੂਸਰੇ ਵੱਡੇ ਸ਼ਹਿਰਾਂ ਵਿਚ ਵੀ ਫੈਲ ਗਏ ਅਤੇ ਏਥੋਂ ਤਕ ਕਿ ਕਰਾਚੀ ਦੇ ਉਤਰ-ਪੂਰਬ ’ਚ 175 ਕਿਲੋਮੀਟਰ ਦੂਰ ਸਥਿਤ ਸ਼ਹਿਰ ਹੈਦਰਾਬਾਦ ਵਿਚ ਵੀ ਇਹ ਫਿਰਕੂ ਦੰਗੇ ਭੜਕ ਉਠੇ।

ਪਖਤੂਨ ਅਤੇ ਮੋਹਾਜੀ ਫਿਰਕਿਆਂ ਵਿਚਕਾਰ ਗੋਲੀਬਾਰੀ ਹੋਣ ਅਤੇ ਬੰਬ ਧਮਾਕੇ ਹੋਣ ਪਿਛੋਂ ਅਧਿਕਾਰੀਆਂ ਨੇ ਕਰਫਿਊ ਲਗਾਇਆ ਹੈ। ਸੁਰਖਿਆ ਬਲਾਂ ਨੂੰ ਹੁਣ ਦੇਖਦਿਆਂ ਹੀ ਗੋਲੀ ਮਾਰ ਦੇਣ ਦਾ ਹੁਕਮ ਦੇ ਦਿੱਤਾ ਗਿਆ ਹੈ।

ਅਤਿਵਾਦੀ ਆਖਰੀ ਪੜਾਅ ਦੀ ਲੜਾਈ ਲੜ ਰਹੇ ਨੇ — ਮਨੀਅਮ

ਹੈਦਰਾਬਾਦ — ਸੀ. ਆਰ. ਪੀ. ਐਫ. ਦੇ ਆਂਧਰਾ ਪ੍ਰਦੇਸ਼ ਦੇ ਆਈ. ਜੀ. ਸੁਭਰਾਮਨੀਅਮ ਜਿੰਨਾਂ ਦੇ ਪਾਸ ਪੰਜਾਬ ਦਾ ਐਡੀਸ਼ਨਲ ਚਾਰਜ ਵੀ ਹੈ — ਨੇ ਇਥੇ ਆਖਿਆ ਕਿ ਪੰਜਾਬ ਵਿਚ ਅਤਿਵਾਦੀ ਹੁਣ ਆਖਰੀ ਪੜਾਅ ਦੀ ਲੜਾਈ ਲੜ ਰਹੇ ਹਨ ਤੇ ਉਹ ਆਪਣੇ ਬਚਾ ਲਈ ਲੁਕਣ ਦੇ ਠਿਕਾਣੇ ਲੱਭ ਰਹੇ ਹਨ। ਉਹਨਾਂ ਆਖਿਆ ਕਿ ਸੀ. ਆਰ. ਪੀ. ਐਫ. ਅਤੇ ਪੰਜਾਬ ਪੁਲਸ ਵਿਚਕਾਰ ਪੂਰੀ ਤਰ੍ਹਾਂ ਤਾਲਮੇਲ ਕਾਇਮ ਹੈ ਤੇ ਉਹਨਾਂ ਨੂੰ ਉਮੀਦ ਹੈ ਕਿ ਬਹੁਤ ਜਲਦੀ ਅਤਿਵਾਦੀਆਂ ਤੇ ਕਾਬੂ ਪਾ ਲਿਆ ਜਾਏਗਾ।

ਪੰਨਾ 4 ਦੀ ਬਾਕੀ

ਕਰਨ ਨਾਲ ਲੋਕਾਂ ਦਾ ਦੇਸ਼ ਦੀ ਸਰਕਾਰ ਵਿਚ ਵਿਸ਼ਵਾਸ ਵਧਦਾ ਹੈ ਜਾਂ ਡਿੱਗਦਾ ਹੈ। ਜੇ ਇੰਨੇ ਪੈਸੇ ਦੇਸ਼ ਦੇ ਭਲੇ ਲਈ ਖਰਚ ਕੀਤੇ ਜਾਣ ਤਾਂ ਦੇਸ਼ ਅਸਥਿਰ ਹੋਵੇਗਾ ਜਾਂ ਸਥਿਰ। ਇਸ ਦਾ ਜਵਾਬ ਸਪਸ਼ਟ ਹੀ ਹੈ ਕਿ ਦੇਸ਼ ਸਥਿਰ ਹੋਵੇਗਾ ਅਤੇ ਕਾਂਗਰਸ ਅਸਥਿਰ। ਫਿਰ ਕਾਂਗਰਸ ਦੀ ਅਸਥਿਰਤਾ ਦਾ ਮਤਲਬ ਦੇਸ਼ ਦੀ ਅਸਥਿਰਤਾ ਕਿਵੇਂ ਹੋਵੇਗਾ? ਕੀ ਫਿਰ ਇਹ ਉਹੀ ਗੱਲ ਨਹੀਂ ਕਿ “ਕਾਂਗਰਸ ਦਾ ਅਰਥ ਹੈ ਇੰਦਰਾ” ਅਤੇ “ਇੰਦਰਾ ਦਾ ਅਰਥ ਹੈ ਭਾਰਤ।” ਅੱਜ ਕਾਂਗਰਸ ਪਾਰਟੀ ਵੀ ਆਪਣੀ ਬਦਨਾਮੀ ਨੂੰ ਦੇਸ਼ ਨਾਲ ਰਲਗੱਡ ਕਰ ਕੇ ਸਾਰੇ ਭਾਰਤ ਦਾ ਨਕਸ਼ਾ ਖਰਾਬ ਕਰ ਰਹੀ ਹੈ।

ਪੁਰਾਣੇ ਖਿਡਾਰੀਆਂ ਵਾਲੇ ਦਾਅ ਚਲਾਉਣ ਦੀ ਮੁਹਾਰਤ ਹੋਣ ਕਰਕੇ ਕਾਂਗਰਸੀ ਅੱਜ ਇਸ ਦਾਅ ਨੂੰ ਵਰਤ ਰਹੇ ਹਨ ਜੋ ਹੁਣ ਜ਼ਿਆਦਾ ਕਾਰਗਰ ਸਾਬਤ ਨਹੀਂ ਹੋਇਆ। ਪਹਿਲਾਂ ਵੀ ਜਦੋਂ ਕਾਂਗਰਸ ਉਪਰ ਅਜਿਹੇ ਬੱਦਲ ਛਾਏ ਹਨ ਤਦ ਉਨ੍ਹਾਂ ਨੂੰ ਪਰ੍ਹਾਂ ਕਰਨ ਲਈ ਅਜਿਹੇ ਢੰਗ ਵਰਤਦੀ ਰਹੀ ਹੈ। 1964-65 ਸਮੇਂ ਕਾਂਗਰਸ ਵਿਚ ਸ਼ੁਰੂ ਹੋ ਰਹੇ ਵਿਰੋਧ ਨੂੰ ਦੇਖਦਿਆਂ ਨਹਿਰੂ ਨੇ ਸ਼ਾਸਤਰੀ ਨੂੰ ਅੱਗੇ ਲਿਆਂਦਾ ਸੀ ਜਿਸ ਨੂੰ ਇੰਦਰਾ ਨੇ ਕਾਰਾਗਰੀ ਨਾਲ ਵਰਤਿਆ ਸੀ। ਕਾਂਗਰਸ ਵਿਚਲੀ ਸਿੰਡੀਕੇਟ ਲਾਬੀ, ਜਿਸ ਵਿਚ ਮੁਰਾਰਜੀ ਡਿਸਾਈ, ਸੰਜੀਵਾ ਰੈਡੀ, ਨਿਜ਼ਲਿੰਗੱਪਾ, ਕਾਮਰਾਜ ਅਤੇ ਐਲ ਕੇ ਪਾਟਿਲ ਵਰਗੇ ਸ਼ਾਮਲ ਸਨ, ਨੂੰ ਨਿਖੇੜਨ ਲਈ ਜਿਥੇ ਸ਼ਾਸਤਰੀ ਨੂੰ ਗਰੀਬਾਂ ਦੇ ਚਿੰਨ੍ਹ ਵਜੋਂ ਮੂਹਰੇ ਲਿਆ ਕਿ ਸਿੰਡੀਕੇਟ ਨੂੰ ਸਰਮਾਏਦਾਰਾਂ ਦੀ ਲਾਬੀ ਦੇ ਤੌਰ ਤੇ ਸਥਾਪਤ ਕੀਤਾ, ਉਥੇ ਇੰਦਰਾ ਨੇ “ਗਰੀਬੀ ਹਟਾਓ” ਪਰੋਗਰਾਮ, ਬੈਂਕਾਂ ਦਾ ਕੌਮੀਕਰਣ ਕਰਨਾ, ਰਾਜਿਆਂ ਦਾ ਪ੍ਰਿਵੀ ਪਰਸ ਬੰਦ ਕਰਨ ਆਦਿ ਦਾ ਫੈਸਲਾ ਕਰਕੇ ਆਪਣੇ ਆਪ ਨੂੰ ‘ਸਮਾਜਵਾਦੀ’ ਵਜੋਂ ਸਾਹਮਣੇ ਲਿਆਂਦਾ। ਇਸ ਤਰ੍ਹਾਂ ਅੱਜ ਕਾਂਗਰਸੀ ਇਸ ਭਵ ਸਾਗਰ ਨੂੰ ਪਾਰ ਕਰਨ ਲਈ ਹੀ “ਬਦੇਸ਼ੀ ਹੱਥ” ਅਤੇ “ਅਸਥਿਰਤਾ” ਦਾ ਸਿਧਾਂਤ ਲੈ ਕੇ ਆਏ ਹਨ।

ਮ੍ਰਿਗ ਤ੍ਰਿਸ਼ਨਾ

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਾਂਗਰਸ ਦੀ ਹੋਈ ਬਦਨਾਮੀ ਨੂੰ ਵਰਤ ਕੇ ਲੋਕਾਂ ’ਚ ਆਪਣੀ ਭੱਲ ਬਣਾਉਣ ਲਈ ਤਰਲੋਮੱਛੀ ਹੋ ਰਿਹਾ ਵੀ ਪੀ ਸਿੰਘ, ਸ਼ੁਕਲਾ, ਅਰੁਣ ਨਹਿਰੂ ਤੇ ਮੁਹੰਮਦ ਆਰਿਫ ਖਾਨ ਦਾ ਟੋਲਾ ਅਤੇ ਵਿਰੋਧੀ ਪਾਰਟੀਆਂ ਦੇਸ਼ ਨੂੰ ਸਥਿਰਤਾ ਬਖਸ਼ ਸਕਦੀਆਂ ਹਨ? ਕੱਲ੍ਹ ਤਕ ਕਾਂਗਰਸ ਵਿਚ ਰਹੇ ਅਤੇ ਰਾਜੀਵ ਨੂੰ ਆਪਣਾ ਲੀਡਰ ਮੰਨਣ ਵਾਲੇ ਇਹ ਕਾਂਗਰਸੀ ਕੀ ਹੁਣ ਕਾਂਗਰਸ ’ਚੋਂ ਨਿਕਲ ਕੇ ਦੁੱਧ ਧੋਤੇ ਹੋ ਗਏ ਹਨ? ਕੁਰਸੀ ਖੁੱਸਣ ਤੋਂ ਰਾਜੀਵ ਵਿਰੁਧ ਸਰਗਰਮ ਹੋਣਾ ਕੀ ਉਨ੍ਹਾਂ ਨੂੰ ਦੇਸ਼ ਭਗਤ ਬਣਾ ਦਿੰਦਾ ਹੈ? ਐਮਰਜੈਂਸੀ ਤੋਂ ਪਹਿਲਾਂ ਜੈ ਪ੍ਰਕਾਸ਼ ਨਰਾਇਣ ਦੁਆਲੇ ਇਕੱਠੀਆਂ ਹੋਈਆਂ ਵਿਰੋਧੀ ਪਾਰਟੀਆਂ ਨੇ ਰਾਜ ਸੱਤਾ ’ਤੇ ਕਾਬਜ਼ ਹੋ ਕੇ ਕੀ ਗੁਲ ਖਿਡਾਏ ਸਨ, ਉਹ ਅਜੇ ਲੋਕਾਂ ਨੂੰ ਭੁੱਲੇ ਨਹੀਂ। ਜੈ ਪ੍ਰਕਾਸ਼ ਨਰਾਇਣ ਦਾ ਬਿਨਾਂ ਪਾਰਟੀ ਤੇ ਬਿਨਾਂ ਪਰੋਗਰਾਮ ਵਾਲਾ ਭ੍ਰਿਸ਼ਟਾਚਾਰ ਵਿਰੋਧੀ ਪਰੋਗਰਾਮ ਵੀ ਪੈਰ ਨਹੀਂ ਲਾ ਸਕਿਆ ਸੀ। ਕੀ ਅੱਜ ਫਿਰ ਉਹੀ ਹਾਲਤ ਪੈਦਾ ਨਹੀਂ ਹੋ ਗਈ? ਵੀ ਪੀ ਸਿੰਘ ਨੂੰ ਜੈ ਪ੍ਰਕਾਸ਼ ਬਣਾਉਣ ਦੀਆਂ ਕੋਸ਼ਿਸ਼ਾਂ ’ਚ ਲੱਗੀਆਂ ਵਿਰੋਧੀ ਪਾਰਟੀਆਂ ਤੇ ਬਦਜ਼ਨ ਕਾਂਗਰਸੀ ਓਨਾ ਚਿਰ ਦੇਸ਼ ਦਾ ਕੁਝ ਨਹੀਂ ਕਰ ਸਕਦੇ ਜਿੰਨਾ ਚਿਰ ਉਹ ਆਪਣੀਆਂ ਸਾਮਰਾਜ ਤੇ ਸਰਮਾਏਦਾਰ ਪੱਖੀ ਨੀਤੀਆਂ ਨੂੰ ਚਿੰਬੜੇ ਹੋਏ ਹਨ। ਇਸ ਕਰਕੇ ਦੇਸ਼ ਦੀ ਅਸਥਿਰਤਾ ਦਾ ਮਸਲਾ ਵਿਰੋਧੀ ਪਾਰਟੀਆਂ ਦੀ ਅਸਥਿਰਤਾ ਕਾਇਮ ਰੱਖੇਗਾ ਅਤੇ ਦੇਸ਼ ਦੀ ਸਥਿਰਤਾ ਤੇ ਲੋਕਾਂ ਦੀ ਭਲਾਈ ਦਾ ਮਸਲਾ ਹਾਲ ਦੀ ਘੜੀ ਮ੍ਰਿਗ ਤ੍ਰਿਸ਼ਨਾ ਬਣਿਆ ਰਹੇਗਾ।

ਸ਼ੇਰੇ ਪੰਜਾਬ ਕਮਿਊਨਿਟੀ ਸੈਂਟਰ

ਗੁਰੂ ਮਰਿਆਦਾ ਅਨੁਕੂਲ ਸਰੀ ਗੁਰਦੁਵਾਰੇ ਦੇ ਗਿਆਨੀ ਜੀ ਨੇ ਅਰਦਾਸ ਕਰਕੇ ਕਮਿਊਨਿਟੀ ਸੈਂਟਰ ਦੇ ਪਰਾਜੈਕਟ ਦੀ ਸ਼ੁਰੂਆਤ ਕੀਤੀ। ਸਾਡੀ ਪੰਜਾਬੀ ਕਮਿਊਨਿਟੀ ਵਿਚ ਕਮਿਊਨਿਟੀ ਸੈਂਟਰ ਜਾਂ ਇਕ ਵੱਡੇ ਹਾਲ ਦੀ ਬਹੁਤ ਹੀ ਘਾਟ ਮਹਿਸੂਸ ਹੋ ਰਹੀ ਸੀ। ਵਿਆਹਾਂ ਦੀਆਂ ਪਾਰਟੀਆਂ ਨੂੰ ਹਾਲ ਨਹੀਂ ਸੀ ਮਿਲਦੇ। ਇਸ ਘਾਟ ਨੂੰ ਪੂਰਾ ਕਰਨ ਲਈ ਕੁਝ ਪਰਵਾਰਾਂ ਨੇ ਉਦਮ ਕਰਕੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ। ਪਲਾਨਾਂ ਤੇ ਨਕਸ਼ੇ ਸਭ ਤਿਆਰ ਹਨ। ਪਲਾਨ ਵਿਚ ਇਹ ਕਮਿਊਨਿਟੀ ਸੈਂਟਰ ਦਾ ਹਾਲ ਅਜ ਦੇ ਹਾਲਾਂ ਵਿਚੋਂ ਸਭ ਤੋਂ ਵੱਡਾ ਹੋਵੇਗਾ। ਅੱਠ ਨੌਂ ਸੌ ਦੇ ਕਰੀਬ ਲੋਕ ਬੈਠ ਕੇ ਖਾਣਾ ਖਾ ਸਕਿਆ ਕਰਨਗੇ। ਕਾਰਾਂ ਦੀ ਪਾਰਕ ਭੀ ਬਹੁਤ ਹੀ ਵੱਡੀ ਬਣੇਗੀ। ਚਾਰ ਸੌ ਕਾਰਾਂ ਦੇ ਕਰੀਬ ਪਾਰਕ ਹੋਵੇਗੀ।

ਇਹ ਜ਼ਮੀਨ ਕੋਈ ਲਗਭਗ ਨੌਂ ਏਕੜ ਦੇ ਕਰੀਬ ਹੈ। ਇਸ ਸੈਂਟਰ ਦਾ ਆਲਾ ਦੁਆਲਾ ਬੜਾ ਸੁੰਦਰ ਹੈ। ਬਹੁਤ ਸਾਰੇ ਫਲਾਂ ਫਰੂਟਾਂ ਦੇ ਦਰੱਖਤ ਹਨ। ਦੋ ਬਰਸਾਤੀ ਨਾਲੇ ਵਿਚ ਦੀ ਵਗਦੇ ਹਨ। ਇਨ੍ਹਾਂ ਨਾਲਿਆਂ ਦੀ ਵਿਉਂਤਬੰਦੀ ਕਰਕੇ ਕੜੀਆਂ ਚੜ੍ਹਾਂ ਕੇ, ਆਲੇ ਦੁਆਲੇ ਸ਼ਰਬ ਤੇ ਬੂਟਿਆਂ ਦੇ ਦਰਖਤ ਲਗਣਗੇ। ਪਾਰਟੀਆਂ ਕਰਨ ਵਾਲੇ ਲੋਕ ਇਨ੍ਹਾਂ ਵਗਦੇ ਨਾਲਿਆਂ ਦੇ ਆਲੇ ਦੁਆਲੇ ਬੈਠ ਕੇ ਪਿਕਨਿਕ ਕਰ ਸਕਿਆ ਕਰਨਗੇ। ਆਮ ਪਰਵਾਰਾਂ ਲਈ ਇਹ ਬਹੁਤ ਸੋਹਣੀ ਮਨੋਰੰਜਨ ਕਰਨ ਵਾਲੀ ਜਗ੍ਹਾ ਬਣ ਰਹੀ ਹੈ।

ਛੇਤੀ ਹੀ ਅਖੰਡ ਪਾਠ ਰੱਖੇ ਜਾਣਗੇ ਤੇ ਕਮਿਊਨਿਟੀ ਸੈਂਟਰ ਦੀ ਨੀਂਹ ਦਾ ਉਦਘਾਟਨ ਹੋਵੇਗਾ।

ਪੰਜਾਬੀ ਵਿਚ ਕਾਨੂੰਨੀ ਜਾਣਕਾਰੀ ਬਾਰੇ ਪੈਂਫਲਿਟ

ਵਿਲੀਅਮਜ਼ਲੇਕ — ਇਥੋਂ ਦੀ ਇੰਡੋ-ਕੈਨੇਡੀਅਨ ਕਮਿਊਨਿਟੀ ਲਈ ਤਿੰਨ ਨਵੇਂ ਕਾਨੂੰਨੀ ਜਾਣਕਾਰੀ ਦੇਣ ਬਾਰੇ ਪੈਂਫਲਿਟ ਛਾਪੇ ਗਏ ਹਨ। ਇਹ ਪੈਂਫਲਿਟ ਲੀਗਲ ਸਰਵਿਸਿਜ਼ ਸੁਸਾਇਟੀ ਆਫ਼ ਬੀ ਸੀ ਤੇ ਦੀ ਕਾਨਟੈਕਟ ਵਿਮੈਨਜ਼ ਗਰੁੱਪ ਸੁਸਾਇਟੀ ਵਲੋਂ ਪ੍ਰਕਾਸ਼ਤ ਕੀਤੇ ਗਏ ਹਨ। ਇਹ ਪੈਂਫਲਿਟ 'ਕੀ ਤੁਹਾਡੀ ਸਮੱਸਿਆ ਕਾਨੂੰਨ ਨਾਲ ਸਬੰਧ ਰੱਖਦੀ ਹੈ?' 'ਰੁਜ਼ਗਾਰ ਬਾਰੇ ਕਾਨੂੰਨ, ਮਨੁੱਖੀ ਹੱਕ ਤੇ ਤੁਸੀਂ' ਅਤੇ 'ਪਰਿਵਾਰਿਕ ਕਾਨੂੰਨ ਤੇ ਤੁਸੀਂ' ਦੋਵਾਂ ਬੋਲੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਹਨ। ਇਨ੍ਹਾਂ ਵਿਚ ਕਾਨੂੰਨੀ ਸਮੱਸਿਆਵਾਂ ਦੇ ਹੱਲ ਲਈ ਪਤੇ ਅਤੇ ਫੋਨ ਨੰਬਰ ਵੀ ਦਿੱਤੇ ਗਏ ਹਨ।


ਇਹ ਪੈਂਫਲਿਟ ਵਿਲੀਅਮਜ਼ਲੇਕ ਦੇ ਇਲਾਕੇ ਵਿਚ ਵੰਡੇ ਗਏ ਹਨ ਅਤੇ ਪਬਲਿਕ ਲਾਇਬਰੇਰੀ, ਲੀਗਲ ਸਰਵਿਸਿਜ਼, ਆਈ ਡਬਲਯੂ. ਏ. ਆਫਿਸ, ਕੋਰਟ ਹਾਊਸ, ਕੈਨੇਡਾ ਇੰਮਪਲਾਇਮੈਂਟ ਤੇ ਇੰਮੀਗਰੇਸ਼ਨ ਸੈਂਟਰ, ਕੈਰੀਬੂ ਹੈਲਥ ਯੂਨਿਟ, ਚਾਈਲਡ ਡੀਪੈਲਮੈਂਟ ਸੈਂਟਰ ਅਤੇ ਵਿਲੀਅਮਜ਼ਲੇਕ ਰੀਸੋਰਸ ਸੈਂਟਰ ਤੋਂ ਵੀ ਮਿਲ ਸਕਦੇ ਹਨ।

ਜੇ ਕਿਸੇ ਨੂੰ ਹੋਰ ਜਾਣਕਾਰੀ ਚਾਹੀਦੀ ਹੋਵੇ ਜਾਂ ਇਨ੍ਹਾਂ ਪੈਂਫਲਿਟਾਂ ਦੀਆਂ ਹੋਰ ਕਾਪੀਆਂ ਚਾਹੀਦੀਆਂ ਹੋਣ ਤਾਂ ਵੂਮੈਨ ਰੀਸੋਰਸ ਸੈਂਟਰ ਵਿਲੀਅਮਜ਼ਲੇਕ ਨੂੰ ਫੋਨ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਫੋਨ (604) 392-2446 ਹੈ।

ਸ੍ਰੀਮਤੀ ਗਰੇਵਾਲ ਦੀ ਦੋ ਸਾਲ ਲਈ ਮੁੜ ਨਿਯੁਕਤੀ

ਨਵੀਂ ਦਿੱਲੀ, (ਪੀ. ਟੀ. ਆਈ.) - ਸ੍ਰੀਮਤੀ ਮ... ਗਰੇਵਾਲ ਨੂੰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਸਕੱਤਰ ਵਜੋਂ ਮੁੜ ਨਿਯੁਕਤ ਕਰ ਦਿੱਤਾ ਗਿਆ ਹੈ। ਸ੍ਰੀਮਤੀ ਗਰੇਵਾਲ ਦੀ ਮੁੜ ਹੋਈ ਨਿਯੁਕਤੀ ਦੀ ਮਿਆਦ 1 ਨਵੰਬਰ ਤੋਂ ਦੋ ਸਾਲ ਲਈ ਹੋਵੇਗੀ।

ਬੀ. ਸੀ. ਵਿਚ ਵਿਦਿਆ ਬਾਰੇ ਪਬਲਿਕ ਸੁਣਵਾਈ



Barry M. Sullivan, Q.C.
Commissioner

ਵੈਨਕੂਵਰ — ਬੀ. ਸੀ. ਸਰਕਾਰ ਵਲੋਂ ਵਿਦਿਆ ਬਾਰੇ ਜੋ ਰਾਇਲ ਕਮਿਸ਼ਨ ਬਣਾਇਆ ਗਿਆ ਹੈ ਉਸਦੀ ਸੁਣਵਾਈ 9 ਨਵੰਬਰ ਨੂੰ 7 ਵਜੇ ਸ਼ਾਮ ਸੇਂਟ ਪੈਟਰਿਕ ਸਕੂਲ, ਵੈਨਕੂਵਰ ਜੋ ਕਿ 115 ਈਸਟ 11 ਐਵੇਨੀਊ ਉਤੇ ਸਥਿਤ ਹੈ, ਹੋਵੇਗੀ। ਇਸ ਕਮਿਸ਼ਨ ਦੇ ਕਮਿਸ਼ਨਰ ਮਿ: ਬੈਰੀ ਐਮ ਸੂਲੀਵਨ ਨੂੰ ਕਿੰਡਰਗਾਰਟਨ ਤੋਂ ਗਰੇਡ ਬਾਰਾਂ ਤੱਕ ਦੀ ਵਿਦਿਆ ਦੇ ਪੁਨਰ-ਨਿਰੀਖਣ ਲਈ ਨਿਯੁਕਤ ਕੀਤਾ ਗਿਆ ਹੈ। ਕਮਿਸ਼ਨਰ ਉਸ ਦਿਨ ਆਮ ਜਨਤਾ ਵਲੋਂ ਵਿਦਿਆ ਬਾਰੇ ਲਿਖਤੀ ਸੁਝਾਅ ਅਤੇ ਜ਼ਬਾਨੀ ਸਲਾਹ ਮਸ਼ਵਰਾ ਵੀ ਲੈਣਗੇ। ਸੰਸਥਾਵਾਂ ਵੀ ਆਪਣੇ ਸੁਝਾਅ ਦੇ ਸਕਦੀਆਂ ਹਨ।

ਮਿ: ਸੂਲੀਵਨ ਅਨੁਸਾਰ, "ਬੱਚੇ ਸਾਡਾ ਵੱਡਾ ਸਰਮਾਇਆ ਹਨ। ਇਸ ਲਈ ਕਮਿਸ਼ਨ ਦੀ ਪੂਰੀ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਲੋਕਾਂ ਦੇ ਸੁਝਾਅ ਲਏ ਜਾਣ। ਇਸ ਲਈ ਮਾਪੇ, ਅਧਿਆਪਕ, ਵਿਦਿਆਰਥੀ ਅਤੇ ਆਮ ਜਨਤਾ ਦੇ ਵਿਚਾਰਾਂ ਨੂੰ ਜਾਨਣ ਲਈ ਅਸੀਂ ਉਤਸੁਕ ਹਾਂ।"

ਕਮਿਸ਼ਨਰ ਨੇ ਇਹ ਵੀ ਕਿਹਾ ਕਿ ਵਪਾਰਕ ਸੰਸਥਾਵਾਂ, ਦਸਤਕਾਰੀ, ਲੇਬਰ ਅਤੇ ਕਲਾਵਾਂ ਦੀਆਂ ਸੰਸਥਾਵਾਂ ਨੂੰ ਵੀ ਆਪਣੇ ਵਿਚਾਰ ਕਮਿਸ਼ਨ ਨੂੰ ਦੇਣ ਦੀ ਖੁਲ੍ਹ ਹੈ।

ਜੋ ਵਿਅਕਤੀ ਜਾਂ ਸੰਸਥਾਵਾਂ ਕਮਿਸ਼ਨ ਸਾਹਮਣੇ ਆਪਣੇ ਵਿਚਾਰ ਦੇਣੇ ਚਾਹੁੰਦੀਆਂ ਹਨ ਉਹ ਜਾਂ ਤਾਂ ਸੈਕਟਰੀ ਰਾਇਲ ਕਮਿਸ਼ਨ, #350-900 Howe St. Vancouver, B.C. ਨੂੰ ਲਿਖਣ ਜਾਂ 660-4010 ਉਤੇ ਫੋਨ ਕਰਨ — ਇਹ ਫੋਨ 24 ਘੰਟੇ ਚਲਦਾ ਹੈ ਜਾਂ ਲੋਅਰ ਮੇਨਲੈਂਡ ਤੋਂ ਬਾਹਰ ਵਾਲੇ ਕੁਲੈਕਟ ਕਾਲ ਵੀ ਕਰ ਸਕਦੇ ਹਨ — ਇਹ ਨੰਬਰ (0) 660-4010 ਹੈ।

ਸਿੰਧ ਨਦੀ 'ਚ ਕਿਸ਼ਤੀ ਡੁੱਬਣ ਨਾਲ 40 ਵਿਅਕਤੀ ਹਲਾਕ

ਇਸਲਾਮਾਬਾਦ — ਪਾਕਿਸਤਾਨ ਦੀ ਸਿੰਧ ਨਦੀ ਵਿਚ ਇਕ ਕਿਸ਼ਤੀ ਦੇ ਉਲਟ ਜਾਣ ਨਾਲ 40 ਵਿਅਕਤੀ ਮਾਰੇ ਗਏ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਇਸ ਕਿਸ਼ਤੀ ਤੇ ਸਾਰੇ ਫੌਜੀ ਜਵਾਨ ਸਵਾਰ ਸਨ। ਹੁਣ ਤੱਕ ਦੀ ਪ੍ਰਾਪਤ ਜਾਣਕਾਰੀ ਅਨੁਸਾਰ ਸੱਤ ਲਾਸ਼ਾਂ ਲੱਭੀਆਂ ਜਾ ਚੁਕੀਆਂ ਹਨ ਪਰ 40 ਫੌਜੀ ਅਜੇ ਵੀ ਲਾਪਤਾ ਹਨ। ਦੱਸਿਆ ਜਾਂਦਾ ਹੈ ਕਿ ਇਸ ਕਿਸ਼ਤੀ ਵਿਚ ਜਿਹੜੀ ਖੈਰਪੁਰ ਦੇ ਨੇੜੇ ਉਲਟੀ, ਵਿਚ ਸਵਾਰ ਸਾਰੇ ਫੌਜੀ ਡਾਕੂਆਂ ਤੇ ਲੁਟੇਰਿਆਂ ਦਾ ਪਿਛਾ ਕਰ ਰਹੇ ਸਨ।

ਇਪਾਨਾ ਦੀ ਕਾਨਫਰੰਸ ਨਕਸਲੀ ਪ੍ਰਬੰਧਕ, ਖਾਲਿਸਤਾਨੀ ਸਰੋਤੇ

ਇਕ ਰੀਪੋਰਟ

ਵੈਨਕੂਵਰ — 18 ਅਕਤੂਬਰ, 1987 ਐਤਵਾਰ ਨੂੰ ਡੇਵਿਡ ਥਾਮਸਨ ਸੈਕੰਡਰੀ ਸਕੂਲ ਵਿਚ ਨਕਸਲੀ ਜਥੇਬੰਦੀ ਇਪਾਨਾ ਵਲੋਂ ਕਾਮਨਵੈਲਥ ਕਾਨਫਰੰਸ ਖਤਮ ਹੋਣ ਤੋਂ ਪਿਛੋਂ ਇਕ ਕਾਨਫਰੰਸ ਕੀਤੀ ਗਈ ਜਿਸ ਨੂੰ 'ਸਮਾਨ ਅੰਤਰ ਕਾਨਫਰੰਸ' ਦਾ ਨਾਂ ਦਿੱਤਾ ਗਿਆ ਜਿਸ ਦੇ ਮੁਖ ਬੁਲਾਰੇ ਸ੍ਰੀ ਸ਼ਹਾਬੁਦੀਨ ਮੈਂਬਰ ਭਾਰਤੀ ਪਾਰਲੀਮੈਂਟ ਸਨ। ਸ੍ਰੀ ਸ਼ਹਾਬੁਦੀਨ ਜਨਤਾ ਪਾਰਟੀ ਵਿਚ ਸ਼ਾਮਲ ਹਨ ਤੇ 'ਮੁਸਲਿਮ ਇੰਡੀਆ' ਨਾਂ ਦੇ ਰਸਾਲੇ ਦੇ ਸੰਪਾਦਕ ਹਨ।

ਦੋ ਸੌ ਸਰੋਤਿਆਂ ਵਿਚੋਂ ਡੇਢ ਸੌ ਖਾਲਿਸਤਾਨੀ ਸਰੋਤੇ ਸਨ ਤੇ ਕੁਝ ਪਾਕਿਸਤਾਨੀ ਸੱਜਣ ਸਨ ਜੋ ਜ਼ਿਆ-ਉਲ-ਹੱਕ ਦੇ ਭਗਤ ਕਰਕੇ ਜਾਣੇ ਜਾਂਦੇ ਹਨ। ਇਪਾਨਾ ਦੇ ਹੁਣ ਤੱਕ ਦੇ ਜਲਸਿਆਂ ਵਿਚ ਦੇਖੇ ਜਾਂਦੇ ਦਰਸ਼ਕ ਤੇ ਸਰੋਤੇ ਗਾਇਬ ਸਨ, ਉਨ੍ਹਾਂ ਦੀ ਥਾਂ ਹੁਣ ਖਾਲਿਸਤਾਨੀ ਸਮਰਥਕਾਂ ਨੇ ਮੱਲੀ ਹੋਈ ਸੀ।

ਸਟੇਜ ਦੀ ਕਾਰਵਾਈ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਚਿੰਨ ਬੈਨਰਜੀ ਤੇ ਹਰੀ ਸ਼ਰਮਾ ਵਲੋਂ ਨਿਭਾਈ ਜਾ ਰਹੀ ਸੀ ਤੇ ਸਟੇਜ ਦੇ ਸਸ਼ੋਭਤ ਸਨ ਸ੍ਰੀ ਸ਼ਹਾਬੁਦੀਨ, ਸਾਬਕਾ ਜੱਜ ਅਜੀਤ ਸਿੰਘ ਬੈਂਸ ਅਤੇ ਕਾਮਨਵੈਲਥ ਕਾਨਫਰੰਸ ਵਿਚ ਸ਼ਾਮਲ ਨਾ ਹੋਣ ਦਿੱਤਾ ਗਿਆ 'ਸਟੇਟਸਮੈਨ' ਅਖਬਾਰ ਦਾ ਪੱਤਰਪ੍ਰੇਰਕ ਬਲਜੀਤ ਸਿੰਘ ਮਲਿਕ।

ਧਰਮ ਤੇ ਰਾਜਨੀਤੀ ਇਕੱਠੀਆਂ

'ਮੁਸਲਿਮ ਇੰਡੀਆ' ਦੇ ਸੰਪਾਦਕ ਸ਼ਹਾਬੁਦੀਨ ਨੇ ਆਪਣਾ ਭਾਸ਼ਨ ਸ਼ੁਰੂ ਕਰਦਿਆਂ ਕਿਹਾ ਕਿ ਧਰਮ ਤੇ ਰਾਜਨੀਤੀ ਇਕ ਹਨ। ਉਸਨੇ ਰਾਜੀਵ ਗਾਂਧੀ ਦਾ ਮਖੌਲ ਉਡਾਉਂਦਿਆਂ ਕਿਹਾ ਕਿ ਉਹ ਦੇਸ਼ ਦਾ ਨੇਤਾ ਹੋ ਕੇ ਮੱਥੇ ਤੇ ਤਿਲਕ ਲਾਉਂਦਾ ਹੈ ਤੇ ਹਿੰਦੂ ਧਰਮ ਦਾ ਪ੍ਰਚਾਰ ਕਰਦਾ ਹੈ ਤੇ ਜਦ ਉਹ ਅਜਿਹੇ ਸਮਾਗਮਾਂ ਵਿਚ ਸ਼ਾਮਲ ਹੁੰਦਾ ਹੈ ਤਾਂ ਟੀ. ਵੀ. ਉਤੇ ਦਿਖਾਇਆ ਜਾਂਦਾ ਹੈ ਪਰ ਨਾਲ ਹੀ ਸ਼ਹਾਬੁਦੀਨ ਨੇ ਕਿਹਾ ਕਿ ਧਰਮ ਤੋਂ ਬਿਨਾਂ ਰਾਜਨੀਤੀ ਨਿਕੰਮੀ ਹੈ।

ਘੱਟ ਗਿਣਤੀਆਂ ਉਤੇ ਹਮਲੇ

ਪੰਜਾਬ ਵਿਚ ਸਿਖਾਂ ਉਤੇ ਹਮਲੇ ਤੇ ਮੇਰਠ ਆਦਿ ਥਾਵਾਂ ਉਤੇ ਮੁਸਲਮਾਨਾਂ ਉਤੇ ਹਮਲਿਆਂ ਦਾ ਜ਼ਿਕਰ ਕਰਦਿਆਂ ਉਸਨੇ ਕਿਹਾ ਕਿ ਰਾਜੀਵ ਸਰਕਾਰ ਹਿੰਦੂ ਫਿਰਕਾਪ੍ਰਸਤੀ ਨੂੰ ਸ਼ਹਿ ਦੇ ਕੇ ਇਹ ਕੁਝ ਕਰਵਾ ਰਹੀ ਹੈ। ਉਸਨੇ ਕਿਹਾ ਕਿ ਘੱਟ ਗਿਣਤੀਆਂ ਦਾ ਜੀਵਨ ਇਸ ਸਮੇਂ ਮੁਹਾਲ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਦਲਿਤ ਸ਼੍ਰੇਣੀਆਂ ਉਤੇ ਵੀ ਹਮਲੇ ਹੋ ਰਹੇ ਹਨ।

ਪਾਕਿ ਤੇ ਬੰਗਲਾ ਦੇਸ਼ 'ਚ ਅਤਿਆਚਾਰ

ਸ਼ਹਾਬੁਦੀਨ ਨੇ ਇਹ ਵੀ ਕਿਹਾ ਕਿ ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਵੀ ਧਾਰਮਿਕ ਫਿਰਕਿਆਂ ਉਤੇ ਅਤਿਆਚਾਰ ਕੀਤਾ ਜਾਂਦਾ ਹੈ। ਉਸਨੇ ਜ਼ਿਆ ਸਰਕਾਰ ਤੇ ਇਰਸ਼ਾਦ ਸਰਕਾਰ ਦਾ ਵੀ ਵਿਰੋਧ ਕੀਤਾ।

ਦੇਸ਼ ਦੀ ਏਕਤਾ ਜ਼ਰੂਰੀ

ਨਾਲ ਹੀ ਸ਼ਹਾਬੁਦੀਨ ਨੇ ਪ੍ਰਬੰਧਕਾਂ ਦੀ ਖੱਲ ਬਚਾਉਣ ਲਈ ਇਹ ਵੀ ਐਲਾਨ ਕੀਤਾ ਕਿ ਦੇਸ਼ ਨੂੰ ਇਕਠਿਆਂ ਰੱਖਣਾ ਬੜਾ ਜ਼ਰੂਰੀ ਹੈ — ਦੇਸ਼ ਦੀ ਮੁੜ ਵੰਡ ਨਹੀਂ ਹੋਣੀ ਚਾਹੀਦੀ ਕਿਉਂਕਿ ਪਹਿਲੇ ਬਟਵਾਰੇ ਨੇ ਹੀ ਬਹੁਤ ਨੁਕਸਾਨ ਕੀਤਾ ਹੈ।

ਸੋਮਵਾਰ ਦੇ ਬੀ ਬੀ ਸੀ ਦੇ ਤਬਸਰੇ ਵਿਚ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਕਿ ਉਨ੍ਹਾਂ ਲੋਕਾਂ ਦੀ ਜਨਤਾ ਪਾਰਟੀ ਵਿਚ ਕੋਈ ਥਾਂ ਨਹੀਂ ਜੋ ਧਰਮ ਅਤੇ ਰਾਜਨੀਤੀ ਨੂੰ ਰਲਗੱਡ ਕਰਨਾ ਚਾਹੁੰਦੇ ਹਨ। ਇਸ ਮਸਲੇ ਉਤੇ ਸ਼ਹਾਬੁਦੀਨ ਦਾ ਸਟੈਂਡ ਜਨਤਾ ਪਾਰਟੀ ਦੀ ਪਾਲਿਸੀ ਨਾਲ ਕਿੰਨਾ ਕੁ ਮਿਲਦਾ ਹੈ ਇਹ ਵਿਚਾਰਨ ਵਾਲਾ ਮਸਲਾ ਹੈ।

ਅਜੀਤ ਸਿੰਘ ਬੈਂਸ ਦਾ ਭਾਸ਼ਨ

ਖਾਲਿਸਤਾਨੀਆਂ ਦੀਆਂ ਤਾੜੀਆਂ ਦੀ ਗੜਗੜਾਹਟ ਵਿਚ ਅਜੀਤ ਸਿੰਘ ਬੈਂਸ ਦਾ ਸਾਰਾ ਜ਼ੋਰ ਦਹਿਸ਼ਤਗਰਦੀ ਕਰਨ ਵਾਲਿਆਂ ਦੀ ਵਕਾਲਤ ਕਰਨ ਉਤੇ ਲੱਗਾ ਰਿਹਾ ਤੇ ਪੰਜਾਬ ਵਿਚ ਰੋਜ਼ਾਨਾ ਹੋ ਰਹੇ ਬੇਗੁਨਾਹਾਂ ਦੇ ਕਤਲਾਂ ਬਾਰੇ ਉਸ ਨੇ ਚੁੱਪ ਹੀ ਸਾਧੀ ਰੱਖੀ। ਉਂਝ ਸਾਰੀ ਕਾਨਫਰੰਸ ਵਿਚ ਪੰਜਾਬ ਵਿਚ ਹੁੰਦੇ ਬੇਗੁਨਾਹਾਂ ਤੇ ਬੇਦੋਸ਼ਿਆਂ ਦੇ ਕਤਲਾਂ ਬਾਰੇ ਪ੍ਰਬੰਧਕਾਂ ਵਿਚੋਂ ਵੀ ਕਿਸੇ ਨੇ ਜ਼ਬਾਨ ਨਹੀਂ ਖੋਲ੍ਹੀ ਜਦ ਕਿ ਇਹ ਪ੍ਰਬੰਧਕ ਸੰਸਥਾ ਇਪਾਨਾ ਤਿੰਨ ਸਾਲ ਪਹਿਲਾਂ ਕਮਿਊਨਿਲ ਹਾਰਮੋਨੀ ਫੋਰਮ ਵਿਚ ਹਿੰਦੂ-ਸਿਖ ਏਕਤਾ ਲਈ ਸਰਗਰਮ ਜਥੇਬੰਦੀ ਸੀ ਤੇ ਇਸੇ ਸਕੂਲ ਵਿਚ ਜਿਥੇ ਕਾਨਫਰੰਸ ਹੋ ਰਹੀ ਸੀ ਖਾਲਿਸਤਾਨੀਆਂ ਤੇ ਇਕ ਹੋਰ ਨਕਸਲੀ ਧੜੇ ਵਲੋਂ ਏਕਤਾ ਮੀਟਿੰਗ ਸ਼ਰੇ-ਆਮ ਤੋੜੀ ਗਈ ਸੀ।

ਮਲਿਕ ਦੀਆਂ ਟਿੱਪਣੀਆਂ

'ਸਟੇਟਸਮੈਨ' ਦੇ ਪੱਤਰਪ੍ਰੇਰਕ ਬਲਜੀਤ ਮਲਿਕ ਨੇ 1984 ਦੇ ਦੰਗਿਆਂ ਬਾਰੇ ਟਿੱਪਣੀ ਕਰਦੇ ਕਿਹਾ ਕਿ ਸਰਕਾਰ ਨੇ ਸਿੱਖਾਂ ਵਿਰੁੱਧ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇ ਕੇ ਮਸਲੇ ਨੂੰ ਬਹੁਤ ਉਲਝਾਇਆ ਹੈ। ਆਪਣੇ ਸੰਖੇਪ ਭਾਸ਼ਨ ਵਿਚ ਉਸਨੇ ਭਾਰਤ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਮਿਸ਼ਰਾ ਕਮਿਸ਼ਨ ਆਦਿ ਬਣਾ ਕੇ ਵੀ ਸਰਕਾਰ ਨੇ ਅਸਲ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ।

ਅਗਾਂਹ ਵਧੂ ਜਥੇਬੰਦੀਆਂ ਵਲੋਂ ਬਾਈਕਾਟ

ਜਿਸ ਢੰਗ ਨਾਲ ਇਸ ਨਕਸਲੀ ਸੰਸਥਾ ਨੇ ਸਿਆਸੀ ਪੈਂਤੜਾ ਬਦਲਿਆ ਹੈ — ਇਸ ਕਾਰਨ ਵੈਨਕੂਵਰ ਦੇ ਅਗਾਂਹਵਧੂ ਤਬਕੇ ਵਲੋਂ ਇਸ ਕਾਨਫਰੰਸ ਦਾ ਮੁਕੰਮਲ ਬਾਈਕਾਟ ਇਹ ਦੱਸਦਾ ਹੈ ਕਿ ਇਹ ਸੰਸਥਾ ਆਪਣੀ ਡਿੱਗ ਰਹੀ ਸਾਖ ਨੂੰ ਠੁੰਮਣਾ ਦੇਣ ਲਈ ਹੱਥ ਪੱਲੇ ਮਾਰ ਰਹੀ ਹੈ।

ਵੈਨਕੂਵਰ ਵਿਚਲੇ ਖਾਲਿਸਤਾਨੀਆਂ ਦੀ ਡਿੱਗ ਰਹੀ ਸਾਖ ਦਾ ਵੀ ਇਹ ਕਾਨਫਰੰਸ ਪ੍ਰਮਾਣ ਸਾਬਤ ਹੋਈ ਹੈ ਕਿ ਉਹ ਕਮਿਊਨਿਸਟ ਕਹਾਉਂਦੀ ਸੰਸਥਾ ਦੀ ਸ਼ਰਨ ਲੈਣ ਲਈ ਵੀ ਤਿਆਰ ਹਨ ਜਦ ਕਿ ਪੰਜਾਬ ਵਿਚ ਖਾਲਿਸਤਾਨੀ ਅਨਸਰਾਂ ਵਲੋਂ ਕਮਿਊਨਿਸਟਾਂ ਦੇ ਕਤਲ ਵੀ ਕੀਤੇ ਜਾ ਰਹੇ ਹਨ।

Province of British Columbia

ਪਬਲਿਕ ਨੋਟਿਸ

ਵਿਦਿਆ ਬਾਰੇ ਰਾਇਲ ਕਮਿਸ਼ਨ

(ਪਬਲਿਕ ਇਨਕੁਆਰੀਜ਼ ਐਕਟ, ਆਰ. ਐਸ. ਬੀ. ਸੀ. 1960, ਚੈਪਟਰ 315)

ਬੈਰੀ ਐਮ. ਸੂਲੀਵਨ, ਕਿਊ. ਸੀ.

ਨੂੰ ਕਮਿਸ਼ਨਰ ਨਿਯੁਕਤ ਕਰਕੇ ਬੀ. ਸੀ. ਦੇ ਸੂਬੇ ਵਿਚ ਕਿੰਡਰਗਾਰਡਨ ਤੋਂ ਬਾਰਾਂ ਗਰੇਡ ਤੱਕ ਦੀ ਵਿਦਿਆ ਦਾ ਪੁਨਰ ਨਿਰੀਖਣ ਕਰਨ ਲਈ ਆਮ ਅਧਿਕਾਰ ਸੌਂਪਿਆ ਗਿਆ ਹੈ।

ਆਮ ਸੁਣਵਾਈ ਹੇਠ ਲਿਖੇ ਅਨੁਸਾਰ ਹੋਵੇਗੀ :

ਵੈਨਕੂਵਰ, ਸੋਮਵਾਰ ਨਵੰਬਰ 9 — 7 ਵਜੇ ਸ਼ਾਮ
ਸੇਂਟ ਪੈਟਰਿਕ ਸਕੂਲ, 115 ਈਸਟ 11 ਐਵੇਨੀਊ

ਵੈਨਕੂਵਰ, ਮੰਗਲਵਾਰ ਨਵੰਬਰ 10 - 7 ਵਜੇ ਸ਼ਾਮ
ਲਾਰਡ ਬਿੰਗ ਸਕੂਲ, 3939 ਵੈਸਟ 16 ਐਵੇਨੀਊ

ਵੈਨਕੂਵਰ, ਵੀਰਵਾਰ ਨਵੰਬਰ 12 — 7 ਵਜੇ ਸ਼ਾਮ
ਵੈਨਕੂਵਰ ਟੈਕਨੀਕਲ ਸਕੂਲ, 2600 ਈਸਟ ਬਰਾਡਵੇ

ਵੈਨਕੂਵਰ, ਸੋਮਵਾਰ ਨਵੰਬਰ 16 — 7 ਵਜੇ ਸ਼ਾਮ
ਜੌਹਨ ਔਲੀਵਰ ਸੈਕੰਡਰੀ ਸਕੂਲ, 530 ਈਸਟ 41 ਐਵੇਨੀਊ

ਬਰਨਬੀ, ਮੰਗਲਵਾਰ ਨਵੰਬਰ 17 — 7 ਵਜੇ ਸ਼ਾਮ
ਬਰਨਬੀ ਨੌਰਥ ਸਕੂਲ, 751 ਹੈਮਰਸੋਲਡ ਸਟਰੀਟ

ਬਰਨਬੀ, ਵੀਰਵਾਰ ਨਵੰਬਰ 19 — 7 ਵਜੇ ਸ਼ਾਮ
ਸਕੂ ਐਜੂਕੇਸ਼ਨ ਸੈਂਟਰ, 4041 ਕੈਨੇਡਾ ਵੇਅ

ਚਿਲੀਵੈਕ, ਬੁੱਧਵਾਰ ਨਵੰਬਰ 25 — 7 ਵਜੇ ਸ਼ਾਮ
ਚਿਲੀਵੈਕ ਸੈਕੰਡਰੀ ਸਕੂਲ, 46363 ਯੇਲ ਰੋਡ

ਕਲੀਅਰਬਰੁੱਕ, ਵੀਰਵਾਰ ਨਵੰਬਰ 26 — 7 ਵਜੇ ਸ਼ਾਮ
ਡਬਲਯੂ. ਜੇ. ਮੁਆਟ ਸਕੂਲ, 32355 ਮੁਆਟ ਡਰਾਈਵ

ਨੀਊ ਵੈਸਟਮਿਨਸਟਰ, ਸੋਮਵਾਰ ਨਵੰਬਰ 30 — 7 ਵਜੇ ਸ਼ਾਮ
ਨੀਊਵੈਸਟਮਿਨਸਟਰ ਸੈਕੰਡਰੀ ਸਕੂਲ, 835 8 ਸਟਰੀਟ

ਕੌਕਿਟਲਮ, ਵੀਰਵਾਰ ਦਸੰਬਰ 3 — 7 ਵਜੇ ਸ਼ਾਮ
ਕੋਮੋ ਲੇਕ ਸਕੂਲ, 1121 ਕਿੰਗ ਐਲਬਰਟ ਐਵੇਨੀਊ

ਸਰੀ, ਮੰਗਲਵਾਰ ਦਸੰਬਰ 8 — 7 ਵਜੇ ਸ਼ਾਮ
ਕੁਈਨ ਐਲਿਜ਼ਬੈੱਥ ਸਕੂਲ, 9457 - 136 ਸਟਰੀਟ

ਸਰੀ, ਵੀਰਵਾਰ ਦਸੰਬਰ 10 — 7 ਵਜੇ ਸ਼ਾਮ
ਹੋਲੀ ਕਰਾਸ ਸੈਕੰਡਰੀ ਸਕੂਲ, 16193 - 88 ਐਵੇਨੀਊ

ਵੈਸਟ ਵੈਨਕੂਵਰ, ਸੋਮਵਾਰ ਦਸੰਬਰ 14 — 7 ਵਜੇ ਸ਼ਾਮ
ਵੈਸਟ ਵੈਨਕੂਵਰ ਸੈਕੰਡਰੀ ਸਕੂਲ, 1750 ਮੇਥਰਜ਼ ਐਵੇਨੀਊ

ਨਾਰਥ ਵੈਨਕੂਵਰ, ਮੰਗਲਵਾਰ ਦਸੰਬਰ 15 — 7 ਵਜੇ ਸ਼ਾਮ
ਵਿਲੀਅਮ ਈ. ਲੀਉਕਸ ਸੈਂਟਰ, 2132 ਹੈਮਿਲਟਨ ਸਟਰੀਟ

ਰਿਚਮੰਡ, ਵੀਰਵਾਰ ਦਸੰਬਰ 17 — 7 ਵਜੇ ਸ਼ਾਮ
ਜੈਸ. ਈ. ਲੰਡਨ ਸਕੂਲ, 10331 ਗਿਲਬਰਟ ਰੋਡ

ਕਮਿਸ਼ਨਰ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਲਿਖਤੀ ਬਿਉਰਾ ਅਤੇ ਜ਼ਬਾਨੀ ਗੱਲਬਾਤ ਵੀ ਸੁਣਨਗੇ।

ਸਾਰੇ ਆਵੇਦਨ-ਪੱਤਰ ਕਮਿਸ਼ਨ ਨੂੰ ਜਾਂ ਤੇ ਸੁਣਵਾਈ ਦੇ ਮੌਕੇ ਉਤੇ ਦਿਤੇ ਜਾ ਸਕਦੇ ਹਨ ਜਾਂ ਲਿਖਤੀ ਬਿਉਰੇ ਰਾਹੀਂ ਜਾਂ ਚਿੱਠੀ ਰਾਹੀਂ ਸਕੱਤਰ ਦੇ ਨਾਂ ਭੇਜੇ ਜਾ ਸਕਦੇ ਹਨ।

ਟੈਲੀਫੋਨ (24 ਘੰਟੇ)
ਕੁਲੈਕਟ ਫੋਨ
(0) 660-4010

ਕਮਿਸ਼ਨ ਦੀ ਮਾਰਫਤ :

Mr. John Walsh, Secretary
Royal Commission On Education
#350 - 900 Howe St.,
Vancouver, B.C. V6Z 2M4

ਬੀ. ਸੀ. ਆਫਰ ਰੀਸਰਚ ਤੇ ਐਜੂਕੇਸ਼ਨ ਅਤੇ ਪਿਕਸ ਸੁਸਾਇਟੀ ਦੇ ਦਫਤਰ ਦਾ ਉਦਘਾਟਨ



ਉਦਘਾਟਨ ਸਮੇਂ :— ਪੌਲੀਨ ਜੁਐਟ ਐਮ. ਪੀ., ਐਲਡਰਮੈਨ ਡੌਨਲੀ, ਚਰਨਪਾਲ ਗਿੱਲ, ਤੇ ਅਨੀਤਾ ਹੇਗਨ ਐਮ. ਐਲ. ਏ. ।

ਦਿਨ ਸੋਮਵਾਰ, 19 ਅਕਤੂਬਰ ਨੂੰ ਬੀ. ਸੀ. ਆਫਰ ਸੁਸਾਇਟੀ ਤੇ ਪਿਕਸ ਸੁਸਾਇਟੀ ਦੇ ਦਫਤਰ ਦਾ ਉਦਘਾਟਨ ਪਾਊਲੀਨ ਜਿਊਟ, ਮੈਂਬਰ ਪਾਰਲੀਮੈਂਟ ਨੇ ਉਦਘਾਟਨ ਕੀਤਾ। ਕੁਝ ਉਘੇ ਸੱਜਣ ਪਹੁੰਚੇ ਹੋਏ ਸਨ ਜਿਨ੍ਹਾਂ ਅਨੀਤਾ ਹੇਗਨ, ਐਮ. ਐਲ. ਏ., ਲੂਈ ਸੌਰਨਸਨ, ਮਿਸਟਰ ਡਾਨਲੀ ਐਲਡਰਮੈਨ, ਅਜ਼ੀਜ਼ ਖਾਕੀ ਤੇ ਬੀ. ਸੀ. ਟੀ. ਐਫ. ਅਤੇ ਮਲਟੀਕਲਚਰਲ ਦੇ ਪ੍ਰਤੀਨਿਧ ਇੰਦਰ ਮੋਹਤ ਭੀ ਪਹੁੰਚੇ ਹੋਏ ਸਨ ।

ਸਾਰੇ ਆਏ ਮੈਂਬਰਾਂ ਨੂੰ ਚਰਨਪਾਲ ਗਿੱਲ ਨੇ ਦੋਨਾਂ ਸੁਸਾਇਟੀਆਂ ਦੇ ਪ੍ਰਧਾਨ ਹੋਣ ਦੇ ਨਾਤੇ ਜਾਣਕਾਰੀ ਦੁਆਈ । ਉਨ੍ਹਾਂ ਕਿਹਾ ਕਿ ਇਹ ਪਹਿਲੀਆਂ ਦੋ ਸੁਸਾਇਟੀਆਂ ਹਨ ਜੋ ਕਿ ਅਗਾਂਹਵਧੂ ਭਾਰਤੀਆਂ ਨੇ ਖੁਦ ਇਕੱਠੇ ਕਮਿਊਨਿਟੀ ਦੇ ਸਾਂਝੇ ਕੰਮਾਂ ਲਈ ਸਥਾਪਤ ਕੀਤੀਆਂ ।

ਨਸਲਵਾਦ ਦੀ ਲੜਾਈ ਉਨਾ ਚਿਰ ਨਹੀਂ ਲੜੀ ਜਾ ਸਕਦੀ ਜਿੰਨਾ ਚਿਰ ਇਸਦੀਆਂ ਜੜ੍ਹਾਂ ਦੀ ਖੋਜ ਨਾ ਕੀਤੀ ਜਾਵੇ। ਖੋਜ ਤੋਂ ਅਸੀਂ ਹੱਲ ਭੀ ਲੱਭ ਸਕਦੇ ਹਾਂ। ਇਸ ਖੋਜ ਦੇ ਆਸਰੇ ਅਸੀਂ ਲੋਕਾਂ ਨੂੰ ਸਿਖਿਆ ਭੀ ਦੇ ਸਕਦੇ ਹਾਂ ਕਿ ਕਿਸ ਯੋਗ ਢੰਗ ਨਾਲ ਨਸਲਵਾਦ ਨੂੰ ਘਟਾਇਆ ਜਾ ਸਕਦਾ ਹੈ । ਬਹੁ ਭਾਂਤੀ ਸਭਿਆਚਾਰਕ ਵਿਦਿਆ ਦੇ ਕੇ ਅਸੀਂ ਸਾਡੀ ਕਮਿਊਨਿਟੀ ਤੇ ਦੂਸਰੀਆਂ ਕਮਿਉਨਿਟੀਆਂ ਦੇ ਵਿਚਾਲੇ ਰਿਸ਼ਤੇ ਦਾ ਪੁਲ ਬੰਨ ਸਕਦੇ ਹਾਂ । ਇਸੇ ਤਰ੍ਹਾਂ ਪਿਕਸ ਸੁਸਾਇਟੀ ਆਪਦੇ ਰੇਡੀਓ ਪਰੋਗਰਾਮ ਰਾਹੀਂ ਲੋਕਾਂ ਤੱਕ ਪੁਜ ਸਕਦੀ ਹੈ । ਸਾਡੀਆਂ ਤਕਲੀਫਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰ ਸਕਦੀ ਹੈ। ਸਮਾਜਕ ਕੁਰੀਤੀਆਂ ਦੀ ਨਿੰਦਿਆ ਕਰਕੇ ਲੋਕਾਂ ਵਿਚ ਜਾਗਰਤੀ ਪੈਦਾ ਕਰ ਸਕਦੀ ਹੈ ।

ਪਾਊਲੀਨ ਜਿਊਟ ਨੇ ਕਿਹਾ ਕਿ ਬਹੁਤ ਚੰਗਾ ਉਦਮ ਹੈ ਤੇ ਉਸਨੇ ਆਪਦੀ ਕਾਂਸਟਿਚਿਊਸੀ ਵਿਚ ਦਫਤਰ ਖੋਹਲਣ ਬਾਰੇ ਖੁਸ਼ੀ ਪ੍ਰਗਟ ਕੀਤੀ ਤੇ ਜੀਅ ਆਇਆ ਕਿਹਾ । ਅਨੀਤਾ ਹੇਗਨ ਐਮ ਐਲ ਏ ਨੇ ਕਿਹਾ ਕਿ ਨਿਊਵੈਸਟ ਵਿਚ ਅਜਿਹੀਆਂ ਏਜੰਸੀਆਂ ਦੀ ਲੋੜ ਸੀ। ਇਹ ਦੋਨੋਂ ਏਜੰਸੀਆਂ ਇਸ ਘਾਪੇ ਨੂੰ ਪੂਰਾ ਕਰ ਦੇਣਗੀਆਂ । ਐਲਡਰਮੈਨ ਡਾਨਲੀ ਨੇ ਕਿਹਾ ਕਿ ਉਸਨੇ ਭੀ ਬਿਜ਼ਨਿਸ ਇਸ ਦਫਤਰ ਤੋਂ ਸ਼ੁਰੂ ਕੀਤੀ ਸੀ। ਅੱਜ 18 ਸਾਲਾਂ ਬਾਅਦ ਉਹ ਇਕ ਸਫਲ ਬਿਜ਼ਨਿਸਮੈਨ ਹੈ। ਮਿਸਟਰ ਜੈਕਲੀਕਾਰ ਜੋ ਇਕ ਭਾਰਤੀ ਹੈ ਤੇ ਨਿਊਵੈਸਟ ਵਿਚ ਸਕੂਲ ਟਰੱਸਟੀ ਭੀ ਹੈ, ਕਿਹਾ ਕਿ ਕਾਲੇ ਰੰਗ ਦੇ ਲੋਕਾਂ ਨੂੰ ਖਾਸ ਕਰਕੇ ਜੋ ਸਿਆਸੀ ਘੋਲ ਵਿਚ ਅਗੇ ਵਧਣਾ ਚਾਹੁੰਦੇ ਹਨ ਬਹੁਤ ਹੀ ਮੁਸ਼ਕਲਾਂ ਸਾਹਮਣੇ ਆਉਂਦੀਆਂ ਹਨ

ਇਹ ਦੋਨਾਂ ਸੁਸਾਇਟੀਆਂ ਨਿਊਵੈਸਟਮਿਨਸਟਰ ਹੀ ਨਹੀਂ ਪਰ ਲੋਅਰ ਮੇਨਲੈਂਡ ਦੇ ਸਾਰੇ ਕਾਲੇ ਰੰਗ ਤੇ ਭਾਰਤੀ ਲੋਕਾਂ ਦੀ ਮੱਦਦ ਕਰਨਗੀਆਂ। ਡਾਕਟਰ ਕੈਮ ਪਰਸਾਦ ਜੋ ਫਿਜ਼ੀ ਤੋਂ ਹਨ ਇਸ ਵਿਚ ਕੰਮ ਕਰਨਗੇ । ਇਸਦਾ ਐਡਰੈਸ ਹੈ

907A - 12th St.
New Westminster, B.C. Tel: 521-2749

ਕਮਿਊਨਿਟੀ ਲਈ ਸੂਚਨਾ

ਵੈਸਟਰਨ ਕੇਬਲ 4 ਵਲੋਂ 'ਦੱਖਣੀ ਏਸ਼ੀਅਨ ਮੋਜ਼ਾਇਕ' ਪਰੋਗਰਾਮਾਂ ਦੀ ਲੜੀ ਟੀ. ਵੀ. ਉਤੇ ਪੇਸ਼ ਕੀਤੀ ਜਾ ਰਹੀ ਹੈ । ਇਸ ਪ੍ਰੋਗਰਾਮ ਦੇ ਪ੍ਰੋਡਿਊਸਰ ਤੇ ਹੋਸਟ ਹੇਮੀ ਧਨੋਆ ਹਨ ਜੋ ਸੋਸ਼ਲ ਵਰਕਰ ਹਨ ਕਮਿਊਨਿਟੀ ਦੀਆਂ ਵੱਖ ਵੱਖ ਸੰਸਥਾਵਾਂ ਅਤੇ ਵਿਅਕਤੀਆਂ ਨੇ ਇਹ ਪਰੋਗਰਾਮ ਬਨਾਉਣ ਵਿਚ ਵਲੰਟੀਅਰ ਦੇ ਤੌਰ ਉਤੇ ਸਹਾਇਤਾ ਕੀਤੀ ਹੈ । ਵੱਖ ਵੱਖ ਧਾਰਮਿਕ ਅਕੀਦਿਆਂ, ਸਭਿਆਚਾਰਾਂ ਤੇ ਬੋਲੀਆਂ ਦਾ ਮਿਸ਼ਰਣ 'ਦੱਖਣੀ ਏਸ਼ੀਅਨ ਮੋਜ਼ਾਇਕ' ਪ੍ਰੋਗਰਾਮ ਹੈ ।

ਵਲੰਟੀਅਰਾਂ ਦੀ ਸਹਾਇਤਾ ਨਾਲ ਤਿਆਰ ਕੀਤਾ ਇਹ ਸੰਯੁਕਤ ਪਰੋਗਰਾਮ ਹੈ ਜਿਸ ਵਿਚ —

(1) ਮਨੋਰੰਜਨ ਹੈ — ਨਾਚ, ਗੀਤ, ਸੰਗੀਤ, ਕਵਿਤਾਵਾਂ ਆਦਿ
(2) ਜਾਣਕਾਰੀ ਹੈ — ਮੁਲਾਕਾਤਾਂ, ਵਿਚਾਰ-ਵਟਾਂਦਰੇ ਤੇ ਸੰਪਾਦਕੀਆਂ ਆਦਿ ।

ਪ੍ਰੋਗਰਾਮ

ਅੱਧੇ ਅੱਧੇ ਘੰਟੇ ਦੇ ਚੌਦਾਂ ਪਰੋਗਰਾਮ ਹੇਠ ਲਿਖੇ ਅਨੁਸਾਰ ਹਨ :

1. ਸਰੀ — ਅਕਤੂਬਰ 19, ਸੋਮਵਾਰ 8 ਵਜੇ ਸ਼ਾਮ ਤੋਂ 8.30 ਸ਼ਾਮ
ਨੀਊਵੈਸਟ — ਅਕਤੂਬਰ 23, ਸ਼ੁਕਰਵਾਰ 7 ਵਜੇ ਸ਼ਾਮ ਤੋਂ 7.30 ਵਜੇ ਸ਼ਾਮ
ਲੈਂਗਲੀ — ਅਕਤੂਬਰ 25, ਐਤਵਾਰ 8.30 ਵਜੇ ਸ਼ਾਮ ਤੋਂ 9 ਵਜੇ ਸ਼ਾਮ ।

2. ਵੈਨਕੂਵਰ,
ਬਰਨਬੀ, ਰਿਚਮੰਡ — ਨਵੰਬਰ 8, ਐਤਵਾਰ 2 ਵਜੇ ਸ਼ਾਮ ਤੋਂ 2.30 ਵਜੇ ਸ਼ਾਮ
ਕੁਕਿਟਲਮ, ਪੋਰਟ ਕੁਕਿਟਲਮ — ਨਵੰਬਰ 9, ਸੋਮਵਾਰ 9.30 ਸਵੇਰ ਤੋਂ 10 ਵਜੇ ਸਵੇਰ
ਪੋਰਟਮੂਡੀ, ਮਿਸ਼ਨ — ਨਵੰਬਰ 12, ਵੀਰਵਾਰ 7.30 ਸ਼ਾਮ ਤੋਂ 8 ਵਜੇ ਸ਼ਾਮ
ਮੇਪਲ ਰਿਜ, ਨਾਰਥ ਸਾਈਡ ਆਫ ਫਰੇਜ਼ਰ ਰਿਵਰ — ਨਵੰਬਰ 14, ਸ਼ਨਿਚਰਵਾਰ 12.30 ਸ਼ਾਮ ਤੋਂ 1.00 ਸ਼ਾਮ

3. ਡੈਲਟਾ — ਨਵੰਬਰ 20, ਸ਼ੁਕਰਵਾਰ 7.30 ਵਜੇ ਸ਼ਾਮ ਤੋਂ 8.00 ਵਜੇ ਸ਼ਾਮ — ਨਵੰਬਰ 27, ਸ਼ੁਕਰਵਾਰ 7.30 ਵਜੇ ਸ਼ਾਮ ਤੋਂ 8 ਵਜੇ ਸ਼ਾਮ — ਦਸੰਬਰ 4 — ਦਸੰਬਰ 11 — ਦੋ ਇਕ ਘੰਟੇ ਦੇ ਸਪੇਸ਼ਲ

4. ਵਿਕਟੋਰੀਆ — ਨਵੰਬਰ 8, ਐਤਵਾਰ 2 ਵਜੇ ਸ਼ਾਮ ਤੋਂ 2.30 ਵਜੇ ਸ਼ਾਮ — ਨਵੰਬਰ 14, ਸ਼ਨਿਚਰਵਾਰ — 12.30 ਵਜੇ ਸ਼ਾਮ ਤੋਂ 1 ਵਜੇ ਸ਼ਾਮ ।

1988 ਜਨਵਰੀ (ਪ੍ਰੋਗਰਾਮ 1—14)
ਜਨਵਰੀ 5 — ਮੰਗਲਵਾਰ 10.30 ਵਜੇ ਸ਼ਾਮ ਤੋਂ 11 ਵਜੇ ਸ਼ਾਮ
ਜਨਵਰੀ 8 — ਸ਼ੁਕਰਵਾਰ 7.30 ਵਜੇ ਸ਼ਾਮ ਤੋਂ 8.00 ਵਜੇ ਸ਼ਾਮ
ਹੋਰ ਜਾਣਕਾਰੀ ਲਈ ਫੋਨ ਕਰੋ :—

ਵੈਸਟਰਨ ਕੇਬਲ 4 — 588-0441

ਸੇਲਜ਼ਮੈਨ ਜ਼ਖਮੀ ਕਰਕੇ ਪਟਰੌਲ ਪੰਪ ਤੋਂ 1500 ਲੁਟੇ

ਧੂਰੀ — ਤਿੰਨ ਸਕੂਟਰ ਸਵਾਰ ਦਹਿਸ਼ਤਪਸੰਦਾਂ ਨੇ ਪਿੰਡ ਮੁਲੋਵਾਲ ਦੇ ਪੈਟਰੌਲ ਪੰਪ ਦੇ ਸੇਲਜ਼ਮੈਨ ਰਾਮਜੀ ਦਾਸ ਨੂੰ ਗੰਭੀਰ ਜ਼ਖਮੀ ਕਰਕੇ ਪੈਟਰੌਲ ਪੰਪ ਤੋਂ 1500 ਰੁਪਏ ਲੁਟ ਲਏ। ਜ਼ਖਮੀ ਨੂੰ ਸ੍ਰੀ ਐਮ ਸੀ ਲੁਧਿਆਣਾ ਭੇਜਿਆ ਗਿਆ ਹੈ । ਸੂਚਨਾ ਮਿਲਣ ਤੇ ਐਸ ਐਚ ਓ ਹਰਭਜਨ ਸਿੰਘ ਮੌਕੇ ਤੇ ਪਹੁੰਚ ਗਏ ਤੇ ਪੁਛਗਿਛ ਲਈ ਉਨ੍ਹਾਂ ਪੰਜ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ ।

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM


To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address......................................
City...
Province.....................................
Postal code..................................
PHONE.

One Year .... 25 dollars
Two Year .... 45 dollars
Three year .... 65 dollars
Life membership.......... 300 dollars
ASIA.......................... 100 dollars[a year]
U.S.A. .... 30 dollars [a year]
Europe .... 100 dollars[a year]
Africa .... 100 dollars [a year]

ਰਾਜੀਵ ਗਾਂਧੀ ਨੂੰ ਮਿਲਣ ਵਾਲਿਆਂ ਨੂੰ ਮਾਯੂਸੀ ਦੇਖਣੀ ਪਈ



ਵੈਨਕੂਵਰ — 'ਸਨ' ਅਖਬਾਰ ਦੀ ਖਬਰ ਅਨੁਸਾਰ ਕੁਝ ਲੋਕ ਰਾਜੀਵ ਗਾਂਧੀ ਨੂੰ ਮਿਲਣਾ ਚਾਹੁੰਦੇ ਸਨ ਪਰ ਕੈਨੇਡਾ ਦੇ ਪੁਲਸ ਅਧਿਕਾਰੀਆਂ ਨੇ ਉਸ ਲਿਸਟ ਵਿਚ ਕੁਝ ਅਜਿਹੇ ਵਿਅਕਤੀਆਂ ਦੇ ਨਾਂ ਦੇਖੇ ਜੋ ਸੁਰੱਖਿਆ ਲਈ ਖਤਰਾ ਬਣ ਸਕਦੇ ਸਨ। ਸ਼ਨਿਚਰਵਾਰ ਨੂੰ ਸਾਢੇ ਛੇ ਵਜੇ ਹੋਣ ਵਾਲੀ ਮੀਟਿੰਗ ਕੈਂਸਲ ਕੀਤੀ ਗਈ।

ਇਕ ਹੋਰ ਸੂਚਨਾ ਅਨੁਸਾਰ ਇੰਡੋ-ਕੈਨੇਡੀਅਨ ਮੀਡੀਏ ਨੂੰ ਪਹਿਲਾਂ ਹੀ ਜਾਣ ਬੁਝ ਕੇ ਇਸ ਮੀਟਿੰਗ ਤੋਂ ਪਾਸੇ ਰੱਖਿਆ ਗਿਆ ਸੀ ਪਰ ਇਕ ਅਖਬਾਰ ਵਾਲਾ ਇਸ ਮੀਟਿੰਗ ਵਿਚ ਜ਼ਰੂਰ ਬੁਲਾਇਆ ਗਿਆ ਸੀ।

ਪ੍ਰਧਾਨ ਮੰਤਰੀ ਨੇ ਅੰਗਰੇਜ਼ੀ ਮੀਡੀਏ ਨੂੰ ਕਿਹਾ ਕਿ ਮੀਟਿੰਗ ਇਸ ਲਈ ਕੈਂਸਲ ਕਰਨੀ ਪਈ ਕਿਉਂਕਿ ਅੰਤਲਾ ਸਮਾਗਮ ਬਹੁਤ ਲੰਮਾ ਹੋ ਗਿਆ ਸੀ।

ਸੁਰੱਖਿਆ ਲਈ ਖਤਰਾ ?

ਆਮ ਕਮਿਊਨਿਟੀ ਵਿਚ ਇਸ ਗੱਲ ਉਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਪਹਿਲਾਂ 150 ਆਦਮੀ ਦੀ ਲਿਸਟ ਸੀ ਜੋ ਘਟਾ ਕੇ 50 ਕੀਤੀ ਗਈ ਪਰ ਉਨ੍ਹਾਂ 50 ਵਿਅਕਤੀਆਂ ਵਿਚ ਵੀ ਅਜਿਹੇ ਸੱਜਣ ਹੋ ਸਕਦੇ ਹਨ ਜਿਨ੍ਹਾਂ ਦੇ ਖਾਲਿਸਤਾਨੀ ਅਨਸਰਾਂ ਨਾਲ ਸਬੰਧ ਹਨ। ਇੰਡੋ-ਕੈਨੇਡੀਅਨ ਮੀਡੀਏ ਨੂੰ ਪਾਸੇ ਰੱਖਣ ਵਿਚ ਵੀ ਕੋਈ ਤੁੱਕ ਕਿਸੇ ਨੂੰ ਨਜ਼ਰ ਨਹੀਂ ਆਉਂਦੀ।

ਡਾ: ਪਾਂਡੀਆ ਨਾਲ ਮੁਲਾਕਾਤ

ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਸੱਦੇ ਉਤੇ ਡਾ: ਪਾਂਡੀਆ ਨੂੰ ਬੁਲਾਇਆ 'ਸਨ' ਅਖਬਾਰ ਵਿਚ ਕਿਮ ਬੋਲਨ ਨੇ ਲਿਖਿਆ ਹੈ ਕਿ ਡਾ: ਪਾਂਡੀਆ ਅਜਿਹਾ ਵਿਅਕਤੀ ਹੈ ਜੋ ਭਾਰਤ ਦੇ ਇਕ ਪ੍ਰਵਾਰ ਦੇ ਤਿੰਨ ਪ੍ਰਧਾਨ ਮੰਤਰੀਆਂ ਨੂੰ ਮਿਲਿਆ ਹੈ। ਵੈਨਕੂਵਰ ਵਿਚ 1947 ਵਿਚ ਉਹ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲਿਆ, 1973 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲਿਆ ਤੇ 1987 ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ।

ਤਿੰਨ ਸੀਨੀਅਰ ਸ਼ਹਿਰੀਆਂ ਨੇ ਰਾਜੀਵ ਗਾਂਧੀ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਵਿਚ ਡਾ: ਪਾਂਡੀਆ ਵੀ ਸ਼ਾਮਲ ਸਨ। ਡਾ: ਪਾਂਡੀਆ ਕੈਨੇਡਾ ਵਿਚ 1939 ਵਿਚ ਆਏ ਸਨ। ਡਾ: ਪਾਂਡੀਆ ਨੇ ਪੰਜਾਬ ਦੇ ਮਸਲੇ ਉਤੇ ਰਾਜੀਵ ਗਾਂਧੀ ਨਾਲ ਗੱਲਬਾਤ ਕੀਤੀ ਤਾਂ ਸ੍ਰੀ ਗਾਂਧੀ ਨੇ ਕਿਹਾ ਕਿ ਕੇਂਦਰ ਸਰਕਾਰ ਜਮਹੂਰੀਅਤ ਬਰਕਰਾਰ ਰੱਖਣਾ ਚਾਹੁੰਦੀ ਹੈ ਪਰ ਪੰਜਾਬ ਵਿਚ ਆਪੋਧਾਪੀ ਪਈ ਹੋਈ ਹੈ।

ਯੂ. ਪੀ. ਦੇ ਤਰਾਈ ਦੇ ਜ਼ਿਲਿਆਂ 'ਚ ਕਈ ਅਤਿਵਾਦੀ ਕਾਰਵਾਈਆਂ

ਰਾਮਪੁਰ — ਰਾਮਪੁਰ ਅਤੇ ਮੁਰਾਦਾਬਾਦ ਜਿਲਿਆਂ ਦੇ ਕੋਈ ਪੰਜਾਹ ਤੋਂ ਵੱਧ ਪਿੰਡਾਂ ਦੇ ਲਗਭਗ 40000 ਲੋਕਾਂ ਨੂੰ ਦਹਿਸ਼ਤਗਰਦੀ ਦੇ ਖਤਰਿਆਂ ਤੋਂ ਗੰਭੀਰ ਖਤਰਾ ਦਰਪੇਸ਼ ਹੈ। ਪਿਛਲੇ ਇਕ ਮਹੀਨੇ ਦੌਰਾਨ ਬਹੁਤ ਸਾਰੀਆਂ ਲਾਸ਼ਾਂ ਸੜਕਾਂ, ਖੇਤਾਂ ਆਦਿ ਥਾਵਾਂ ਤੋਂ ਮਿਲੀਆਂ ਹਨ। ਇਸ ਇਲਾਕੇ ਦੇ ਕੁਝ ਵਸਨੀਕਾਂ ਨੇ ਦੱਸਿਆ ਕਿ 25 ਸਤੰਬਰ ਵਾਲੇ ਇਕੋ ਦਿਨ ਹੀ ਬਹਾਲਾ ਨਦੀ ਨੇੜੇ ਪਈਆਂ ਚਾਰ ਲਾਸ਼ਾਂ ਮਿਲੀਆਂ, ਇਕ ਡਾਕਟਰ ਦੀ ਕਲੀਨਿਕ ਲੁਟ ਲਈ ਗਈ ਸਾਰੇ ਮਰੀਜਾਂ ਕੋਲੋਂ ਸਾਮਾਨ ਤੇ ਨਕਦੀ ਵੀ ਲੁੱਟ ਲਈ। ਇਕ ਟੈਂਪੂ ਨੂੰ ਅੱਗ ਲਾ ਦਿੱਤੀ ਗਈ ਪਿੰਡ ਵਾਸੀਆਂ ਨੇ ਇਕ ਵਿਦਿਆਰਥੀ ਦੀ ਕਹਾਣੀ ਵੀ ਸੁਣਾਈ ਜਿਸ ਨੂੰ ਅਗਵਾ ਕਰ ਲਿਆ ਗਿਆ ਸੀ ਅਤੇ ਉਸ ਦੀ ਰਿਹਾਈ ਲਈ ਇਕ ਲੱਖ ਰੁਪਏ ਦੀ ਰਕਮ ਮੰਗੀ ਗਈ। ਇਹ ਪਤਾ ਚਲਿਆ ਹੈ ਕਿ ਇਨ੍ਹਾਂ ਲੁਟਖੋਹਾਂ ਤੇ ਕਤਲਾਂ ਪਿਛੇ ਕੁਝ ਗਰੋਹਾਂ ਦਾ ਹੱਥ ਹੈ। ਇਹਨਾਂ ਗਰੋਹਾਂ ਕੋਲ ਆਧੁਨਿਕ ਕਿਸਮ ਦੇ ਹਥਿਆਰ ਹਨ ਜਿਹੜੇ ਉਹਨਾਂ ਆਪਣੇ ਦਹਿਸ਼ਤਗਰਦਾਂ ਨਾਲ ਸਬੰਧਾਂ ਤੋਂ ਪ੍ਰਾਪਤ ਕੀਤੇ ਹਨ।

ਹੁਣ ਦੋ ਸ਼੍ਰੋਮਣੀ ਕਮੇਟੀਆਂ

ਚੰਡੀਗੜ੍ਹ — ਆਨੰਦਪੁਰ ਸਾਹਿਬ ਵਿਚ 16 ਅਕਤੂਬਰ ਨੂੰ ਸੰਯੁਕਤ ਅਕਾਲੀ ਦਲ ਧੜੇ ਦੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਪੰਦਰਾਂ ਸਾਲ ਤੋਂ ਚਲੇ ਆ ਰਹੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਮੁੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਜਦ ਕਿ ਸ਼੍ਰੋਮਣੀ ਅਕਾਲੀ ਦਲ (ਲੌਂ:) ਧੜੇ ਨੇ ਹਰਚਰਨ ਸਿੰਘ ਹੁਡਿਆਰਾ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਦਾ ਦਾਅਵਾ ਕੀਤਾ ਹੈ। ਦੋਨਾਂ ਧੜਿਆਂ ਨੇ ਆਪਣੀ ਆਪਣੀ ਆਹੁਦੇਦਾਰਾਂ ਦੀ ਲਿਸਟ ਵੀ ਵੱਖ ਵੱਖ ਰੀਲੀਜ਼ ਕੀਤੀ।

ਸਰਕਾਰ ਨੂੰ ਦਿਤੇ ਗਏ ਨੋਟਿਸ ਵਿਚ ਦੋਨਾਂ ਧੜਿਆਂ ਨੇ ਆਪਣੇ ਆਪਣੇ ਅਹੁਦੇਦਾਰਾਂ ਦੇ ਨਾਂ ਪੇਸ਼ ਕੀਤੇ ਹਨ। ਦੋਵਾਂ ਧੜਿਆਂ ਵਿਚ ਸਮਝੌਤੇ ਲਈ ਚਲ ਰਹੀ ਗੱਲਬਾਤ ਆਖਰੀ ਸਮੇਂ ਟੁੱਟ ਜਾਣ ਕਾਰਨ ਇਹ ਕਾਰਵਾਈ ਹੋਈ ਹੈ।

ਬੀ. ਜੇ. ਪੀ. ਵਲੋਂ ਪੰਜਾਬ ਫੌਜ ਹਵਾਲੇ ਕਰਨ ਦੀ ਮੁੜ ਦੁਹਾਈ

ਜੋਧਪੁਰ — ਭਾਰਤੀ ਜਨਤਾ ਪਾਰਟੀ ਨੇ ਆਪਣੀ ਕੌਮੀ ਕਾਰਜਕਾਰਨੀ ਦੀ ਤਿੰਨ ਦਿਨਾਂ ਮੀਟਿੰਗ ਦੇ ਆਖਰੀ ਦਿਨ ਪੰਜਾਬ ਸਥਿਤੀ ਦਾ ਰੀਵੀਊ ਕਰਦਿਆਂ ਦਹਿਸ਼ਤਗਰਦਾਂ ਨੂੰ ਆਮ ਲੋਕਾਂ ਨਾਲੋਂ ਨਿਖੇੜਨ ਲਈ ਕਿਹਾ ਹੈ ਅਤੇ ਕਿਹਾ ਹੈ ਕਿ ਅੱਜ ਪੰਜਾਬ ਦੀ ਸਥਿਤੀ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਦੀ ਸਥਿਤੀ ਨਾਲੋਂ ਵੀ ਜ਼ਿਆਦਾ ਵਿਗੜ ਗਈ ਹੈ। ਇਸ ਦੇ ਮਤੇ ਵਿਚ ਪੰਥਕ ਕਮੇਟੀ ਵਲੋਂ ਖਾਲਿਸਤਾਨ ਕਾਇਮ ਕਰਨ ਦੇ ਐਲਾਨ ਦੀ ਵੀ ਸਖਤ ਨਿਖੇਧੀ ਕੀਤੀ ਗਈ ਹੈ। ਪਾਰਟੀ ਵਲੋਂ ਅਪਣਾਏ ਗਏ ਮਤੇ ਵਿਚ ਕਿਹਾ ਗਿਆ ਹੈ ਕਿ ਰਾਜੀਵ ਗਾਂਧੀ ਕੋਲ ਕੋਈ ਨੀਤੀ ਸੇਧ ਨਹੀਂ ਹੈ ਅਤੇ ਇਹ ਅਡਹਾਕ ਆਧਾਰ ਉਤੇ ਮਸਲਿਆਂ ਨੂੰ ਹਲ ਕਰ ਰਿਹਾ ਹੈ। ਇਸ ਨੇ ਆਪਣੀ ਇਹ ਮੰਗ ਮੁੜ ਦੁਹਰਾਈ ਹੈ ਕਿ ਪੱਛਮੀ ਸਰਹੱਦ ਦੇ ਨਾਲ ਨਾਲ ਸੁਰੱਖਿਆ ਪੱਟੀ ਕਾਇਮ ਕੀਤੀ ਜਾਵੇ। ਇਸ ਨੇ ਕੇਂਦਰ ਸਰਕਾਰ ਨੂੰ ਪੰਜਾਬ ਵਿਚ ਫੌਜ ਤਾਇਨਾਤ ਕਰਨ ਲਈ ਵੀ ਕਿਹਾ ਹੈ।

ਦਸ ਹਜ਼ਾਰ ਰੁਪਏ ਲੁੱਟੇ

ਬਟਾਲਾ — ਦੋ ਸਾਈਕਲ ਸਵਾਰ ਦਹਿਸ਼ਤਪਸੰਦਾਂ ਨੇ ਥਾਣਾ ਕਾਦੀਆਂ ਦੇ ਪਿੰਡ ਮੁਰਾਦਪੁਰ ਨੇੜੇ ਸਤਨਾਮ ਸਿੰਘ ਨਾਮੀ ਵਿਅਕਤੀ ਤੋਂ ਦਸ ਹਜ਼ਾਰ ਰੁਪਏ ਦੀ ਰਕਮ ਪਿਸਤੌਲ ਦੀ ਨੋਕ ਤੇ ਲੁਟ ਲਈ ਤੇ ਫਰਾਰ ਹੋ ਗਏ। ਦੱਸਿਆ ਜਾਂਦਾ ਹੈ ਕਿ ਸਤਨਾਮ ਸਿੰਘ ਉਕਤ ਰਕਮ ਲੈ ਕੇ ਆਪਣੇ ਪਿੰਡ ਮੁਰਾਦਪੁਰ ਜਾ ਰਿਹਾ ਸੀ ਕਿ ਰਸਤੇ ਵਿਚ ਦੋ ਸਾਈਕਲ ਸਵਾਰ ਦਹਿਸ਼ਤਪਸੰਦਾਂ ਨੇ ਉਸ ਨੂੰ ਰੋਕਿਆ ਤੇ ਪਿਸਤੌਲ ਦਿਖਾ ਕੇ ਉਸ ਨੂੰ ਸਭ ਕੁਝ ਹਵਾਲੇ ਕਰਨ ਲਈ ਕਿਹਾ ਜਿਸ ਤੇ ਉਸ ਤੋਂ ਉਹ ਦਸ ਹਜ਼ਾਰ ਰੁਪਏ ਦੀ ਰਕਮ ਖੋਹ ਕੇ ਲੈ ਗਏ।

ਪੁਲਸ ਅਨੁਸਾਰ ਅਜੇ ਤਕ ਇਸ ਸਬੰਧ ਵਿਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਤੇ ਕੇਸ ਦਰਜ ਕਰ ਲਿਆ ਗਿਆ ਹੈ। ਦੂਜੇ ਪਾਸੇ ਪੁਲਸ ਨੇ ਯੂਨਾਈਟਿਡ ਕਮਰਸ਼ੀਅਲ ਬੈਂਕ ਵਿਚ ਹੋਈ ਲੁਟ ਦੀ ਘਟਨਾ ਦੇ ਸਬੰਧ ਵਿਚ ਅਖਬਾਰਾਂ 'ਚ ਛਪੀ ਲੁਟ ਦੀ ਰਕਮ ਨੂੰ ਗਲਤ ਕਰਾਰ ਦਿਤਾ ਹੈ ਤੇ ਕਿਹਾ ਹੈ ਕਿ ਬੈਂਕ ਵਿਚੋਂ ਕੇਵਲ 32,722 ਰੁਪਏ ਦੀ ਰਕਮ ਲੁਟੀ ਗਈ ਅਤੇ ਬੈਂਕ ਵਿਚ ਪੰਜ ਦਹਿਸ਼ਤਪਸੰਦ ਆਏ ਸਨ। ਉਕਤ ਬੈਂਕ ਦੀ ਲੁਟ ਸਬੰਧੀ ਦਹਿਸ਼ਤਪਸੰਦਾਂ ਦੀ ਸਰਗਰਮੀ ਨਾਲ ਤਲਾਸ਼ ਜਾਰੀ ਹੈ।

ਜਕਾਰਤਾ ਵਿਚ ਭਿਆਨਕ ਰੇਲ ਹਾਦਸਾ

ਜਕਾਰਤਾ — ਇਥੇ ਦੋ ਰੇਲਾਂ ਵਿਚਕਾਰ ਟੱਕਰ ਹੋ ਜਾਣ ਨਾਲ 162 ਆਦਮੀ ਮਾਰੇ ਗਏ ਅਤੇ 325 ਬੁਰੀ ਤਰ੍ਹਾਂ ਜ਼ਖਮੀ ਹੋਏ। ਇੰਡੋਨੇਸ਼ੀਆ ਦੇ ਇਤਿਹਾਸ ਵਿਚ ਇਹ ਹਾਦਸਾ ਸਭ ਤੋਂ ਭਿਆਨਕ ਹਾਦਸਾ ਸੀ।

ਸੋਮਵਾਰ ਹੋਏ ਇਸ ਹਾਦਸੇ ਸਮੇਂ ਦੋਵੇਂ ਰੇਲਗੱਡੀਆਂ ਆਹਮੋ ਸਾਹਮਣੇ ਟਕਰਾ ਗਈਆਂ।

ਸਤਲੁਜ ਪੁਲ ਲਾਗੋਂ ਫੌਜੀ ਦੀ ਲਾਸ਼ ਮਿਲੀ

ਪੁਲਸ ਨੇ ਫਿਲੌਰ ਨੇੜੇ ਸਤਲੁਜ ਦੇ ਪੁਲ ਲਾਗੋਂ ਦਰਿਆ ਵਿਚੋਂ ਇਕ ਫੌਜੀ ਜਵਾਨ ਦੀ ਲਾਸ਼ ਬਰਾਮਦ ਕੀਤੀ ਹੈ। ਮ੍ਰਿਤਕ ਦੀ ਜਾਮਾ ਤਲਾਸ਼ੀ ਲੈਣ ਤੋਂ ਪਤਾ ਚਲਿਆ ਕਿ ਉਸਦਾ ਨਾਂ ਜਵਾਹਰ ਸਿੰਘ ਹੈ। ਪੁਲਸ ਦਾ ਵਿਚਾਰ ਹੈ ਕਿ ਉਹ ਰਾਤ ਨੂੰ ਚਲਦੀ ਰੇਲ ਗੱਡੀ ਵਿਚੋਂ ਪੁਲ ਨੇੜੇ ਡਿੱਗ ਪਿਆ ਹੋਏਗਾ।

The Manitoba Mirror

ਮੈਨੀਟੋਬਾ ਦਰਪਣ

ਕਾਮਨਵੈਲਥ ਕਾਨਫਰੰਸ ਅਤੇ ਸੰਬੰਧਿਤ ਮੀਟਿੰਗਾਂ

ਸੂਫ਼ੀ ਅਮਰਜੀਤ

ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ 13 ਅਕਤੂਬਰ ਤੋਂ 17 ਅਕਤੂਬਰ ਤੱਕ ਹੋਈ 49 ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਸਮਾਪਤ ਹੋ ਚੁੱਕੀ ਹੈ। ਕਾਮਨਵੈਲਥ ਇੰਗਲੈਂਡ ਸਮੇਤ ਉਨ੍ਹਾਂ ਦੇਸ਼ਾਂ ਦਾ ਇਕ ਮੰਡਲ ਹੈ, ਜੋ ਕਦੀ ਬਰਤਾਨਵੀ ਸਾਮਰਾਜ ਦੇ ਬਸਤੀਵਾਦੀ ਰਾਜ ਦੇ ਹੇਠ ਗੁਲਾਮ ਰਹੇ ਹਨ। ਇਨ੍ਹਾਂ ਦੇਸ਼ਾਂ ਦੇ ਆਪਸੀ ਵਪਾਰਕ ਸੰਬੰਧਾਂ ਤੋਂ ਬਿਨਾਂ, ਕੁਝ ਰਾਜਨੀਤਕ, ਸਮਾਜੀ ਅਤੇ ਪਰਸਪਰ ਦਿਲਚਸਪੀ ਦੇ ਵਿਸ਼ੇ ਸਮੇਂ ਸਮੇਂ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ। ਇਹ ਕਾਨਫਰੰਸ ਹਰ ਦੋ ਸਾਲੀਂ ਹੁੰਦੀ ਹੈ। ਇਹ 49 ਦੇਸ਼ ਲਗਪਗ ਸੰਸਾਰ ਦੇ ਦੇਸ਼ਾਂ ਦਾ ਇਕ ਤਿਮਾਹੀ ਹਨ ਅਤੇ ਵਸੋਂ ਦਾ ਚੌਥਾ ਹਿਸਾ ਆਪਣੇ ਘੇਰੇ ਵਿਚ ਲੈਂਦੇ ਹਨ।

ਵੈਨਕੂਵਰ ਵਿਚ ਹੋਈ ਇਸ ਕਾਨਫਰੰਸ ਵਿਚ ਮੁੱਖ ਵਿਸ਼ਾ 'ਦੱਖਣੀ ਅਫਰੀਕਾ ਦੇ ਨਸਲੀ ਭੇਦ ਭਾਵ ਦੇ ਰਾਜ' ਨੂੰ ਖਤਮ ਕਰਨ ਲਈ ਉਥੋਂ ਦੇ ਗੋਰੇ ਨਸਲਵਾਦੀ ਹਾਕਮਾਂ ਉਪਰ ਦਬਾਓ ਪਾਉਣ ਦਾ ਸੀ। ਪਰ ਇਸ ਤੋਂ ਬਿਨਾਂ ਫਿਜ਼ੀ ਅਤੇ ਸ੍ਰੀ ਲੰਕਾ ਦੇ ਵਿਚ ਦੇ ਨਸਲੀ ਸਵਾਲ ਵੀ ਸਨ ਜਿਨ੍ਹਾਂ ਨਾਲ ਭਾਰਤ ਦਾ ਨੇੜੇ ਦਾ ਸਬੰਧ ਹੈ। ਇਸ ਤੋਂ ਬਿਨਾਂ ਨਵੀਂ ਤਕਨੀਕੀ ਪੜ੍ਹਾਈ ਅਤੇ ਆਰਥਕ ਸਹਿਯੋਗ ਆਦਿ ਮਸਲੇ ਵੀ ਵਿਚਾਰ ਅਧੀਨ ਆਏ। ਇਨ੍ਹਾਂ ਵਿਸ਼ਿਆਂ ਸੰਬੰਧੀ ਕਾਮਨਵੈਲਥ ਦੇਸ਼ਾਂ ਦੀਆਂ ਹੋਈਆਂ ਮੀਟਿੰਗਾਂ ਦੀ ਰੌਸ਼ਨੀ ਵਿਚ ਅਸੀਂ ਇਥੇ ਵਿਚਾਰ ਕਰਨਾ ਚਾਹਾਂਗੇ।

ਦੱਖਣੀ ਅਫਰੀਕਾ

ਸਾਰੇ ਸੰਸਾਰ ਵਿਚ ਦੱਖਣੀ ਅਫਰੀਕਾ ਇਕੋ ਇਕ ਅਜਿਹਾ ਦੇਸ਼ ਹੈ ਜਿਥੇ ਪੰਜਾਹ ਲੱਖ ਗੋਰੀ ਆਬਾਦੀ, ਢਾਈਕਰੋੜ ਕਾਲੇ ਲੋਕਾਂ ਨੂੰ ਸਭੇ ਜਮਹੂਰੀ, ਸਮਾਜੀ, ਬਰਾਬਰਤਾ ਵਾਲੇ ਅਤੇ ਰਾਜਨੀਤਕ ਅਧਿਕਾਰਾਂ ਤੋਂ ਬਾਂਝੇ ਰੱਖ ਕੇ ਘਟੀਆ ਦਰਜੇ ਦੇ ਵਸਨੀਕਾਂ ਦਾ ਜੀਵਨ ਜੀਣ ਉਪਰ ਮਜ਼ਬੂਰ ਕਰ ਰਹੀ ਹੈ। ਕਾਲੇ ਲੋਕ, ਜੋ ਦੇਸ਼ ਦੇ ਮਾਲਕ ਹਨ, ਆਪਣੇ ਦੇਸ਼ ਵਿਚ ਗੁਲਾਮ-ਕੈਦੀਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਜਦੋਂ ਉਹ ਹੁਣ ਆਪਣੇ ਬਰਾਬਰਤਾ ਦੇ ਹੱਕਾਂ ਲਈ ਸੰਘਰਸ਼ ਦੇ ਰਾਹ ਤੁਰ ਪਏ ਹਨ ਤਾਂ ਗੋਰੀ ਸਰਕਾਰ ਸਗਵਾਂ ਦਮਨ ਚੱਕਰ ਤੇਜ਼ ਕਰ ਰਹੀ ਹੈ। ਦੱਖਣੀ ਅਫਰੀਕਾ ਦੇ ਲੋਕਾਂ ਦਾ ਆਗੂ ਨੈਲਸਨ ਮੰਡੇਲਾ ਪਿਛਲੇ 25 ਸਾਲਾਂ ਤੋਂ ਕੈਦ ਵਿਚ ਸੁਟਿਆ ਹੋਇਆ ਹੈ, ਹੋਰ ਅਨੇਕਾਂ ਰਾਜਨੀਤਕ ਕੈਦੀ ਵੀ ਉਸ ਸਮੇਂ ਤੋਂ ਹੀ ਜੇਲ੍ਹਾਂ ਵਿਚ ਹਨ।

ਅੱਜ ਸਾਰੇ ਸੰਸਾਰ ਦੇ ਲੋਕ ਇਕ ਆਵਾਜ਼ ਹੋ ਕੇ ਇਸ ਗੈਰ ਇਨਸਾਨੀ ਨਸਲੀ ਭੇਦ-ਭਾਵ ਦੇ ਰਾਜ ਪ੍ਰਬੰਧ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਯੂ. ਐਨ. ਓ. ਵਲੋਂ ਮਤੇ ਪਾਸ ਕੀਤੇ ਗਏ ਹਨ ਕਿ ਇਸ ਗੈਰ ਮਨੁੱਖੀ ਰਾਜ ਨੂੰ ਖਤਮ ਕਰਕੇ ਸਭਨਾਂ ਲੋਕਾਂ ਨੂੰ ਬਰਾਬਰ ਦੇ ਹੱਕ ਦਿੱਤੇ ਜਾਣ। ਹਰ ਇਕ ਨੂੰ ਵੋਟ ਦਾ ਹੱਕ ਦਿਤਾ ਜਾਵੇ। ਪਰ ਨਸਲਵਾਦੀ ਸਰਕਾਰ ਅਮਰੀਕਾ ਅਤੇ ਇੰਗਲੈਂਡ ਦੀ ਸਹਾਇਤਾ ਨਾਲ ਨਸਲੀ ਰਾਜ ਪ੍ਰਬੰਧ ਨੂੰ ਕਾਇਮ ਰਖਦੀ ਹੋਈ, ਇਸ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੇ ਲੋਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕਰ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਜੇਲ੍ਹਾਂ ਵਿਚ ਲੰਮੀਆਂ ਕੈਦਾਂ ਕਰਕੇ ਬੰਦ ਕਰ ਰਹੀ ਹੈ।

ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਜਦੋਂ ਅਪੀਲਾਂ ਨੂੰ ਅਣਸੁਣਿਆ ਕਰ ਰਹੀ ਹੈ ਤਾਂ ਇਸ ਨੂੰ ਨਸਲਵਾਦੀ ਪ੍ਰਬੰਧ ਦੇ ਖਤਮ ਕਰਨ ਲਈ ਦਬਾਓ ਪਾਉਣ ਵਹਸਤੇ ਇਹ ਰਾਹ ਕੱਢਿਆ ਗਿਆ ਕਿ ਉਸ ਦੇ ਨਾਲ ਸਾਰੇ ਦੇਸ਼ ਆਪਣਾ ਵਪਾਰ ਬੰਦ ਕਰ ਦੇਣ। ਇਸ ਤਰ੍ਹਾ ਬਹੁਤ ਸਾਰੇ ਦੇਸ਼ਾਂ ਖਾਸ ਕਰਕੇ ਭਾਰਤ, ਸੋਵੀਅਤ ਯੂਨੀਅਨ, ਚੀਨ ਅਤੇ ਹੋਰ ਸਮਾਜਵਾਦੀ ਅਤੇ ਅਫਰੀਕੀ ਮਹਾਂਦੀਪ ਦੇ ਦੇਸ਼ ਤਾਂ ਮੁਕੰਮਲ ਤੌਰ ਉਪਰ, ਉਸ ਦਾ ਆਰਥਕ-ਵਪਾਰਕ ਬਾਈਕਾਟ ਕਰ ਰਹੇ ਹਨ। ਕੁਝ ਦੇਸ਼ਾਂ ਜਿਵੇਂ ਕੈਨੇਡਾ, ਆਸਟਰੇਲੀਆ, ਨੀਊਜ਼ੀਲੈਂਡ ਅਤੇ ਹੋਰਾਂ ਕਈਆਂ ਨੇ ਅੱਧਾ ਜਾਂ ਅੱਧ ਤੋਂ ਵੱਧ ਆਰਥਕ ਬਾਈਕਾਟ ਕਰ ਰੱਖਿਆ ਹੈ।

ਇੰਗਲੈਂਡ ਅਤੇ ਅਮਰੀਕਾ ਕੋਈ ਵੀਹ ਅਰਬ ਤੋਂ ਵੱਧ ਦਾ ਸਾਲਾਨਾ ਵਪਾਰ ਦੱਖਣੀ ਅਫਰੀਕਾ ਨਾਲ ਕਰ ਰਹੇ ਹਨ। ਪਰ ਅਸੀਂ ਇਥੇ ਇੰਗਲੈਂਡ ਦੀ ਹੀ ਗੱਲ ਕਰ ਰਹੇ ਹਾਂ ਕਿਉਂਕਿ ਉਹ ਕਾਮਨਵੈਲਥ ਦਾ ਮੁੱਢਲਾ ਮੈਂਬਰ ਹੈ। ਇਹ ਬਾਈਕਾਟ ਦੇ ਵਿਰੁਧ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਅਜਿਹਾ ਕਰਨ ਨਾਲ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਹੋਵੇਗਾ। ਜਦੋਂ ਕਿ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੀ ਮੁਖ ਪ੍ਰਤੀਨਿਧ ਜੱਥੇਬੰਦੀ **ਅਫਰੀਕਨ ਨੈਸ਼ਨਲ ਕਾਂਗਰਸ ਅਤੇ ਸਾਂਝਾ ਜਮਹੂਰੀ ਫਰੰਟ** ਇਹ ਜ਼ੋਰਦਾਰ ਮੰਗ ਕਰ ਰਹੇ ਹਨ ਕਿ ਆਰਥਕ ਪਾਬੰਦੀਆਂ ਲਾਈਆਂ ਜਾਣ। ਉਹ ਕਹਿ ਰਹੇ ਹਨ ਕਿ ਅਸੀਂ ਜਿਥੇ ਅਗੇ ਦੁੱਖ ਭਰ ਰਹੇ ਹਾਂ, ਉਥੇ ਅਸੀਂ ਹੋਰ ਕਸ਼ਟ ਝੱਲਣ ਲਈ ਤਿਆਰ ਹਾਂ। ਪਰ ਇਹ ਦੋਵੇਂ ਦੇਸ਼ ਕਾਲੇ ਲੋਕਾਂ ਦੀਆਂ ਮੁਸ਼ਕਲਾਂ ਦਾ ਵਾਵੇਲਾ ਪਾ ਰਹੇ ਹਨ।

ਕਾਮਨਵੈਲਥ ਦੇਸ਼ਾਂ ਦੀ ਇਸ ਵੈਨਕੂਵਰ ਮੀਟਿੰਗ ਵਿਚ ਇਸ ਸਵਾਲ ਨੂੰ, ਮੇਜ਼ਵਾਨ ਦੇਸ਼ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਾਨਫਰੰਸ ਨੂੰ ਆਰੰਭ ਕਰਦਿਆਂ ਜ਼ੋਰਦਾਰ ਸ਼ਬਦਾਂ ਵਿਚ ਆਰਥਕ ਪਾਬੰਦੀਆਂ ਹੋਰ ਕਰੜੀਆਂ ਕਰਨ ਦਾ ਸੁਝਾ ਦਿੱਤਾ, ਜਿਸ ਨਾਲ 48 ਦੇਸ਼ ਪੂਰੀ ਤਰ੍ਹਾਂ ਸਹਿਮਤ ਹੋ ਗਏ, ਪਰ ਇਕੱਲੀ ਇੰਗਲੈਂਡ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਆਪਣੀ ਰਵਾਇਤੀ ਜ਼ਿੱਦੀ ਸੁਭਾਓ ਦਾ ਵਿਖਾਵਾ ਕਰਦੀ ਹੋਈ 'ਮੈਂ ਨਾ ਮਾਨੂੰ' ਦੀ ਮੁਹਾਰਨੀ ਦੀ ਰਟ ਲਾਈ ਗਈ। ਉਸ ਦੇ ਇਸ ਤਰ੍ਹਾਂ ਦੇ ਗਲਤ ਵਤੀਰੇ ਦੀ ਭਾਵੇਂ ਸਭਨਾਂ ਦੇਸ਼ਾਂ ਦੇ ਮੁਖੀਆਂ ਨੇ ਨੁਕਤਾਚੀਨੀ ਕੀਤੀ, ਪਰ ਜ਼ੰਬਾਵੇ ਦੇ ਪ੍ਰਧਾਨ ਮੰਤਰੀ ਸ੍ਰੀ ਮੁਗਾਬੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਇੰਗਲੈਂਡ ਦੀ ਪ੍ਰਧਾਨ ਮੰਤਰੀ ਨੂੰ ਪੂਰਾ ਹੱਕ ਹੈ ਕਿ ਉਹ ਜਾਣਦੀ ਬੁਝਦੀ ਹੋਈ ਗਲਤੀ ਕਰੇ। ਪਰ ਇਹ ਇਮਾਨਦਾਰਾਨਾ ਸਟੈਂਡ ਨਹੀਂ ਹੈ। ਇਹ ਇੰਗਲੈਂਡ ਦੇ ਵਪਾਰਕ ਮੁਨਾਫੇ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸੁਆਰਥੀ ਸਟੈਂਡ ਹੈ। ਸ੍ਰੀਮਤੀ ਥੈਚਰ ਆਪਣੇ ਅਜਿਹੇ ਵਤੀਰੇ ਦਾ ਵਿਖਾਵਾ ਕਰਕੇ ਇੰਗਲੈਂਡ ਦੇ ਲੋਕਾਂ ਦੀ ਵੋਟ ਤਾਂ ਲੈ ਸਕਦੀ ਹੈ, ਪਰ ਸਾਡੇ ਵੋਟ ਨਹੀਂ। ਇਸ ਤਰ੍ਹਾਂ ਹੀ ਜ਼ਾਂਬੀਆਂ ਦੇ ਸ੍ਰੀ ਕੌਂਡਾ ਨੇ ਵੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਭਾਰਤ ਦੇ ਪ੍ਰਧੰਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਇੰਗਲੈਂਡ ਨਾਲ ਬਹਿਸ ਕਰਕੇ ਸਮਾਂ ਬਰਬਾਦ ਕਰਨ ਦੀ ਕੋਈ ਲੋੜ ਨਹੀਂ ਹੈ।

ਕੈਨੇਡਾ ਦਾ ਇਸ ਮਸਲੇ ਉਪਰ ਸਟੈਂਡ ਬੜਾ ਹੀ ਸ਼ਾਨਦਾਰ ਰਿਹਾ, ਜਿਸ ਦੀ ਹਰ ਇਕ ਨੇ ਸਰਾਹਨਾ ਕੀਤੀ ਹੈ। ਬਦੇਸ਼ ਮੰਤਰੀ ਸ੍ਰੀ ਜੋਅ ਕਲਾਰਕ ਨੇ ਕਿਹਾ ਕਿ ਜੋ ਇਹ ਕਿਹਾ ਜਾ ਰਿਹਾ ਹੈ ਕਿ ਪਹਿਲਾਂ ਲਾਈਆਂ ਆਰਥਕ ਪਾਬੰਦੀਆਂ ਦਾ ਦੱਖਣੀ ਅਫਰੀਕਾ ਉਪਰ ਕੋਈ ਅਸਰ ਨਹੀਂ ਹੋਇਆ, ਇਹ ਬਿਲਕੁਲ ਗਲਤ ਹੈ। ਇਨ੍ਹਾਂ ਪਾਬੰਦੀਆਂ ਦੇ ਅਸਰ ਬਾਰੇ ਤਾਂ ਦੱਖਣੀ ਅਫਰੀਕਾ ਦੇ ਇਕ ਮੰਤਰੀ ਨੇ ਇਕਬਾਲ ਕੀਤਾ ਹੈ ਕਿ ਇਸ ਦਾ ਅਸਰ ਹੋ ਰਿਹਾ ਹੈ। ਸ੍ਰੀ ਕਲਾਰਕ ਨੇ ਕਿਹਾ ਕਿ 48 ਦੇਸ਼ਾਂ ਦੇ ਸਮੁੱਚੇ ਆਰਥਕ ਵਪਾਰ ਨਾਲੋਂ ਕਿਤੇ ਵੱਧ ਇਕੱਲਾ ਇੰਗਲੈਂਡ ਹੀ ਦੱਖਣੀ ਅਫਰੀਕਾ ਨਾਲ ਵਪਾਰ ਕਰਦਾ ਹੈ। ਇਸ ਲਈ ਜੇ ਕਰ ਇੰਗਲੈਂਡ ਆਰਥਕ ਬਾਈਕਾਟ ਕਰੇ ਤਾਂ ਅਸਰ ਛੇਤੀ ਹੀ ਹੋ ਜਾਵੇਗਾ। ਇਨ੍ਹਾਂ ਪਾਬੰਦੀਆਂ ਦਾ ਅਸਰ ਏਸੇ ਲਈ ਨਹੀਂ ਹੋ ਰਿਹਾ ਕਿ ਇੰਗਲੈਂਡ ਪਾਬੰਦੀਆਂ ਨਹੀਂ ਲਾ ਰਿਹਾ ਹੈ।

ਉੜਕ ਇਕ ਅੱਠ ਮੈਂਬਰੀ ਕਮੇਟੀ ਆਰਥਕ ਪਾਬੰਦੀਆਂ ਹੋਰ ਕਰੜੀਆਂ ਕਰਨ ਬਾਰੇ ਸਲਾਹ ਮਸ਼ਵਰਾ ਕਰਨ ਲਈ, ਬਣਾਈ ਗਈ ਹੈ। ਕੈਨੇਡਾ ਉਸ ਦਾ ਚੇਅਰਮੈਨ ਹੈ।

ਇਸ ਤਰ੍ਹਾਂ ਇੰਗਲੈਂਡ ਦੀ ਇਕ ਵੱਡੀ ਰਾਜਨੀਤਕ ਹਾਰ ਹੋਣ ਦੇ ਨਾਲ, ਉਹ ਬਾਕੀ ਕਾਮਨਵੈਲਥ ਦੇਸ਼ਾਂ ਅਤੇ ਉਨ੍ਹਾਂ ਦੇ ਲੋਕਾਂ ਦੀ ਨਜ਼ਰ ਵਿਚ ਉਸ ਦੀ ਖੁਦਗਰਜ਼ੀ ਵਾਲੀ ਪਤਲੀ ਹਾਲਤ ਉਭਰ ਕੇ ਸਾਹਮਣੇ ਆ ਗਈ ਹੈ। ਇਹੋ ਹੀ ਨਹੀਂ ਬਾਕੀ ਸੰਸਾਰ ਦੇ ਲੋਕਾਂ ਉਪਰ ਵੀ ਇਸ ਦਾ ਅਸਰ ਲਾਜ਼ਮੀ ਪਵੇਗਾ। ਭਾਵੇਂ ਕਿ ਕਾਨਫਰੰਸ ਦੇ ਅੰਤ ਉਪਰ ਸ੍ਰੀਮਤੀ ਥੈਚਰ ਨੇ ਢੀਠਾਂ ਵਾਂਗੂੰ ਫੜ ਮਾਰ ਦਿੱਤੀ ਕਿ ਇੰਗਲੈਂਡ ਦੀ ਵੱਡੀ ਜਿੱਤ ਹੋਈ ਹੈ। ਕੋਈ ਨਵੀਆਂ ਪਾਬੰਦੀਆਂ ਨਹੀਂ ਲਾਈਆਂ ਗਈਆਂ। ਜਦੋਂ ਕਿ ਨਵੀਆਂ ਪਾਬੰਦੀਆਂ ਲਾਉਣ ਲਈ ਅੱਠ ਮੈਂਬਰੀ ਕਮੇਟੀ ਕਾਇਮ ਹੋ ਚੁਕੀ ਹੈ, ਇੰਗਲੈਂਡ ਉਸ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ।

ਅਖਬਾਰਾਂ, ਰੇਡੀਓ ਅਤੇ ਟੈਲੀਵੀਜ਼ਨ ਨੇ ਖਬਰਾਂ ਦੁਆਰਾ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਦੱਖਣੀ ਅਫਰੀਕਾ ਦੇ ਮਸਲੇ ਉਪਰ **ਕਾਮਨਵੈਲਥ ਦੇਸ਼ ਵੰਡੇ ਗਏ**, ਪਰ ਵੰਡ ਤਾਂ ਤਦ ਹੁੰਦੀ ਜੇਕਰ ਕੁਝ ਦੇਸ਼ ਇਕ ਪਾਸੇ, ਕੁਝ ਦੂਜੇ ਪਾਸੇ ਹੁੰਦੇ, ਹੁਣ ਤਾਂ ਇੰਗਲੈਂਡ ਇਕੱਲਾ ਨਿਖੜ ਗਿਆ ਹੈ ਕਿ ਉਹ ਨਸਲਵਾਦੀ ਅਫਰੀਕਾ ਦੀ ਨੀਤੀ ਨੂੰ ਕਾਇਮ ਰਖਣ ਵਿਚ ਸਹਾਈ ਹੋ ਰਿਹਾ ਹੈ।

ਫਿਜ਼ੀ ਦਾ ਸਵਾਲ

ਜਿਵੇਂ ਕਿ ਪਤਾ ਹੀ ਹੈ ਕਿ ਫਿਜ਼ੀ ਵਿਚ ਇਸ ਸਾਲ ਦੇ ਸ਼ੁਰੂ ਵਿਚ ਹੋਈਆਂ ਚੋਣਾਂ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਪਾਰਟੀ ਜਿੱਤ ਗਈ ਸੀ, ਜਿਸ ਵਿਚ 20 ਫੀਸਦੀ ਫਿਜ਼ੀਅਨ ਮਿਲਾਇਨੇਸ਼ੀਅਨ ਲੋਕ ਵੀ ਸ਼ਾਮਲ ਸਨ। ਕਿਉਂਕਿ ਇਹ ਜੇਤੂ ਪਾਰਟੀ ਖੱਬੇ ਪੱਖੀ ਵਿਚਾਰਾਂ ਦੀ ਪਾਰਟੀ ਸੀ ਇਸ ਲਈ ਅਮਰੀਕੀ ਸਾਮਰਾਜ ਦੇ ਅਸ਼ੀਰਵਾਦ ਨਾਲ ਫੌਜੀ ਰਾਜ ਪਲਟਾ ਕਰਵਾ ਕੇ ਉਥੇ ਫੌਜੀ ਡਿਕਟੇਟਰਸ਼ਿਪ ਸਥਾਪਤ ਕਰ ਦਿੱਤੀ ਗਈ ਹੈ। ਇਸ ਇਸ ਉਪਰ ਕਿਸੇ ਸਾਮਰਾਜੀ ਦੇਸ਼ ਅਤੇ ਉਨ੍ਹਾਂ ਦੇ ਪਿਠੂਆਂ ਨੂੰ ਤਕਲੀਫ ਨਹੀਂ ਹੋਈ ਕਿ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਨੂੰ ਉਲਟਾ ਦਿੱਤਾ ਗਿਆ ਹੈ। ਇਹੋ ਨਹੀਂ ਉਨ੍ਹਾਂ ਦੇ ਬਰਾਬਰਤਾ ਦੇ ਹੱਕ ਖੋਹ ਲਏ ਗਏ ਹਨ। ਇਹ ਤਕਲੀਫ ਇਸ ਕਰਕੇ ਨਹੀਂ ਹੋਈ ਕਿ ਇਹ ਚੁਣੀ ਹੋਈ ਸਰਕਾਰ ਆਮ ਲੋਕਾਂ ਦੇ ਹਿੱਤਾਂ ਲਈ ਕੁਝ ਖੱਬੇ ਪੱਖੀ ਨੀਤੀਆਂ ਤੇ ਅਮਲ ਕਰਨਾ ਚਾਹੁੰਦੀ ਸੀ। ਇਸ ਲਈ ਫੌਜੀ ਰਾਬੂਕਾ ਤੋਂ ਰਾਜਪਲਟਾ ਕਰਵਾ ਦਿੱਤਾ ਗਿਆ।

ਕਾਮਨਵੈਲਥ ਦੇਸ਼ਾਂ ਵਿਚ ਸ੍ਰੀਮਤੀ ਥੈਚਰ ਦੀ ਸੁਰ ਫਿਰ ਡਿਕਟੇਟਰ ਫੌਜੀ ਰਾਬੂਕਾ ਦੇ ਪੱਖ ਵਿਚ ਆ ਰਹੀ ਸੀ ਕਿ ਉਸ ਨੂੰ ਕਾਮਨਵੈਲਥ ਦਾ ਮੈਂਬਰ ਬਣਾਈ ਰੱਖਣਾ ਚਾਹੀਦਾ ਹੈ। ਇਸ ਦੇ ਉਲਟ ਕਾਮਨਵੈਲਥ ਦੇਸ਼ਾਂ ਨੇ ਫਿਜ਼ੀ ਨੂੰ ਕਾਮਨਵੈਲਥ ਵਿਚੋਂ ਕੱਢ ਦਿੱਤਾ ਹੈ, ਇੰਗਲੈਂਡ ਨੂੰ ਇਥੇ ਉਨ੍ਹਾਂ ਦੇ ਨਾਲ ਸਹਿਮਤ ਹੋਣਾ ਪਿਆ ਹੈ।

ਇਹ ਮਨੁੱਖੀ ਅਧਿਕਾਰਾਂ ਦੇ ਵੱਡੇ ਚਹੇਤੇ ਪੂਰੇ ਜ਼ੋਰ ਸ਼ੋਰ ਨਾਲ ਫਿਜ਼ੀ ਦੇ ਡਿਕਟੇਟਰ ਦੇ ਨਸਲਵਾਦੀ ਕਦਮ ਦੀ ਨਿਖੇਧੀ ਵੀ ਨਹੀਂ ਕਰ ਸਕੇ।

ਸ੍ਰੀ ਲੰਕਾ ਦਾ ਸਵਾਲ

ਸ੍ਰੀਲੰਕਾ ਵਿਚ ਤਾਮਲ ਲੋਕਾਂ ਦੀਆਂ ਆਪਣੀਆਂ ਹੱਕੀ ਮੰਗਾਂ ਲਈ ਜੋ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ, ਉਸ ਦਾ ਅੰਤ ਭਾਰਤ ਅਤੇ ਸ੍ਰੀ ਲੰਕਾ ਵਿਚਕਾਰ ਹੋਈ ਅਮਨ ਸੰਧੀ ਨਾਲ ਹੋ ਗਿਆ ਸੀ। ਪਰ ਤਾਮਿਲ ਟੈਗਰ ਨਾਂ ਦੀ ਗੁਰੀਲਾ ਜਥੇਬੰਦੀ ਨੇ ਇਸ ਉਪਰ ਅਮਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਕਾਰਨ ਇਹ ਕਤਲੋਗਾਰਤ ਬੰਦ ਹੋ ਕੇ ਮੁੜ ਤੋਂ ਸ਼ੁਰੂ ਹੋ ਗਈ। ਤਾਮਿਲ ਟੈਗਰਾਂ ਨੇ ਹਥਿਆਰ ਸੁਟਣ ਤੋਂ ਇਨਕਾਰ ਕਰਕੇ, ਹੋਏ ਸਮਝੌਤੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਉਪਰ ਭਾਰਤੀ ਸ਼ਾਂਤੀ-ਸੈਨਾ ਨੂੰ ਸਖਤ ਕਦਮ ਚੁੱਕਣਾ ਪਿਆ ਹੈ। ਇਸ ਝਗੜੇ ਦਾ ਕਾਰਨ ਭਾਵੇਂ ਹੱਕੀ ਸੀ। ਪਰ ਹੁਣ ਜਦੋਂ ਕਿ ਸਮਝੌਤਾ ਹੋ ਚੁਕਿਆ ਹੈ ਅਤੇ ਜਿਸ ਨੂੰ ਸ੍ਰੀਲੰਕਾ ਦੀ ਸਰਕਾਰ ਮੰਨਣ ਲਈ ਤਿਆਰ ਹੈ, ਪਰ ਸਾਮਰਾਜੀ ਏਜੰਸੀਆਂ ਦੇ ਇਸ਼ਾਰੇ ਉਪਰ ਤਾਮਲ ਟੈਗਰਾਂ ਦਾ ਇਕ ਧੜਾ ਉਸ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦਾ ਹੈ।

ਇਸ ਝਗੜੇ ਦੇ ਕਾਰਨ ਸ੍ਰੀ ਲੰਕਾ ਦਾ ਪ੍ਰਧਾਨ ਜੈਵਰਧਨੇ ਕਾਮਨਵੈਲਥ ਕਾਨਫਰੰਸ ਵਿਚ ਹਾਜ਼ਰ ਨਹੀਂ ਹੋ ਸਕਿਆ। ਪ੍ਰੰਤੂ ਉਨ੍ਹਾਂ ਇਕ ਸੁਨੇਹੇ ਵਿਚ ਅਮਨ ਸਮਝੌਤੇ ਦੀ ਪ੍ਰਸੰਸਾ ਕੀਤੀ ਅਤੇ ਭਾਰਤ ਦੀ ਇਸ ਲਈ ਸਰਾਹਨਾ ਕਰਦਿਆਂ, ਉਨ੍ਹਾਂ ਕਾਨਫਰੰਸ ਦੇ ਨਾਂ ਇਕ ਸੁਨੇਹੇ ਵਿਚ ਇਸ ਨੂੰ ਕਾਮਨਵੈਲਥ ਦੀ ਜਿੱਤ ਕਰਾਰ ਦਿੱਤਾ ਹੈ।

ਖਾਲਿਸਤਾਨੀਆਂ ਦਾ ਜਲੂਸ

12 ਅਕਤੂਬਰ ਨੂੰ ਵੈਨਕੂਵਰ ਦੇ ਖਾਲਿਸਤਾਨੀਆਂ ਹਜ਼ਾਰਾਂ ਡਾਲਰਾਂ ਦੀ ਇਸ਼ਤਿਹਾਰਬਾਜ਼ੀ ਕਰਕੇ ਇਕ ਮੁਜ਼ਾਹਰਾ ਭਾਰਤ ਦੇ ਪ੍ਰਧਾਨ

(ਬਾਕੀ ਪੰਨਾ 12 'ਤੇ)



(ਪੰਨਾ 11 ਦੀ ਬਾਕੀ)

ਮੰਤਰੀ ਰਾਜੀਵ ਗਾਂਧੀ ਦੇ ਵਿਰੁਧ, ਖਾਲਿਸਤਾਨ ਦੀ ਮੰਗ ਕਰਨ ਲਈ ਕੀਤਾ। ਵੈਨਕੂਵਰ 'ਸਨ' ਅਤੇ ਗਲੋਬ ਐਂਡ ਮੇਲ ਵਿਚ ਦਿੱਤੇ ਇਸ਼ਤਿਹਾਰ ਦਸ ਹਜ਼ਾਰ ਡਾਲਰ ਤੋਂ ਘੱਟ ਨਹੀਂ ਹਨ। ਹੋਰ ਬਾਕੀ ਪ੍ਰਬੰਧ ਅਤੇ ਖਰਚ ਵੀ ਦਸ ਹਜ਼ਾਰ ਤੋਂ ਘੱਟ ਨਹੀਂ ਹੋਵੇਗਾ, ਇਸ ਤਰ੍ਹਾਂ ਜੇ ਘੱਟੋ ਘੱਟ 20 ਹਜ਼ਾਰ ਡਾਲਰ ਵੀ ਖਰਚ ਦਾ ਅਨੁਮਾਨ ਲਾਈਏ ਤਾਂ ਇਕ ਹਜ਼ਾਰ ਹਾਜ਼ਰ ਲੋਕਾਂ ਨੂੰ ਲਿਆਉਣ ਲਈ 20 ਡਾਲਰ ਜੀਅ ਪ੍ਰਤੀ ਖਰਚ ਆਇਆ ਹੈ। ਜਦੋਂ ਕਿ ਫੜ੍ਹ 20 ਹਜ਼ਾਰ ਲੋਕਾਂ ਦਾ ਇਕੱਠ ਕਰਨ ਦੀ ਮਾਰੀ ਸੀ। ਇਸ ਦਾ ਨਿਚੋੜ ਇਹ ਨਿਕਲਦਾ ਹੈ ਕਿ ਵੈਨਕੂਵਰ ਏਰੀਏ ਦੇ 80,000 ਲੋਕਾਂ ਵਿਚ ਇਨ੍ਹਾਂ ਕੁਝ ਨੂੰ ਛੱਡ ਕੇ ਬਾਕੀ ਲੋਕਾਂ ਨੇ ਖਾਲਿਸਤਾਨ ਦੀ ਮੰਗ ਨੂੰ ਠੁਕਰਾ ਦਿੱਤਾ ਹੈ।

ਇਸ ਖਾਲਿਸਤਾਨੀ ਜਲੂਸ ਤੋਂ ਪਹਿਲਾਂ ਜੋ ਰੈਲੀ ਕੀਤੀ ਗਈ ਉਸ ਵਿਚ ਕੋਈ ਦਲੀਲ ਵਾਲੀ ਗੱਲ ਪੇਸ਼ ਨਹੀਂ ਕੀਤੀ ਜਾ ਸਕੀ। ਸੰਸਾਰ ਭਰ ਦੇ ਮੀਡੀਏ ਨੂੰ ਕੁਝ ਵੀ ਪੱਲੇ ਨਹੀਂ ਪਿਆ ਨਾ ਹੀ ਉਹ ਇਸ ਤੋਂ ਪ੍ਰਭਾਵਤ ਹੀ ਹੋਏ। ਕਿਉਂਕਿ ਉਥੇ ਰਾਤ ਦੀਆਂ ਬੀ. ਬੀ. ਸੀ. ਦੀਆਂ ਖਬਰਾਂ ਨੇ, ਅਤੇ ਅਗਲੀ ਸਵੇਰ ਬੀ. ਬੀ. ਸੀ. ਦੀਆਂ ਹਿੰਦੀ ਅਤੇ ਉਰਦੂ ਖਬਰਾਂ ਵਿਚ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ।

ਇਹ ਮੁਜ਼ਾਹਰਾ ਰਾਜਨੀਤਕ ਸੇਧ ਤੋਂ ਸੱਖਣਾ, ਇਕ ਫਿਰਕੂ ਅਤੇ ਨਸਲਵਾਦੀ ਹੀ ਹੋ ਨਿਬੜਿਆ, ਜੋ ਕਿ ਇਹ ਆਪਣੇ ਖਾਸੇ ਅਤੇ ਬਣਤਰ ਦੇ ਪੱਖੋਂ ਹੈ ਹੀ। ਜੇਕਰ ਗੋਰੇ ਸਾਨੂੰ ਭਾਰਤੀਆਂ ਨੂੰ ਨਫਰਤ ਕਰਦੇ ਹਨ ਤਾਂ ਅਸੀਂ ਉਨ੍ਹਾਂ ਨੂੰ ਨਸਲਵਾਦੀ ਕਹਿੰਦੇ ਹਾਂ, ਜੇਕਰ ਇਹੋ ਕੁਝ ਸਿੱਖ, ਹਿੰਦੂਆਂ ਨੂੰ ਜਾਂ ਹਿੰਦੂ, ਸਿੱਖਾਂ ਬਾਰੇ ਨਫਰਤ ਪ੍ਰਗਟਾਉਣ ਤਾਂ ਉਹ ਵੀ ਨਸਲਵਾਦੀ ਹੀ ਕਹੇ ਜਾਣਗੇ। ਇਸ ਮੁਜ਼ਾਹਰੇ ਵਿਚ ਸਿੱਖ ਫਿਰਕਾਪ੍ਰਸਤੀ ਪੂਰੇ ਜੋਸ਼ ਨਾਲ ਹਿੰਦੂਆਂ ਦੇ ਵਿਰੁਧ ਮੁੜ੍ਹਕੋ ਮੁੜ੍ਹਕਾ ਹੋ ਰਹੀ ਸੀ। ਆਮ ਸਿੱਖਾਂ ਦਾ ਇਸ ਫਿਰਕਾਪ੍ਰਸਤ ਖਾਲਿਸਤਾਨੀਆਂ ਨਾਲ ਕੋਈ ਵੀ ਵਾਸਤਾ ਨਹੀਂ ਹੈ। ਇਹ ਜਲੂਸ ਖਾਲਿਸਤਾਨੀ ਲਹਿਰ ਦੇ ਨੀਵੇਂ ਲੱਖਣ ਦਾ ਹੀ ਇਕ ਸਬੂਤ ਸਾਬਤ ਹੋਇਆ ਹੈ।

ਇਪਾਨਾ ਦੀ "ਕਾਮਨਵੈਲਥ" ਦਾ ਜਲਸਾ

ਨਕਸਲੀਆਂ ਦੇ ਇਕ ਫੈਕਸ਼ਨ ਦੀ ਜਥੇਬੰਦੀ ਇਪਾਨਾ ਨੇ ਵੈਨਕੂਵਰ ਵਿਖੇ ਵੱਖਵਾਦੀ, ਫਿਰਕੂ ਅਤੇ ਵੰਡਵਾਦੀ ਤੱਤਾਂ ਨੂੰ ਨਾਲ ਲੈ ਕੇ, ਘੱਟ ਗਿਣਤੀਆਂ ਦੀ ਰੱਖਿਆ ਅਤੇ ਰਾਜ ਸੱਤਾ ਦੇ ਕੇਂਦਰੀਕਰਨ ਦੇ ਨਾਂ ਉਤੇ ਜੋ "ਕਾਮਨਵੈਲਥ" ਦਾ ਜਲਸਾ ਕੀਤਾ, ਉਸ ਵਿਚੋਂ ਦਰਸ਼ਕਾਂ ਨੇ ਇਪਾਨਾ ਵਲੋਂ ਆਪਣੇ ਅਸੂਲਾਂ ਨੂੰ ਤਿਆਗ ਕੇ ਘਟੀਆ ਕਿਸਮ ਦੀ ਮੌਕਾਪ੍ਰਸਤੀ ਦਾ ਸਹਾਰਾ ਲੈਂਦੇ ਹੀ ਦੇਖਿਆ ਹੈ। ਇਪਾਨਾ ਦੇ ਮੁਖ ਮਹਿਮਾਨ ਸ਼ਹਾਬੋਦੀਨ ਬਾਰੇ "ਵੰਗਾਰ" ਵਿਚ ਜੋ ਲਿਖਿਆ ਕਿ ਉਹ ਧਰਮ ਨਿਰਪੱਖ ਹੈ ਅਤੇ ਧਰਮ ਤੇ ਰਾਜਨੀਤੀ ਨੂੰ ਵੱਖ ਵੱਖ ਸਮਝਦਾ ਹੈ, ਦਾ ਭਾਂਡਾ ਖੁਦ ਸ਼ਹਾਬੋਦੀਨ ਨੇ ਹੀ ਭੰਨ ਦਿੱਤਾ, ਜਿਸ ਜ਼ਬਰਦਸਤ ਫਿਰਕੂ ਸਪੀਚ ਵਿਚ ਐਲਾਨ ਕੀਤਾ ਕਿ ਉਹ ਧਰਮ ਅਤੇ ਰਾਜਨੀਤੀ ਨੂੰ ਇਕੱਠਾ ਸਮਝਦਾ ਹੈ। ਸਾਬਕਾ ਜੱਜ ਅਜੀਤ ਸਿੰਘ ਬੈਂਸ ਨੇ ਇਕ ਪਾਸੜ ਰੀਪੋਰਟ ਪੇਸ਼ ਕੀਤੀ, ਪਰ ਅਤਿਵਾਦੀਆਂ ਵਲੋਂ ਕੀਤੇ ਜਾਂਦੇ ਬੇਗੁਨਾਹਾਂ ਦੇ ਕਤਲਾਂ ਬਾਰੇ ਆਈ ਗਈ ਹੀ ਕਰ ਦਿੱਤੀ, ਇਕ ਜੱਜ ਨੂੰ ਨਿਰਪੱਖ ਰੀਪੋਰਟ ਪੇਸ਼ ਕਰਨੀ ਚਾਹੀਦੀ ਸੀ।

ਇਪਾਨਾ ਨੇ ਇਸ ਮੌਕੇ ਉਤੇ 'ਵੰਗਾਰ' ਦਾ ਪਰਚਾ ਕੱਢਿਆ, ਉਸ ਬਾਰੇ ਵਿਸਥਾਰ ਨਾਲ ਤਾਂ ਫਿਰ ਵਿਚਾਰਾਂਗੇ, ਪਰ ਉਸ ਨੇ ਖਾਲਿਸਤਾਨ ਦਾ ਟੇਢੇ ਢੰਗ ਨਾਲ ਸਮਰਥਨ ਵੀ ਕੀਤਾ ਅਤੇ ਮਲਵੀਂ ਜੀਭ ਨਾਲ ਅਸਹਿਮਤੀ ਵੀ ਪ੍ਰਗਟਾਈ ਹੈ। ਅਤਿਵਾਦੀਆਂ ਵਲੋਂ ਕੀਤੇ ਜਾਂਦੇ ਹਰ ਸਾਲ ਸੈਂਕੜੇ ਕਤਲਾਂ ਬਾਰੇ ਇਕ ਲਫਜ਼ ਨਹੀਂ ਕਿਹਾ ਜਿਵੇਂ ਬੇਗੁਨਾਹ ਮਾਰੇ ਜਾਂਦੇ ਲੋਕ ਇਨ੍ਹਾਂ ਦੇ 'ਮਨੁੱਖੀ ਅਧਿਕਾਰਾਂ' ਦੇ ਨਕਸਲੀ-ਸੰਕਲਪ ਦੇ ਘੇਰੇ ਵਿਚ ਨਾ ਆਉਂਦੇ ਹੋਣ। ਵੱਖਵਾਦੀ ਲਹਿਰਾਂ ਦਾ ਟੇਢੇ ਢੰਗ ਨਾਲ ਸਮਰਥਨ ਕੀਤਾ ਹੈ। ਵੱਡੇ ਫਿਰਦੇ ਦੀ ਹਿੰਦੂ ਫਿਰਕਾਪ੍ਰਸਤੀ ਦੇ ਵਿਰੁਧ, ਮੁਸਲਮ ਫਿਰਕਾਪ੍ਰਸਤੀ, ਸਿੱਖ ਫਿਰਕਾਪ੍ਰਸਤੀ, ਈਸਾਈ ਫਿਰਕਾਪ੍ਰਸ਼ਤੀ ਵਲੋਂ ਉਛਾਲੇ ਜਾਂਦੇ ਫਿਰਕੂ ਵਿਚਾਰਾਂ ਨੂੰ 'ਧਰਮ ਦੀ ਸੁਤੰਤਰਤਾ' ਦੇ ਨਾਂ ਉਤੇ ਦਰੁਸਤ ਠਹਿਰਾਇਆ ਹੈ। ਅਮਰੀਕੀ ਸਾਮਰਾਜ ਜੋ ਭਾਰਤ ਦੇ ਟੁਕੜੇ ਕਰਨਾ ਚਾਹੁੰਦਾ ਹੈ, ਜੋ ਟੇਢੇ ਵਿੰਗੇ ਢੰਗਾਂ ਨਾਲ ਹਰ ਵੱਖਵਾਦੀ ਲਹਿਰ ਦੇ ਪਿੱਛੇ ਹੈ, ਜਿਸ ਬਾਰੇ ਹੁਣ ਭਾਰਤ ਦੇ ਆਮ ਲੋਕਾਂ ਅਤੇ ਜਮਹੂਰੀ ਲਹਿਰ ਨੂੰ ਕੋਈ ਭੁਲੇਖਾ ਨਹੀਂ ਹੈ, ਬਾਰੇ ਇਕ ਲਫਜ਼ ਤੱਕ ਨਹੀਂ ਕਿਹਾ ਗਿਆ। ਭਾਰਤ ਵਿਚ ਖੱਬੀ ਲਹਿਰ ਦੇ ਰੋਲ ਅਤੇ ਕੰਮ ਨੂੰ ਜਾਣ ਬੁਝ ਕੇ ਅਣਡਿਠ ਕੀਤਾ ਗਿਆ। ਭਾਰਤੀ ਜਨਤਾ ਪਾਰਟੀ ਜੋ ਕਿ ਮੁਖ ਤੌਰ ਉਤੇ ਹਰ ਮੁਸਲਮ ਵਿਰੋਧੀ ਫਸਾਦ ਵਿਚ ਮੁਖ ਧਿਰ ਹੁੰਦੀ ਹੈ, ਬਾਰੇ ਇਕ ਲਫਜ਼ ਨਹੀਂ ਕਿਹਾ ਗਿਆ। ਭਾਰਤ ਵਿਚ ਵੱਡੀ ਸਰਮਾਏਦਾਰੀ ਦੀ ਅਗਵਾਈ ਵਾਲੇ ਰਾਜ ਵਜੋਂ ਨਹੀਂ ਸਗੋਂ ਕਾਂਗਰਸ ਨੂੰ ਹਿੰਦੂ ਰਾਜ ਵਜੋਂ ਪੇਸ਼ ਕਰਕੇ ਇਪਾਨਾ ਦੇ ਇਨਕਲਾਬੀ ਲੀਡਰ ਆਪਣੀ ਮਾਰਕਸੀ ਸੋਚ ਦਾ ਜਾਂ ਤਾਂ ਦਿਵਾਲਾ ਕੱਢਿਆ ਹੈ ਜਾਂ ਇਨ੍ਹਾਂ ਦੀ ਮਾਰਕਸੀ ਪਹੁੰਚ ਇੰਨੀ ਹੀ ਹੋਛੀ ਹੈ।

ਇਪਾਨਾ ਵਧਾਈ ਦੀ ਹੱਕਦਾਰ ਹੈ ਕਿ ਉਸ ਨੇ ਫਿਰਕੂ ਤੱਤਾਂ ਨੂੰ ਇਕ ਹਾਲ ਵਿਚ ਇਕੱਠੇ ਕਰ ਦਿੱਤਾ ਹੈ, ਅਤੇ ਵੱਡੀ ਫਿਰਕਾਪ੍ਰਸਤੀ ਵਿਰੁਧ ਲੜਨ ਦੀ ਪਾਣ ਦਿੱਤੀ ਹੈ। ਇਹੋ ਹੀ ਅਮਰੀਕੀ ਸਾਮਰਾਜ ਦੀ ਭਾਰਤ ਬਾਰੇ ਨੀਤੀ ਦਾ ਧੁਰਾ ਹੈ। ਯਾਦ ਰਹੇ ਏਸੇ 'ਕਾਮਨਵੈਲਥ' ਹਾਲ ਵਿਚ ਵੈਨਕੂਵਰ ਦੀਆਂ ਦਸ ਧਰਮ ਨਿਰਪੱਖ ਅਤੇ ਅਗੇ ਵਧੂ ਜਥੇਬੰਦੀਆਂ ਵਲੋਂ 'ਸਦਭਾਵਨਾ' ਮੀਟਿੰਗ ਨੂੰ ਇਪਾਨਾ ਦੇ ਅੱਜ ਦੇ ਸਹਿਯੋਗੀਆਂ ਨੇ ਭੰਗ ਕੀਤਾ ਸੀ, ਹੁਣ ਇਪਾਨਾ ਉਨ੍ਹਾਂ ਨਾਲ ਬਗਲਗੀਰ ਹੈ। ਦੇਖੋ ਇਪਾਨਾ ਇਸ ਪਰਪੰਚ ਤੋਂ ਮੰਗਵੇਂ ਸਾਹ ਪ੍ਰਾਪਤ ਕਰਨ ਵਿਚ ਕਿੰਨਾ ਕੁ ਸਫਲ ਹੁੰਦੀ ਹੈ।

ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਮੀਟਿੰਗ

ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ 4 ਅਕਤੂਬਰ ਨੂੰ ਲੋਕਲ ਮਸਲਿਆਂ ਸੰਬੰਧੀ ਅਤੇ ਭਾਰਤ ਨਾਲ ਸੰਬੰਧਿਤ ਮਸਲਿਆਂ ਬਾਰੇ ਇਕ ਮੀਟਿੰਗ ਕੀਤੀ। ਜਿਸ ਦੀ ਰੀਪੋਰਟ ਪਹਿਲਾਂ ਛਪ ਚੁਕੀ ਹੈ। ਉਸ ਮੀਟਿੰਗ ਤੋਂ ਪਿੱਛੋਂ ਐਸੋਸੀਏਸ਼ਨ ਪ੍ਰਧਾਨ ਮੰਤਰੀ ਨੂੰ ਇਕ ਲਿਖਤੀ ਮੈਮੋਰੈਂਡਮ ਦੇਣਾ ਚਾਹਿਆ ਜੋ ਕਿ ਐਸੋਸੀਏਸ਼ਨ ਦਾ ਡੈਲੀਗੇਸ਼ਨ ਨਿਜੀ ਤੌਰ ਉਪਰ ਪੇਸ਼ ਨਾ ਕਰ ਸਕਿਆ ਪਰ ਟਰੇਡ ਕਮਿਸ਼ਨ ਦੇ ਅਧਿਕਾਰੀਆਂ ਰਾਹੀਂ ਉਨ੍ਹਾਂ ਨੂੰ ਪਹੁੰਚਾਇਆ ਗਿਆ।

ਜੁਨੇਜੋ ਦੇ ਦੋਸ਼ ਦਾ ਖੰਡਨ

ਨਵੀਂ ਦਿੱਲੀ, (ਯੂ. ਐਨ. ਆਈ.) – ਭਾਰਤ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਦੇ ਇਸ ਬਿਆਨ ਨੂੰ 'ਹਾਸੋਹੀਣਾ ਤੇ ਅਹਿਮਕਾਨਾ' ਦੱਸਿਆ ਕਿ ਪਾਕਿਸਤਾਨੀ ਮੂਲ ਦੇ ਕੈਨੇਡਿਆਈ ਨਾਗਰਿਕ ਅਰਸ਼ਾਦ ਪਰਵੇਜ਼ ਪਾਸੋਂ ਵਿਸ਼ੇਸ਼ ਕਿਸਮ ਦਾ ਸਟੀਲ ਸਮੱਗਲ ਕਰਵਾਉਣ ਪਿੱਛੇ ਭਾਰਤ ਦਾ ਹੱਥ ਸੀ ਅਤੇ ਭਾਰਤ ਨੇ ਪਾਕਿਸਤਾਨ ਨੂੰ ਅਮਰੀਕਾ ਦੀਆਂ ਨਜ਼ਰਾਂ ਵਿਚ ਬਦਨਾਮ ਕਰਨ ਲਈ ਅਜਿਹਾ ਕੀਤਾ।

ਬਰਤਾਨੀਆ ਕਾਮਨ ਵੈਲਥ ਨਾਲੋਂ ਕੱਟਿਆ ਗਿਆ

ਦੱਖਣੀ ਅਫਰੀਕਾ ਵਿਰੁੱਧ ਸਖਤ ਕਦਮ ਚੁਕੇ ਜਾਣਗੇ



ਵੈਨਕੂਵਰ - ਕਾਮਨਵੈਲਥ ਕਾਨਫਰੰਸ ਦੇ ਖਾਤਮੇਂ ਉਤੇ ਜਾਰੀ ਕੀਤੇ ਗਏ ਬਿਆਨ ਵਿਚ ਕਿਹਾ ਗਿਆ ਹੈ ਕਿ ਦੱਖਣੀ ਅਫਰੀਕਾ ਵਿਰੁੱਧ ਸਖਤ ਕਦਮ ਪੁਟੇ ਜਾਣਗੇ ਅਤੇ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਬਰਤਾਨੀਆ ਇਕੱਲਾ ਅਜਿਹਾ ਮੁਲਕ ਹੈ ਜਿਸ ਨੇ ਸਾਂਝੇ ਬਿਆਨ ਉਤੇ ਦਸਤਖਤ ਨਹੀਂ ਕੀਤੇ। ਪ੍ਰਧਾਨ ਕੈਨਿਥ ਕੌਂਡਾ ਅਤੇ ਪ੍ਰਧਾਨ ਮੰਤਰੀ ਮੁਗਾਬੀ ਨੇ ਕਿਹਾ ਕਿ 'ਥੈਚਰ ਬੱਸ ਇਕੱਲੀ ਹੀ ਰਹਿ ਗਈ ਹੈ।'

ਪ੍ਰਧਾਨ ਮੰਤਰੀ ਮਰੂਨੀ ਨੇ ਕਿਹਾ ਕਿ ਬਰਤਾਨੀਆ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਾਮਨਵੈਲਥ ਦੇ ਸਾਰੇ ਦੇਸ਼ ਇਕੱਠੇ ਹਨ ਅਤੇ ਦੱਖਣੀ ਅਫਰੀਕਾ ਵਿਚ ਨਸਲਵਾਦ ਖਤਮ ਕਰਨ ਲਈ ਕੈਨੇਡਾ ਮੁੱਖ ਰੋਲ ਨਿਭਾਏਗਾ। ਉਨ੍ਹਾਂ ਕਿਹਾ ਕਿ ਬਰਤਾਨੀਆ ਦੁਨੀਆਂ ਵਿਚ ਸਭ ਤੋਂ ਵੱਧ ਵਪਾਰ ਦੱਖਣੀ ਅਫਰੀਕਾ ਨਾਲ ਕਰਦਾ ਹੈ, ਇਸ ਲਈ ਉਹ ਪਾਬੰਦੀਆਂ ਲਾਉਣ ਲਈ ਤਿਆਰ ਨਹੀਂ। ਮਰੂਨੀ ਨੇ ਕਿਹਾ ਕਿ ਕੈਨੇਡਾ ਦੱਖਣੀ ਅਫਰੀਕਾ ਨਾਲ ਮੁਕੰਮਲ ਤੌਰ ਉਤੇ ਵਪਾਰ ਬੰਦ ਕਰ ਰਿਹਾ ਹੈ। ਕੈਨੇਡਾ ਦੱਖਣੀ ਅਫਰੀਕਾ ਨੂੰ ਗੰਧਕ ਵੇਚਦਾ ਹੈ ਜੋ ਜਲਦੀ ਹੀ ਬੰਦ ਕਰ ਦਿੱਤੀ ਜਾਵੇਗੀ।

ਰਾਜੀਵ ਗਾਂਧੀ ਦਾ ਬਿਆਨ

ਕਾਨਫਰੰਸ ਦੇ ਖਾਤਮੇ ਉਤੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਦੱਖਣੀ ਅਫਰੀਕਾ ਦੇ ਮਸਲੇ ਉਤੇ ਬਰਤਾਨੀਆ ਉਤੇ ਦਬਾਅ ਪਾਉਣਾ ਫਜ਼ੂਲ ਹੈ। ਉਨ੍ਹਾਂ ਕਿਹਾ ਕਿ 'ਸਮਾਂ ਬਰਬਾਦ ਕਰਨ ਨਾਲੋਂ ਚੰਗਾ ਹੈ ਕਿ ਇਹ ਸਮਾਂ ਚੰਗੇ ਕੰਮਾਂ ਲਈ ਲਾਇਆ ਜਾਂਵੇ।' ਗਾਂਧੀ ਨੇ ਕਿਹਾ ਕਿ ਥੈਚਰ ਨਾਲ ਦੱਖਣੀ ਅਫਰੀਕਾ ਉਤੇ ਪਾਬੰਦੀਆਂ ਲਾਉਣ ਦੀ ਗੱਲ ਉਸੇ ਤਰ੍ਹਾਂ ਹੈ ਜਿਵੇਂ ਸੰਸਾਰ ਦੀ ਦੂਜੀ ਜੰਗ ਤੋਂ ਪਹਿਲਾਂ ਹਿਟਲਰ ਨਾਲ ਗੱਲਬਾਤ ਕਰਨ ਦੀ ਗੱਲ ਹੋਵੇ। ਉਸਨੇ ਕਿਹਾ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਚੈਂਬਰਲੇਨ ਦਾ ਵਤੀਰਾ ਸੰਸਾਰ ਜੰਗ ਤੋਂ ਪਹਿਲਾਂ ਨਾਜ਼ੀ ਜਰਮਨੀ ਨਾਲ ਵੀ ਅਜਿਹਾ ਹੀ ਸੀ।

22 ਸਫੇ ਦੇ ਇਸ ਬਿਆਨ ਵਿਚ 38 ਮਸਲਿਆਂ ਉਤੇ ਵਿਚਾਰ ਕੀਤਾ ਗਿਆ। ਅਮਰੀਕਾ ਤੇ ਸੋਵੀਅਤ ਵਿਚ ਗੱਲਬਾਤ ਨੂੰ ਜੀਅ ਆਇਆਂ ਆਖਿਆ ਗਿਆ ਤੇ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਲਈ ਕਿਹਾ ਗਿਆ। ਸ੍ਰੀ ਲੰਕਾ ਵਿਚ ਅਮਨ ਸਥਾਪਤ ਕਰਨ ਲਈ ਭਾਰਤ ਦੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ ਗਈ ਤੇ ਭਾਰਤ-ਸ੍ਰੀਲੰਕਾ ਸਮਝੌਤੇ ਨੂੰ ਮੁਬਾਰਕ ਕਦਮ ਕਿਹਾ ਗਿਆ।

ਜਸਟਿਸ ਅਜੀਤ ਸਿੰਘ ਬੈਂਸ ਦਾ ਦੋਸ਼ : "ਕੈਨੇਡਾ ਦੇ ਖਾਲਿਸਤਾਨੀ ਹਾਲਾਤ ਖਰਾਬ ਕਰ ਰਹੇ ਹਨ"

ਵੈਨਕੂਵਰ — 'ਸਨ' ਅਖਬਾਰ ਦੀ ਰੀਪੋਰਟਰ ਕਿਮ ਬੋਲਨ ਨੂੰ ਇਕ ਮੁਲਾਕਾਤ ਵਿਚ ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਕੈਨੇਡਾ ਵਿਚ ਖਾਲਿਸਤਾਨ ਦਾ ਵੱਖਵਾਦੀ ਨਾਅਰਾ ਦੇ ਕੇ ਪੰਜਾਬ ਦੇ ਲੋਕਾਂ ਲਈ ਸਮੱਸਿਆ ਖੜ੍ਹੀ ਕਰ ਰਹੇ ਹਨ। ਜਸਟਿਸ ਬੈਂਸ ਪੰਜਾਬੀ ਤੇ ਹਰਿਆਣਾ ਹਾਈ ਕੋਰਟ ਵਿਚ ਜੱਜ ਰਹਿ ਚੁੱਕੇ ਹਨ। ਪੰਜਾਬ ਸਰਕਾਰ ਵਲੋਂ ਜੇਲ੍ਹਾਂ ਵਿਚ ਬੰਦ ਸਿੱਖਾਂ ਨੌਜਵਾਨਾਂ ਬਾਰੇ ਬੈਂਸ ਕਮਿਸ਼ਨ ਦੇ ਚੇਅਰਮੈਨ ਵੀ ਰਹੇ ਹਨ।

ਜਸਟਿਸ ਬੈਂਸ ਨੇ ਕਿਹਾ ਵਿਦੇਸ਼ਾਂ ਵਿਚਲੇ ਵੱਖਵਾਦੀਆਂ ਕਾਰਨ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਪੰਜਾਬ ਦੇ ਸਿੱਖਾਂ ਵਿਰੁੱਧ ਹੋਰ ਤਾਕਤ ਵਰਤਣ ਦਾ ਮੌਕਾ ਮਿਲਦਾ ਹੈ। ਕੈਨੇਡਾ ਦੇ ਖਾਲਿਸਤਾਨੀ ਭਾਰਤ ਸਰਕਾਰ ਨੂੰ ਇਹ ਮੌਕਾ ਦਿੰਦੇ ਹਨ ਕਿ ਕੇਂਦਰ ਸਰਕਾਰ ਆਪਣੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾ ਸਕੇ।

ਝੂਠੇ ਮੁਕਾਬਲੇ

ਜਸਟਿਸ ਬੈਂਸ ਨੇ ਕਿਹਾ ਕਿ ਸੈਂਕੜੇ ਨੌਜਵਾਨ ਝੂਠੇ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਹਨ। ਪੁਲੀਸ ਅਜਿਹੇ ਨੌਜਵਾਨਾਂ ਨੂੰ ਫੜਦੀ ਜਾਂ ਮਾਰਦੀ ਹੈ ਜੋ ਵੱਖਵਾਦੀਆਂ ਦੇ ਹਮਦਰਦ ਹਨ।

ਸ੍ਰੀ ਬੈਂਸ ਨੇ ਕਿਹਾ ਕਿ ਭਾਰਤ ਦੀ ਸਰਕਾਰ ਇਸ ਨੂੰ ਅਮਨ-ਕਾਨੂੰਨ ਦਾ ਮਸਲਾ ਬਣਾਈ ਬੈਠੀ ਹੈ ਜਦ ਕਿ ਇਹ ਸਿਆਸੀ ਮਸਲਾ ਹੈ।

ਸ੍ਰੀ ਬੈਂਸ ਨੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਜਲਦੀ ਸਿੱਖ ਨੇਤਾਵਾਂ ਨਾਲ ਸੰਪਰਕ ਕਰਕੇ ਗੱਲਬਾਤ ਕਰਨ ਤੇ ਮਸਲੇ ਨੂੰ ਸੁਲਝਾਉਣ।

ਸੀ. ਪੀ. ਆਈ. ਆਗੂ ਤੇ ਹਮਲਾ

ਜਲੰਧਰ — ਥਾਣਾ ਸ਼ਾਹਕੋਟ ਦੇ ਪਿੰਡ ਤਲਵੰਡੀ ਸੰਘੇੜਾ ਵਿਖੇ ਸੀ ਪੀ ਆਈ ਵਲੋਂ ਕੀਤੇ ਜਾ ਰਹੇ ਇਕ ਪਬਲਿਕ ਜਲਸੇ ਨੂੰ ਜਦੋਂ ਸਾਥੀ ਨਾਜ਼ਰ ਸਿੰਘ ਸੰਬੋਧਨ ਕਰ ਰਹੇ ਸਨ ਤਾਂ ਤਿੰਨ ਅਤਿਵਾਦੀਆਂ ਜਸਵਿੰਦਰ ਸਿੰਘ, ਰਣਧੀਰ ਸਿੰਘ ਅਤੇ ਰੋਸ਼ਨ ਸਿੰਘ ਨੇ ਸਟੇਜ ਵਲ ਵਧ ਕੇ ਪਹਿਲਾਂ ਉਹਨਾਂ ਦੀ ਟੋਕਾ ਟੋਕਾਈ ਕੀਤੀ ਅਤੇ ਫਿਰ ਉਹ ਸਟੇਜ 'ਤੇ ਚੜ੍ਹਕੇ ਸਾਥੀ ਨਾਜਰ ਸਿੰਘ ਦੇ ਗਲ ਪੈ ਗਏ। ਜਾਨ ਨੂੰ ਖਤਰਾ ਅਨੁਭਵ ਕਰਦਿਆਂ ਸਾਥੀ ਨਾਜਰ ਸਿੰਘ ਨੇ ਆਪਣੇ ਲਾਇਸੰਸੀ ਪਿਸਤੌਲ ਨਾਲ ਗੋਲੀ ਚਲਾਈ ਜਿਸ ਨਾਲ ਇਹਨਾਂ ਵਿਚੋਂ ਇਕ ਜਸਵਿੰਦਰ ਸਿੰਘ ਜ਼ਖਮੀ ਹੋ ਗਿਆ।

ਜਸਵਿੰਦਰ ਸਿੰਘ ਜਿਸਨੂੰ ਮਗਰੋਂ ਲੁਧਿਆਣੇ ਦੇ ਸੀ ਐਮ ਸੀ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਰੀਪੋਰਟ ਮਿਲਣ ਤਕ ਅਜੇ ਇਹ ਪਤਾ ਨਹੀਂ ਲਗ ਸਕਿਆ ਕਿ ਬਾਕੀ ਦੇ ਦੋ ਦੂਸਰੇ ਅਤਿਵਾਦੀ ਪੁਲਸ ਨੇ ਫੜ ਲਏ ਹਨ, ਜਾਂ ਕਿ ਉਹ ਫਰਾਰ ਹੋ ਗਏ ਹਨ। ਸਾਥੀ ਨਾਜਰ ਸਿੰਘ ਉਤੇ ਇਹ ਹਮਲਾ ਉਦੋਂ ਹੋਇਆ ਜਦੋਂ ਉਹ ਅਤਿਵਾਦੀਆਂ ਵਲੋਂ ਬੇਦੋਸ਼ੇ ਲੋਕਾਂ ਦੀਆਂ ਕੀਤੀਆਂ ਜਾ ਰਹੀਆਂ ਹਤਿਆਵਾਂ ਦੀ ਨਿੰਦਾ ਕਰ ਰਹੇ ਸਨ।

ਹਰਕੰਵਲ ਸਿੰਘ ਵਲੋਂ ਅਧਿਆਪਕ ਦੇ ਕਤਲ ਦੀ ਜ਼ੋਰਦਾਰ ਨਿਖੇਧੀ

ਹੁਸ਼ਿਆਰਪੁਰ — ਪਿਛਲੇ ਦਿਨੀਂ ਜ਼ਿਲੇ ਦੇ ਪਿੰਡ ਐਮਾ ਮਾਂਗਟ ਵਿਚ ਸਕੂਲ ਅਧਿਆਪਕ ਸ੍ਰੀ ਮਲਕੀਅਤ ਸਿੰਘ ਦੇ ਦਹਿਸ਼ਤਗਰਦਾਂ ਹਥੋਂ ਕਤਲ ਦੀ ਗੌਰਮਿੰਟ ਟੀਚਰ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਸ੍ਰੀ ਹਰਕੰਵਲ ਸਿੰਘ ਨੇ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਅਧਿਆਪਕ ਸ੍ਰੀ ਮਲਕੀਅਤ ਸਿੰਘ ਗੌਰਮਿੰਟ ਟੀਚਰ ਯੂਨੀਅਨ ਦੇ ਮੁਕੇਰੀਆਂ ਬਲਾਕ ਦੇ ਸਾਬਕਾ ਪ੍ਰਧਾਨ ਸਨ।

ਜ਼ਿਲਾ ਜਨਰਲ ਸਕੱਤਰ ਸ੍ਰੀ ਬਹਾਦਰ ਸਿੰਘ ਨੇ ਵੀ ਸ੍ਰੀ ਮਲਕੀਅਤ ਸਿੰਘ ਦੇ ਕਤਲ ਦੀ ਸਖਤ ਨਿਖੇਧੀ ਕੀਤੀ ਹੈ। ਦੋਨਾਂ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਾਤਲ ਦਹਿਸ਼ਤਗਰਦਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਮ੍ਰਿਤਕ ਅਧਿਆਪਕ ਦੇ ਪਰਵਾਰ ਨੂੰ ਪੁਲਸ ਪੈਟਰਨ ਤੇ ਸਹਾਇਤਾ ਦਿੱਤੀ ਜਾਵੇ।


ਹੱਥ ਮਿਲੇ ਨੇ ਦਿਲ ਮਿਲੇ ਨੇ ਕਿਸਮਤਾਂ ਦਾ ਸਾਥ ਹੈ।
ਚੰਨ-ਚਿਹਰਾ ਨੈਣ-ਤਾਰੇ ਤੇ ਜ਼ੁਲਫ ਦੀ ਰਾਤ ਹੈ।

ਪੰਥਕ ਕਮੇਟੀ ਦੀ ਕੋਈ ਹਸਤੀ ਨਹੀਂ: ਪ੍ਰੋ. ਦਰਸ਼ਨ ਸਿੰਘ

ਜ਼ੀਰਕਪੁਰ — ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਨੇ ਪਹਿਲੀ ਵਾਰ ਪੰਜ ਮੈਂਬਰੀ ਪੰਥਕ ਕਮੇਟੀ ਨੂੰ ਠੋਕਵਾ ਉਤਰ ਦੇਂਦਿਆਂ ਕਿਹਾ ਕਿ ਇਹ ਲੋਕ ਖੂਨ ਦੇ ਪਿਆਸੇ ਹਨ। ਪ੍ਰੋਫੈਸਰ ਦਰਸ਼ਨ ਸਿੰਘ ਨੇ ਪੇਸ਼ਕਸ਼ ਕੀਤੀ ਕਿ ਜੇ ਇਹਨਾਂ ਲੋਕਾਂ ਦੀ ਲੀਡਰੀ ਚਮਕਾਉਣ ਵਿਚ ਸਹਾਇਤਾ ਮਿਲਦੀ ਹੋਵੇ ਤਾਂ ਆਪਣੀ ਜਾਨ ਦੇਣ ਲਈ ਵੀ ਤਿਆਰ ਹਨ।

ਪੰਥਕ ਕਮੇਟੀ ਦੇ ਇਸ ਐਲਾਨ ਨੂੰ ਕਿ ਕਮੇਟੀ ਉਹਨਾਂ ਨੂੰ ਅਕਾਲ ਤਖਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਹੀਂ ਮੰਨਦੀ ਅਤੇ ਉਹਨਾਂ ਵਿਰੁਧ ਲਾਏ ਗਏ ਦੂਸਰੇ ਦੋਸ਼ਾਂ ਦਾ ਤਿਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਉਹਨਾਂ ਕਿਹਾ ਕਿ ਅਕਾਲ ਤਖਤ ਸਰਵੋਤਮ ਹੈ ਜਿਸਦੇ ਸਾਹਮਣੇ ਪੰਥਕ ਕਮੇਟੀ ਦੀ ਕੋਈ ਹੈਸੀਅਤ ਨਹੀਂ ਹੈ। ਆਪਣੇ ਨਿਵਾਸ ਸਥਾਨ "ਕੀਰਤਨ ਵਿਲਾ" ਵਿਖੇ ਪਤਰਕਾਰਾਂ ਨਾਲ ਗਲਬਾਤ ਕਰਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਪੰਥਕ ਕਮੇਟੀ ਨੇ ਜੋ ਕੁਝ ਕਿਹਾ ਹੈ, ਉਹ ਉਸਨੂੰ ਕੋਈ ਮਹੱਤਤਾ ਨਹੀਂ ਦਿੰਦੇ। ਪਰ ਮੈਂ ਇਹ ਅਵਸ਼ ਕਹਾਂਗਾ ਕਿ ਉਹਨਾਂ ਵਿਰੁਧ ਜੋ ਦੋਸ਼ ਲਾਏ ਗਏ ਹਨ, ਅਸਲ ਵਿਚ ਉਹਨਾਂ (ਜੁਝਾਰੂਆਂ) ਦਾ ਹੀ ਅਕਸ਼ ਹੈ। ਉਹਨਾਂ ਨੂੰ ਕਾਫੀ ਸਮਾਂ ਦਿਤਾ ਤੇ ਹੁਣ ਤਕ ਚੁੱਪ ਰਿਹਾ ਹਾਂ ਤਾਂ ਕਿ ਉਹਨਾਂ ਲੋਕਾਂ ਦੇ ਚਿਹਰੇ ਨੰਗੇ ਹੋ ਸਕਣ ਤੇ ਪੰਥ ਨੂੰ ਉਹਨਾਂ ਲੋਕਾਂ ਦਾ ਪਤਾ ਲਗ ਜਾਵੇ ਜੋ ਅਸਲ ਵਿਚ ਪੰਥ ਵਿਰੋਧੀ ਸਰਗਰਮੀਆਂ ਅਤੇ ਪਵਿਤਰ ਗੁਰਦਵਾਰਿਆਂ ਤੇ ਪੰਥਕ ਸੰਗਠਨਾਂ ਤੇ ਹਮਲੇ ਕਰਕੇ ਪੰਥ ਨੂੰ ਭਰਾ ਮਾਰੂ ਲੜਾਈਆਂ ਦੇ ਰਸਤੇ ਤੇ ਲਿਜਾਣ ਲਈ ਜ਼ਿੰਮੇਂਵਾਰ ਹਨ।

ਪ੍ਰੋਫੈਸਰ ਦਰਸ਼ਨ ਸਿੰਘ ਨੇ ਕਿਹਾ ਕਿ ਉਹ ਆਪਣੇ ਤੇ ਕੋਈ ਵੀ ਘਾਤਕ ਹਮਲਾ ਸਹਿਣ ਕਰਨ ਲਈ ਤਿਆਰ ਹਨ ਪਰ ਸਿੱਖ ਪੰਥ ਅਤੇ ਦਰਬਾਰ ਸਾਹਿਬ ਵਿਚਾਲੇ ਕੋਈ ਟਕਰਾਅ ਹਰਗਿਜ਼ ਨਹੀਂ ਚਾਹੁੰਦੇ। ਮੰਦੇ ਭਾਗਾਂ ਨੂੰ ਜੇ ਅਜਿਹਾ ਹੋ ਗਿਆ ਤਾਂ ਸਿੱਖ ਇਤਿਹਾਸ ਦੀਆਂ ਸੀਮਾਵਾਂ ਵਿਚੋਂ ਕਤਲਾਂ ਦੀਆਂ ਧਮਕੀਆਂ ਦੇਣ ਵਾਲਿਆਂ ਨੂੰ ਸੱਚੇ ਸਿੱਖ



ਪ੍ਰੋ: ਦਰਸ਼ਨ ਸਿੰਘ

ਨਹੀਂ ਕਿਹਾ ਜਾ ਸਕਦਾ ਪਰ ਮੈਂ ਉਹਨਾਂ ਨੂੰ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਜੇ ਮੇਰੇ ਕਤਲ ਕਰਨ ਨਾਲ ਉਹਨਾਂ ਦੀ ਲੀਡਰਸ਼ਿਪ ਮਜ਼ਬੂਤ ਹੁੰਦੀ ਹੋਵੇ ਤਾਂ ਉਹ ਜਗ੍ਹਾ ਦਸੀ ਜਾਵੇ ਜਿਥੇ ਮੈਂ ਬਿਲਕੁਲ ਨਿਹੱਥਾ ਤੇ ਬਿਨਾਂ ਕਿਸੇ ਗਾਰਦ ਦੇ ਪਹੁੰਚ ਜਾਵਾਂ ਤਾਂ ਕਿ ਉਹ ਲੋਕ ਆਪਣੀ ਖੂਨੀ ਪਿਆਸ ਬੁਝਾ ਸਕਣ। ਪਰ ਰੱਬ ਦੇ ਵਾਸਤੇ ਪੰਥ ਨੂੰ ਤਬਾਹੀ ਵੱਲ ਨਾ ਧੱਕੇ ਅਤੇ ਦਰਬਾਰ ਸਾਹਿਬ ਤੇ ਦੂਸਰੇ ਧਾਰਮਿਕ ਅਸਥਾਨਾਂ ਦੀ ਪਵਿਤਰਤਾ ਭੰਗ ਨਾ ਕੀਤੀ ਜਾਵੇ।

ਪੰਥਕ ਕਮੇਟੀ ਵਲੋਂ ਉਹਨਾਂ ਤੇ ਪੰਥਕ ਹਿਤਾਂ ਅਤੇ ਅਕਾਲ਼ ਤਖਤ ਸਾਹਿਬ ਦੀ ਸਰਵਉਚਤਾ ਬਾਰੇ ਸੌਦੇਬਾਜ਼ੀ ਕਰਨ ਦੇ ਲਾਏ ਗਏ ਦੋਸ਼ਾਂ ਦਾ ਉਤਰ ਦਿੰਦਿਆਂ ਪ੍ਰੋਫੈਸਰ ਨੇ ਕਿਹਾ ਕਿ ਸਾਰੇ ਪੰਥ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਵਰਤਮਾਨ ਪੰਥਕ ਸੰਕਟ ਬਾਰੇ ਉਹਨਾਂ ਨੇ ਕਿਸੇ ਨਾਲ ਕੋਈ ਗੁਪਤ ਮੀਟਿੰਗ ਨਹੀਂ ਕੀਤੀ। ਪਿਛੇ ਜਿਹੇ ਸੁਸ਼ੀਲ ਮੁਨੀ ਜੈਨ, ਕਾਂਗਰਸ ਆਈ ਦੇ ਪਾਰਲੀਮੈਂਟ ਮੈਂਬਰ ਸੁਨੀਲ ਦੱਤ ਨਾਲ ਜੋ ਗੱਲ ਬਾਤ ਹੋਈ, ਉਸ ਸਮੇਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕਰ ਸਿੰਘ, ਪੰਜ ਸਿੰਘ ਸਾਹਿਬਾਨ ਤੇ ਅਕਾਲੀ ਆਗੂ ਵੀ ਉਥੇ ਮੌਜੂਦ ਸਨ। ਉਹਨਾਂ ਕਿਹਾ ਕਿ ਇਸ ਤੋਂ ਬਾਅਦ ਅਕਾਲੀ ਦਲ ਦੀ ਜੋ ਨਵੀਂ ਨੀਤੀ ਤਹੈ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ ਉਸ ਤੇ ਪੰਜ ਸਿੰਘ ਸਾਹਿਬਾਨ ਦੇ ਦਸਤਖਤ ਹਨ।

ਪ੍ਰੋਫੈਸਰ ਦਰਸ਼ਨ ਸਿੰਘ ਨੇ ਕਿਹਾ ਕਿ ਉਹਨਾਂ ਅਤੇ ਦੂਸਰੇ ਆਗੂਆਂ ਨੇ ਸਿੱਖ ਨੌਜਵਾਨਾਂ ਦੀ ਰਿਹਾਈ ਅਤੇ ਝੂਠੇ ਮੁਕਾਬਲਿਆਂ ਨੂੰ ਮੁੱਖ ਮੁਦਾ ਬਣਾਇਆ ਸੀ ਪਰੰਤੂ ਪੰਥਕ ਕਮੇਟੀ ਨੇ ਆਪਣੇ ਬਿਆਨਾਂ ਵਿਚ ਜੇਹਲਾਂ ਵਿਚ ਬੰਦ ਸਿੱਖ ਨੌਜਵਾਨਾਂ ਨੂੰ ਗਦਾਰ ਕਹਿ ਕੇ ਇਹਨਾਂ ਦੀਆਂ ਰਿਹਾਈਆਂ ਵਿਚ ਰੁਕਾਵਟਾਂ ਖੜੀਆਂ ਕੀਤੀਆਂ।

ਜਦੋਂ ਪ੍ਰੋਫੈਸਰ ਦਰਸ਼ਨ ਸਿੰਘ ਤੋਂ ਇਹ ਪੁਛਿਆ ਗਿਆ ਕਿ ਕੀ ਉਹ ਇਸ ਸ਼ਰਤ ਨਾਲ ਕਿ ਸਿੱਖ ਪਰੰਪਰਾਵਾਂ ਅਤੇ ਸੁਖਾਵਾਂ ਵਾਤਾਵਰਨ ਬਹਾਲ ਕੀਤਾ ਜਾਵੇ, ਅਕਾਲ ਤਖਤ ਤੇ ਵਾਪਸ ਜਾਣ ਲਈ ਆਪਣੇ ਸਟੈਂਡ ਉਤੇ ਕਾਇਮ ਹਨ ਤਾਂ ਇਸ ਦਾ ਉਤਰ ਦੇਂਦਿਆਂ ਉਹਨਾਂ ਨੇ ਇਹੋ ਗੱਲ ਸ਼੍ਰੋਮਣੀ ਗੁਰਦੁਆਰਾ ਕਮੇਟੀ, ਸੰਯੁਕਤ ਅਕਾਲੀ ਦਲ ਅਤੇ ਮਿਲਣ ਲਈ ਆਉਂਦੇ ਹਜ਼ਾਰਾਂ ਲੋਕਾਂ ਨੂੰ ਆਖੀ। ਉਹ ਸਿੱਖ ਪੰਥ ਅਤੇ ਦਰਬਾਰ ਸਾਹਿਬ ਵਿਚਾਲੇ ਕੋਇ ਟਕਰਾਅ ਨਹੀਂ ਚਾਹੁੰਦੇ। ਪ੍ਰੋਫੈਸਰ ਦਰਸ਼ਨ ਸਿੰਘ ਨੇ ਪੰਜ ਮੈਂਬਰੀ ਪੰਥਕ ਕਮੇਟੀ ਵਲੋਂ ਉਹਨਾਂ ਵਿਰੁਧ ਲਾਏ ਗਏ ਦੋਸ਼ਾਂ ਨੂੰ ਝੂਠੇ ਅਤੇ ਸ਼ਰਾਰਤਪੂਰਨ ਦਸਿਆ ਹੈ।

●●●

ਪੰਜਾਬ ਮਸਲਾ ਹੱਲ ਹੋਣ ਤਕ ਹਿੰਦ-ਕੈਨੇਡਾ ਸਬੰਧਾਂ 'ਚ ਰੁਕਾਵਟਾਂ ਜਾਰੀ ਰਹਿਣ ਦਾ ਡਰ

ਨਵੀਂ ਦਿੱਲੀ — ਕੈਨੇਡਾ ਵਿਚ ਸਿੱਖਾਂ ਦੀਆਂ ਸਰਗਰਮੀਆਂ ਭਾਰਤ-ਕੈਨੇਡਾ ਸਬੰਧਾਂ ਦੇ ਸਿਹਤਮੰਦ ਵਿਕਾਸ ਵਿਚ ਰੁਕਾਵਟਾਂ ਬਣੀਆਂ ਰਹਿ ਸਕਦੀਆਂ ਹਨ। ਭਾਰਤ ਵਿਚ ਕੈਨੇਡਾ ਦੇ ਸਾਬਕਾ ਹਾਈ ਕਮਿਸ਼ਨਰ ਸ੍ਰੀ ਬਿਲ ਵਾਰਡੇਨ ਨੇ ਕੌਮਾਂਤਰੀ ਮਾਮਲਿਆਂ ਦੇ ਕੈਨੇਡਾ ਦੇ ਰਸਾਲੇ 'ਇਨਟਰਨੈਸ਼ਨਲ ਪਰਸਪੈਕਟਿਵ' ਵਿਚ ਇਹ ਵਿਚਾਰ ਪ੍ਰਗਟਾਏ ਹਨ। ਉਨ੍ਹਾਂ ਅਨੁਸਾਰ ਜਦੋਂ ਤਕ ਪੰਜਾਬ ਮਸਲੇ ਦਾ ਹੱਲ ਨਹੀਂ ਨਿਕਲ ਆਉਂਦਾ, ਕੈਨੇਡਾ ਵਿਚ ਰਹਿਣ ਵਾਲੇ ਸਿੱਖਾਂ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਨਾ ਸਿਰਫ ਭਾਰਤ ਅਤੇ ਕੈਨੇਡਾ ਦੇ ਚੰਗੇ ਸਬੰਧਾਂ ਨੂੰ ਨਿਰਉਤਸ਼ਾਹਤ ਕਰਨਗੇ ਸਗੋਂ ਢੁਕਵੇਂ ਵਿਕਾਸ ਦੇ ਰਾਹ ਵਿਚ ਰੁਕਾਵਟਾਂ ਪਾਉਣ ਦੀ ਕੋਸ਼ਿਸ਼ ਵੀ ਕਰਨਗੇ।

ਸ੍ਰੀ ਵਾਰਡੇਨ ਨੇ ਲਿਖਿਆ ਹੈ ਕਿ ਭਾਰਤੀਆਂ ਨੂੰ ਪੰਜਾਬ ਮਸਲਾ ਸੁਲਝਾਉਣ ਲਈ ਸਰਬ ਉਚ ਪਹਿਲ ਇਸ ਰੂਪ ਵਿਚ ਦੇਣੀ ਚਾਹੀਦੀ ਹੈ ਕਿ ਸਿੱਖ ਭਾਈਚਾਰਾ ਦੇਸ਼ ਦੀ ਮੁਖ ਧਾਰਾ ਵਿਚ ਜੁੜ ਜਾਵੇ। ਸਿੱਖਾਂ ਨੇ ਭਾਰਤ ਦੇ ਵਿਕਾਸ ਵਿਚ ਇਤਿਹਾਸਕ ਯੁਗਦਾਨ ਦਿਤਾ ਹੈ। ਸ੍ਰੀ ਵਾਰਡੇਨ ਨੇ ਲਿਖਿਆ ਹੈ ਕਿ ਭਾਰਤ ਅਤੇ ਕੈਨੇਡਾ ਦੇ ਆਪਸੀ ਸਬੰਧਾਂ ਨੂੰ ਹੋਰ ਵਧੇਰੇ ਮਜ਼ਬੂਤ ਬਣਾਉਣ ਲਈ ਸਿੱਖਾਂ ਦੀ ਉਦਮ ਸ਼ੀਲਤਾ ਅਤੇ ਹੌਸਲੇ ਨੂੰ ਉਤਸ਼ਾਹਿਤ ਕਰਨਾ ਕੈਨੇਡਾ ਸਰਕਾਰ ਦੀ ਲੰਬੀ ਮਿਆਦ ਦਾ ਟੀਚਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੇ ਦਰਮਿਆਨ ਸਬੰਧਾਂ ਦੀਆਂ ਲੰਬੇ ਸਮੇਂ ਦੀਆਂ ਸੰਭਾਵਨਾਵਾਂ ਚੰਗੀਆਂ ਹਨ। ਉਨ੍ਹਾਂ ਕਿਹਾ

ਸ੍ਰੀ ਵਾਰਡੇਨ 1984-85 ਵਿਚ ਭਾਰਤ ਵਿਚ ਹਾਈ ਕਮਿਸ਼ਨਰ ਸਨ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਨੇ ਆਪਸੀ ਸਿਆਸੀ ਤੇ ਆਰਥਿਕ ਹਿਤਾਂ ਦੀ ਪਛਾਣ ਕਰ ਲਈ ਹੈ ਅਤੇ ਉਸ ਖਤਰੇ ਵਿਚ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਆਪਸੀ ਸਹਿਯੋਗ ਦਾ ਸੰਕਲਪ ਵੀ ਕੀਤਾ ਹੈ।



ਉਘੀ ਫਿਲਮ ਅਭਿਨੇਤਰੀ ਅਤੇ ਲੋਕ ਸਭਾ ਮੈਂਬਰ ਵੈਜੰਤੀ ਮਾਲਾ ਨੂੰ ਸੋਕਾ ਰਿਲੀਫ ਫੰਡ ਇਕਠਾ ਕਰਨ ਲਈ ਪਿਛਲੇ ਦਿਨੀਂ ਨਵੀਂ ਦਿੱਲੀ ਵਿਚ ਧਾਰਮਿਕ ਲੀਲਾ ਕਮੇਟੀ ਵਲੋਂ ਚਾਂਦੀ ਦੇ ਸਿਕਿਆਂ ਨਾਲ ਤੋਲਿਆ ਗਿਆ।

ਲੋਕਾਂ ਦੇ ਸਹਿਯੋਗ ਤੋਂ ਬਿਨਾਂ ਅੱਤਵਾਦ ਦਾ ਖਾਤਮਾ ਨਹੀਂ ਹੋ ਸਕਦਾ: ਰਿਬੇਰੋ

ਨਕੋਦਰ - ਪੰਜਾਬ ਪੁਲਿਸ ਦੇ ਮੁਖੀ ਜੇ ਐਫ ਰਿਬੇਰੋ ਨੇ ਸਾਰੇ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਦਿਤੀ ਹੈ ਕਿ ਕਿਸੇ ਵੀ ਸ਼ਕੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਸਮੇਂ ਉਸ ਪਿੰਡ ਦੇ ਲੋਕਾਂ ਜਾਂ ਘਟੋ ਘਟ ਪੰਚਾਇਤ ਤੇ ਸਬੰਧਤ ਪਰਿਵਾਰ ਦੇ ਮੈਂਬਰਾਂ ਨੂੰ ਭਰੋਸੇ ਵਿਚ ਲਿਆ ਜਾਵੇ। ਇਹ ਗੱਲ ਉਨ੍ਹਾਂ ਇਕ ਵਿਸ਼ੇਸ਼ ਇੰਟਰਵਿਊ ਵਿਚ ਦਸੀ ਹੈ। ਸ੍ਰੀ ਰਿਬੇਰੋ ਨੇ ਕਿਹਾ ਕਿ ਅਜਿਹਾ ਕਰਨ ਨਾਲ ਲੋਕਾਂ ਦੇ ਮਨਾਂ ਵਿਚ ਪਾਏ ਭੁਲੇਖੇ ਦੂਰ ਹੋ ਜਾਣਗੇ ਤੇ ਪੁਲਿਸ ਪ੍ਰਤੀ ਉਨ੍ਹਾਂ ਦੇ ਮਨਾਂ ਵਿਚ ਵਿਸ਼ਵਾਸ ਪੈਦਾ ਹੋਵੇਗਾ। ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨੂੰ ਚੇਤਾਵਨੀ ਦਿਤੀ ਕਿ ਉਹ ਦਹਿਸ਼ਤਪਸੰਦੀ ਐਕਟ ਦੀ ਦੁਰਵਰਤੋਂ ਨਹੀਂ ਕਰਨਗੇ। ਉਨ੍ਹਾਂ ਨੇ ਜ਼ਿਲੇ ਦੇ ਪੁਲਿਸ ਮੁਖੀਆਂ ਨੂੰ ਆਦੇਸ਼ ਦਿਤਾ ਕਿ ਇਸ ਐਕਟ ਨੂੰ ਲਾਗੂ ਕਰਨ ਤੋਂ ਪਹਿਲਾਂ ਅਜਿਹੇ ਹਰੇਕ ਕੇਸ ਦੀ ਪੁਣ ਛਾਣ ਕੀਤੀ ਜਾਵੇ। ਪੁਲਿਸ ਮੁਖੀ ਨੇ ਇਕ ਪ੍ਰਸ਼ਨ ਦੇ ਉਤਰ ਵਿਚ ਦਸਿਆ ਕਿ ਲੋਕਾਂ ਦੇ ਸਹਿਯੋਗ ਬਿਨਾਂ ਦਹਿਸ਼ਤਪਸੰਦਾਂ ਵਿਰੁਧ ਲੜਾਈ ਨਹੀਂ ਲੜੀ ਜਾ ਸਕਦੀ। ਇਸ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਲੋਕਾਂ ਦੇ ਨੇੜੇ ਜਾਇਆ ਜਾਏ, ਉਨ੍ਹਾਂ ਦੇ ਜਾਇਜ਼ ਗਿਲੇ ਸ਼ਿਕਵੇ ਦੂਰ ਕੀਤੇ ਜਾਣ।



ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਉਨ੍ਹਾਂ ਸਪਸ਼ਟ ਕੀਤਾ ਕਿ ਕੁਝ ਕੇਸਾਂ ਵਿਚ ਪੁਛ ਗਿਛ ਲਈ ਕੁਝ ਵਿਅਕਤੀਆਂ ਨੂੰ ਬੁਲਾਉਣਾ ਪੈਂਦਾ ਹੈ। ਇਸ ਸਬੰਧੀ ਪਿੰਡ ਦੇ ਲੋਕਾਂ ਨੂੰ ਦਸਣਾ ਬਣਦਾ ਹੈ। ਪੁਲਿਸ ਵਿਚ ਫੈਲੀ ਕੁਰਪਸ਼ਨ ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੁਰਪਟ ਅਫਸਰਾਂ ਉਪਰ ਲਗਾਤਾਰ ਨਜ਼ਰ ਰਖੀ ਜਾ ਰਹੀ ਹੈ। ਉਨ੍ਹਾਂ ਪੁਲਿਸ ਅਫਸਰਾਂ ਨੂੰ ਇਹ ਵੀ ਆਦੇਸ਼ ਦਿਤਾ ਹੈ ਕਿ ਉਹ ਤੁਰੰਤ ਥਾਣਿਆਂ ਦੀ ਚੈਕਿੰਗ ਕਰਨ ਤਾਂ ਜੋ ਇਸ ਗੱਲ ਵਿਚ ਧਿਆਨ ਰਖਿਆ ਜਾਵੇ ਕਿ ਬੇਦੋਸ਼ੇ ਲੋਕਾਂ ਨੂੰ ਤਾਂ ਤੰਗ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਹੈ ਕਿ ਅਤਵਾਦ ਨੂੰ ਠੱਲ੍ਹ ਤਾਂ ਹੀ ਪੈ ਸਕੇਗੀ ਜੇਕਰ ਲੋਕ ਸਹਿਯੋਗ ਦੇਣਗੇ।

ਡਲ ਝੀਲ ਤੇ ਹੋਟਲ ਵਿਚ ਅੱਗ-2 ਕਰੋੜ ਦੀ ਹਾਨੀ

ਸ੍ਰੀਨਗਰ,

ਡਲ ਝੀਲ ਤੇ ਤਿੰਨ ਸਟਾਰ ਹੋਟਲ ਵਿਚ ਅੱਗ ਲੱਗਣ ਨਾਲ ਦੋ ਕਰੋੜ ਰੁਪੈ ਦਾ ਨੁਕਸਾਨ ਹੋ ਗਿਆ। ਹੋਟਲ ਸਟਾਫ ਅਤੇ ਫਾਇਰ ਬ੍ਰੀਗੇਡ ਅਮਲੇ ਨੇ ਹੋਟਲ ਵਿਚ ਠਹਿਰੇ ਹੋਏ ਲੋਕਾਂ ਨੂੰ ਬਚਾਅ ਲਿਆ। ਅੱਗ ਸਵੇਰੇ ਸਾਢੇ 6 ਵਜੇ ਲਗੀ ਜਿਸ ਨੇ ਸਾਰੇ ਹੋਟਲ ਨੂੰ ਲਪੇਟ ਵਿਚ ਲੈ ਲਿਆ। 20 ਫਾਇਰ ਬ੍ਰੀਗੇਡ ਇੰਜਣਾਂ ਨੇ ਅੱਗ ਤੇ ਕਾਬੂ ਪਾਇਆ।

ਆਪਸੀ ਝਗੜੇ ਵਿਚ 4ਵਿਦਿਆਰਥੀ ਜ਼ਖਮੀ

ਕੁਰੂਕਸ਼ੇਤਰ (ਪੀ. ਟੀ. ਆਈ)—ਕੁਰੂਕਸ਼ੇਤਰ ਯੂਨੀਵਰ-ਸਿਟੀ ਕਾਲਜ ਦੇ ਚਾਰ ਵਿਦਿਆਰਥੀ ਕਲ ਉਸ ਸਮੇਂ ਜਖਮੀ ਹੋ ਗਏ ਜਦੋਂ ਵਿਦਿ-ਆਰਥੀਆਂ ਦੇ ਵਿਰੋਧੀ ਧੜੇ ਤੇ ਕੁਝ ਬਾਹਰ ਦੇ ਵਿਅਕਤੀਆਂ ਨੇ ਕਾਲਜ ਦੇ ਅਹਾਤੇ ਵਿਚ ਚ ਕੂਆਂ ਤੇ ਲੋਹੇ ਦੀਆਂ ਰਾਡਾਂ ਨਾਲ ਉਹਨਾਂ ਉਪਰ ਹਮਲਾ ਕਰ ਦਿਤਾ।

ਜਖਮੀ ਵਿਦਿਆਰਥੀਆਂ ਨੂੰ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ ਹੈ। ਵਿਦਿਆਰਥੀ ਯੂਨੀਅਨ ਨੇ ਦੋਸ਼ੀ ਵਿਦਿਆਰਥੀਆਂ ਨੂੰ ਕਾਲਜੋਂ ਕੱਢ ਦੇਣ ਦੀ ਮੰਗ ਕੀਤੀ ਹੈ।

"Quam and Panth come first, not militants"

THE kutcha road which takes off from the Chandigarh-Ambala highway and passes by the residence of Mr Darshan Singh, acting Jathedar of Akal Takht, at Zirakpur is undulating perhaps symbolic of the ups and downs in Sikh politics. It is full of potholes and ditches and has a couple of blind turns. It is also very narrow and vehicles coming from opposite directions cannot



"Youth should not come in confrontation with the 'quam'. If they are dying for the community, then they should respect the wishes of the community."

cross each other without either of them swerving off the road.

This road situation too symbolises "the narrow road of Panthic politics" these days. On one side are ranged the militants, having effective control of the Golden Temple complex, represented by the "Panthic Committee", the Gurjit faction of the All-India Sikh Students Federation, which has now severed its links with the parent body and has proclaimed itself to be an independent organisation, and its armed wing, the "Khalistan Commando Force". At least three of the head priests are the

Ever since Mr Darshan Singh became the Jathedar of Akal Takht towards the end of last year he has made attempts to bring all Akali factions under one flag.

nominees of the militants and faithfully toe their line.

On the other side are the traditional moderate Sikh leaders represented by Mr Darshan Singh. He is backed by the Shiromani Gurdwara Parbandhak Committee somewhat inappropriately described as the "Parliament of the Sikhs". Its President, Mr Gurcharan Singh Tohra, is currently under detention. In his absence, Mr Harinder Singh has been acting as SGPC President. The SGPC had been reduced to irrelevance by the militants during the past several months. But, of late, it has shown some uncharacteristic courage and defiance in the face of dire threats and intimidation by the militants.

UAD's NEW MOOD

The UAD too has not lagged behind. It has given enough indications that while it is not keen on a head-on confrontation with the militants, it will not brook any challenge to the traditional Sikh authority represented by the Jathedar of Akal Takht nor will it accept the position that any organisation, including the "Panthic Committee" is higher than Akal Takht in status.


The Akali Dal (L), headed by Mr Surjit Singh Barnala, has so far maintained a low profile in the controversy between the militants and the SGPC-UAD combine. It is obviously enjoying the discomfiture of Mr Darshan Singh, who excommunicated Mr Barnala from the Sikh Panth earlier this year, and did almost everything, with the help of the UAD, to bring down the Akali Dal Ministry. But there is no mistaking the fact that its sympathy lies with Mr Darshan Singh in his present predicament. The Dal (L) has directed its five members on the SGPC Executive to support the UAD in its stand against the militants and in favour of the Akal Takht chief.

Ever since Mr Darshan Singh became the Jathedar of Akal Takht towards the end of last year, he has made attempts to bring all Akali factions under one flag. His first attempt to unite them failed when the faction headed by Mr Barnala refused to fall in line.

His second attempt to evolve a consensus on Sikh demands through holding a convention at Amritsar on August 4 also did not succeed when the representative of the militants made it clear that they were not willing to settle for anything less than "Khalistan". This led Mr Darshan Singh to quit Amritsar in a huff. He declared that he would give the "first chance" to the militants lead the community and returned to his residence at Zirakpur.

It will not be fair to Mr Darshan Singh to say that he has run away from the battlefield. The militants have had a free hand for nearly two months now and all that they seem to have achieved is to further sharpen the differences in the Panth. Mr Darshan Singh is now looking forward to the day of his return to Amritsar to resume his assignment as the Akal Takht chief, preferably before Divali on October 22 when the militants plan to convene a "Sarbat Khalsa" for, among other things, the removal of Mr Darshan Singh as Jathedar of Akal Takht.

In the meantime, Mr Darshan Singh keeps himself busy at his Zirakpur residence, receiving visitors conferring with SGPC officials and talking to UAD leaders. A group of fierce-looking armed young men guard his residence round the clock. Not far away is a



tent housing a few men of the CRPF.

INTERVIEW

Excerpts from an interview with Mr Darshan Singh:

Q: You have been away from Amritsar for nearly two months now. How do you assess the present situation? Do you feel that you have been vindicated and the militants are in the wrong?

DS: As I have already stated, I came away from Amritsar to avoid confrontation with the youth so that they can have a chance to lead the Panth as they deem fit. It is for the Panth to decide whether my thinking is right or the line adopted by the militants is correct. The issue relates to the entire Panth. How can as an individual, say who is right and who is wrong? If the Panth feels that its interests are not being served by the militants, then it should speak out.

Q: But, in the past few weeks, differences within the Sikh community seem to have become sharper.

DS: I would say that the youth should not come in confrontation with the "quam". If they say that they are dying for the community, then they should also respect the wishes of the community. If the whole community accepts their point of view, they are free to lead it. But if the community does not like their way of thinking and there is a confrontation, then it is in their own interest not to stand in the way (of the community). It is their duty to respect the wishes of the "quam". If they are making sacrifices for the sake of the community, then why come in confrontation with it? They should do what the community wants.

Q: The SGPC, the UAD as also a large number of other Sikh organisations have made appeals to you to return to Amritsar to resume your assignment as Jathedar of Akal Takht. Are you willing to go back?

DS: The Government wants to bring about a situation of confrontation among the Sikhs. I want to avoid it. The atmosphere in and around the Golden Temple should be such that when I return to that place there is no situation of confrontation there. Therefore all Sikh organisations should try to persuade the young men to realise that the Panth is not willing to support their point of view. Therefore they must cooperate with the Panth. They should themselves create a congenial atmosphere. Any confrontation among the Sikhs will be a blot in Sikh history.

ਸਾਰੀ ਸਿੱਖ ਜਾਤੀ ਅੱਤਵਾਦੀ ਨਹੀਂ!

-ਵਿਸ਼ਨੂੰ ਦਤ ਸ਼ਰਮਾ



ਪੰਜਾਬ ਦੀ ਅਜੋਕੀ ਸਥਿਤੀ ਵਿਚ ਸਾਰੇ ਸਿੱਖਾਂ ਨੂੰ ਇਕੋ ਪਲੜੇ ਵਿਚ ਰਖਣਾ ਜਾਂ ਸਾਰਿਆਂ ਨੂੰ ਹੀ ਅਤਵਾਦੀ ਸਮਝੀ ਜਾਣਾ ਅਤੇ ਹਰ ਸਿੱਖ ਨੂੰ ਸ਼ਕ ਦੀ ਨਿਗਾਹ ਨਾਲ ਦੇਖਣਾ ਅਵੱਲ ਦਰਜੇ ਦੀ ਸਿਆਸੀ ਗਲਤੀ ਹੋਵੇਗੀ। ਨਿਰਸੰਦੇਹ, ਇਹ ਗੱਲ ਸਾਰੇ ਸਿੱਖਾਂ ਦੇ ਚਰਿਤਰ ਦੇ ਕਤਲ ਕਰਨ ਦੇ ਬਰਾਬਰ ਹੋਵੇਗੀ। ਭਾਰਤ ਵਿਚ ਮੇਰੀ ਰਹਿਤ ਵੇਲੇ "ਸਿਖ ਅੱਤਵਾਦੀ" ਜਾਂ "ਸਿੱਖ ਦਹਿਸ਼ਤਵਾਦੀ" ਆਮ ਤੌਰ ਤੇ ਲੋਕਾਂ ਦੀ ਜ਼ਬਾਨੋਂ ਅਤੇ ਅਖਬਾਰਾਂ, ਰਸਾਲਿਆਂ ਦੇ ਸੰਪਾਦਕੀਆਂ ਅਤੇ ਖਬਰਾਂ ਵਿਚ ਵੀ ਪੜ੍ਹਨ ਨੂੰ ਮਿਲਦੇ ਸਨ। ਮਿਸਾਲ ਵਜੋਂ "ਨਿਊਜ਼ਵੀਕ" ਅੰਗਰੇਜ਼ੀ ਦੇ ਰਸਾਲੇ ਵਿਚ ਲਿਖਿਆ ਹੈ ਕਿ:—

" ਪਿਛਲੇ ਮਹੀਨੇ ਹਰਿਆਣੇ ਵਿਚ ਉੱਪਰ-ਥਲੀ ਦੋ ਦਿਨਾਂ ਵਿਚ ਦੋ ਬੱਸਾਂ ਨੂੰ ਖੜੀਆਂ ਕਰਕੇ 70 ਹਿੰਦੂਆਂ ਦਾ ਕਤਲ ਕਰ ਦਿਤਾ ਗਿਆ" ਲੇਖ ਵਿਚ ਅਗੇ ਚਲਕੇ ਲਿਖਿਆ ਕਿ "ਐਸ ਸਾਲ ਹੁਣ ਤਾਈਂ 700 ਤੋਂ ਵਧ ਲੋਕ 'ਸਿਖ ਦਹਿਸ਼ਤਵਾਦ' ਦੇ ਸਿੱਟੇ ਵਜੋਂ ਮਾਰੇ ਜਾ ਚੁਕੇ ਹਨ।"

(24. ਅਗਸਤ 1987)

ਭਾਰਤ ਦਾ ਇਕ ਉੱਘਾ ਦੂਸਰਾ ਰਸਾਲਾ "ਇੰਡੀਆ ਟੂ ਡੇ" ਇਸ ਤੋਂ ਵੀ ਪਹਿਲਾਂ ਇਸੇ ਤਰ੍ਹਾਂ ਦੀ ਗੱਲ ਲਿਖ ਚੁਕਾ ਸੀ। ਆਪਣੀ ਇਕ ਸਟੋਰੀ ਵਿਚ ਕਿ ਹਰਿਆਣੇ ਅੰਦਰ ਹੋਏ ਕਤਲਾਂ ਦੀ ਸ਼ਕਲ ਵਿਚ "ਸਿਖ ਦਹਿਸ਼ਤਵਾਦ" ਅਚਾਨਕ ਕਿਵੇਂ ਵਾਪਰਿਆ (ਇੰਡੀਆ ਟੂ ਡੇ 31 ਜੁਲਾਈ 1987 - ਪੰਨਾ 30) ਇਸ ਗੱਲ ਤੋਂ ਤੁਰ ਕੇ ਪੰਜਾਬ ਵਿਚ ਅੱਤਵਾਦ ਕਿਸੇ ਇਕ ਜਾਤੀ ਵਲੋਂ ਹੀ ਸ਼ੁਰੂ ਹੋਇਆ. ਇਸ ਹੱਦ ਤਾਈਂ ਪਹੁੰਚ ਜਾਣਾ ਕਿ ਉਸ ਜਾਤੀ ਦਾ ਹਰ ਮੈਂਬਰ ਅੱਤਵਾਦੀ ਹੈ. ਅਜਿਹੀ ਗੱਲ ਜੋ ਆਮ ਤੌਰ ਤੇ ਫਿਰਕੂ ਲਿਖਤਾਂ ਵਿਚ ਮਿਲਦੀ ਹੈ। ਇਨ੍ਹਾਂ ਅਤੇ ਅਜਿਹੇ ਸ਼ਬਦਾਂ ਦਾ ਪ੍ਰਗਟਾਉ ਕਈ ਚੰਗੀ ਨੀਤ ਦੀਆਂ ਲਿਖਤਾਂ ਕਿਰਤਾਂ ਵਿਚ ਵੀ ਆ ਜਾਂਦਾ ਹੈ।

29 ਅਗਸਤ. 87 ਦੇ ਅੰਗਰੇਜ਼ੀ "ਬਲਿਟਜ਼" ਵਿਚ. ਇਸੇ ਵਿਸ਼ੇ ਉਤੇ ਮਿ. ਪੀ. ਸਾਈਨਾਥ ਦਾ ਇਕ ਬੜਾ ਸੁੰਦਰ ਲੇਖ ਮੇਰੀ ਨਜ਼ਰ ਵਿਚ ਗੁਜ਼ਰਿਆ; ਜਿਸਨੇ, ਕੋਈ ਸ਼ਕ ਨਹੀਂ, ਮੈਨੂੰ ਵੀ ਸੁਚੇਤ ਕੀਤਾ ਹੈ। ਉਨ੍ਹਾਂ ਨੇ ਆਪਣੇ ਲੇਖ ਵਿਚ ਠੀਕ ਹੀ ਲਿਖਿਆ ਹੈ ਕਿ:—

"ਐਉਂ ਲਗਦਾ ਹੈ ਕਿ ਬਹੁਤ ਸਾਰੇ ਭੁਲ ਹੀ ਗਏ ਹਨ ਕਿ ਸੰਤ ਲੌਂਗੋਵਾਲ ਸਿੱਖ ਸਨ: ਅਜਿਹੇ ਸਿੱਖ, ਜਿਨ੍ਹਾਂ ਨੇ ਆਪਣਾ ਜੀਵਨ ਇਕ ਅਜਿਹੇ ਸਮਝੌਤੇ ਦੇ ਨਮਿਤ ਇਸ ਆਸ ਨਾਲ ਲਗਾ ਦਿਤਾ ਕਿ ਭਾਰਤ ਅਖੰਡ ਰਹੇ ਅਤੇ ਪੰਜਾਬ ਵਿਚ ਸ਼ਾਂਤੀ ਸਥਾਪਤ ਹੋਵੇ। ਉਹ ਸਮਝੌਤਾ ਜੋ ਅਜ ਕਾਗਜ਼ ਦੇ ਟੁਕੜੇ ਉਤੇ ਹੀ ਰਹਿ ਗਿਆ ਹੈ ਤਾਂ ਇਸ ਵਿਚ ਸਿੱਖਾਂ ਦਾ ਹੀ ਕਸੂਰ ਨਹੀਂ।"

(ਬਲਿਟਜ਼, 29 ਅਗਸਤ, 87)

ਐਸ ਸਾਲ ਵਿਚ ਹੀ ਜੋ ਫਿਰਕੂ ਫਸਾਦ ਮੇਰਠ ਵਿਚ ਹੋਏ ਹਨ ਉਸ ਬਾਰੇ ਲਿਖਤਾਂ ਵਿਚ ਕਦੀ ਕਿਸੇ ਨੇ "ਹਿੰਦੂ ਦਹਿਸ਼ਤ" ਜਾਂ "ਹਿੰਦੂ ਅੱਤਵਾਦੀ" ਲਿਖਿਆ ਦੇਖਿਆ? ਜੇ ਸਾਰੀ ਹਿੰਦੂ ਜਾਤੀ ਨੂੰ "ਹਿੰਦੂ ਅੱਤਵਾਦੀ" ਨਹੀਂ ਆਖਿਆ ਜਾ ਸਕਦਾ ਤਾਂ ਸਾਰੇ ਸਿੱਖਾਂ ਨੂੰ "ਸਿਖ ਦਹਿਸ਼ਤਵਾਦੀਏ" ਕਿਵੇਂ ਆਖਿਆ ਜਾ ਸਕਦਾ ਹੈ?

ਕੇਵਲ ਨਿਆਂ ਪੂਰਨ ਢੰਗ ਨਾਲ ਵੀ ਜੇ ਦੇਖਿਆ ਜਾਵੇ ਤਾਂ ਠੋਸ ਤੱਥ ਇਸ ਧਾਰਨਾ ਦੇ ਉਲਟ ਹਨ।

ਅਸਲੀਅਤ ਅਤੇ ਤੱਥ

ਪੰਜਾਬ ਵਿਚ ਪਿਛਲੇ ਦੋ ਸਾਲਾਂ ਅੰਦਰ ਅੱਤਵਾਦੀਆਂ ਹਥੋਂ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਦੇ ਹੋਏ ਕਤਲਾਂ ਦੀ ਛਾਣ-ਬੀਣ ਕਰੀਏ ਤਾਂ ਤਸਵੀਰ ਵਖਰੀ ਨਜ਼ਰ ਆਉਂਦੀ ਹੈ। ਪੰਜਾਬ ਵਿਚ ਸ਼ਿਵਨਵਾਦੀ ਹਿੰਦੂਆਂ ਦੀਆਂ ਫਿਰਕੂ ਜਥੇਬੰਦੀਆਂ ਹਨ ਤਾਂ ਜ਼ਰੂਰ, ਪਰ ਉਹ ਗੋਲੀ ਦਾਰੂ ਦੇ ਹਥਿਆਰਾਂ ਨਾਲ ਘਰੋਂ ਬਾਹਰ ਨਿਕਲਕੇ ਦੂਸਰੀ ਜਾਤੀ ਦੇ ਲੋਕਾਂ ਜਾਂ ਸਿਆਸੀ ਸਰਗਰਮਾਂ ਨੂੰ ਮਾਰਦੀਆਂ ਨਹੀਂ ਫਿਰਦੀਆਂ; ਨਾ ਹੀ ਉਨ੍ਹਾਂ ਪਾਸ ਅਜੋਕੇ ਆਧੁਨਿਕ ਹਥਿਆਰ ਹਨ। ਇਸ ਕਰਕੇ ਹੀ ਪੰਜਾਬ ਪੁਲੀਸ ਦੇ ਨਿਰਦੇਸ਼ਕ ਮਿ. ਰਿਬੇਰੋ ਨੇ ਸਪਸ਼ਟ ਕੀਤਾ ਸੀ ਕਿ ਅੱਤਵਾਦੀਆਂ ਹਥੋਂ ਸਿਆਸੀ ਸਰਗਰਮਾਂ ਦੇ ਕਤਲਾਂ ਦੀ ਗਿਣਤੀ ਵਿਚ ਸਭ ਤੋਂ ਵਧ ਨੰਬਰ ਦੋਵੇਂ ਕਮਿਊਨਿਸਟ ਪਾਰਟੀਆਂ ਦਾ ਹੈ। ਰਿਬੇਰੋ ਨੂੰ ਕਮਿਊਨਿਸਟਾਂ ਦਾ ਹਮਦਰਦ ਜਾਂ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਬੰਦਾ ਨਹੀਂ ਆਖਿਆ ਜਾ ਸਕਦਾ।

ਦੋਨੋਂ ਕਮਿਊਨਿਸਟ ਪਾਰਟੀਆਂ, ਸੀ ਪੀ ਆਈ ਅਤੇ ਸੀ ਪੀ ਆਈ (ਮਾਰਕਸਵਾਦੀ) ਦੇ ਅਗਸਤ ਦੇ ਅੰਤ ਤਾਈਂ "ਬਲਿਟਜ਼" ਦੇ ਅਨੁਸਾਰ 41 ਸਰਗਰਮ ਵਰਕਰ ਅਤੇ ਉਘੇ ਲੀਡਰ ਕਤਲ ਕਰ ਦਿਤੇ ਗਏ; ਜਿਨ੍ਹਾਂ ਵਿਚੋਂ ਸੀ ਪੀ ਆਈ ਦੇ 32 ਅਤੇ ਮਾਰਕਸੀ ਪਾਰਟੀ ਦੇ 9 ਸਾਥੀ ਸ਼ਹੀਦ ਹੋਏ ਹਨ। ਦੋਹਾਂ ਪਾਰਟੀਆਂ ਦੇ ਕਥਨ ਅਨੁਸਾਰ ਅਜੇ ਇਹ ਲਿਸਟ ਅਧੂਰੀ ਹੈ। ਜੇ ਇਨ੍ਹਾਂ ਵਿਚ ਉਨ੍ਹਾਂ ਵਰਕਰਾਂ ਨੂੰ ਵੀ ਸ਼ਾਮਲ ਕਰ ਲਿਆ ਜਾਵੇ, ਜਿਹੜੇ ਲਾਪਤਾ ਹਨ ਤਾਂ ਨੰਬਰ ਹੋਰ ਵੀ ਵਧ ਜਾਂਦਾ ਹੈ। ਫਟੜ ਹੋਇਆਂ ਦੀ ਸੰਖਿਆ ਇਸ ਤੋਂ ਅਲਹਿਦਾ ਹੈ।

ਇਨ੍ਹਾਂ 41 ਸਿਆਸੀ ਸਰਗਰਮਾਂ ਵਿਚੋਂ 25, ਭਾਵ 60 ਫੀ ਸਦੀ ਸਿੱਖ ਹਨ। ਇਹ ਗਿਣਤੀ ਸਿੱਧ ਕਰਦੀ ਹੈ ਕਿ ਇਹ "ਸਿਖ ਅੱਤਵਾਦੀ" ਨਹੀਂ ਬਲਕਿ ਅਜਿਹਾ ਅੱਤਵਾਦ ਹੈ ਜੋ ਸਿੱਖਾਂ ਨੂੰ ਵੀ ਕਤਲ ਕਰਦਾ ਹੈ। ਇਸਦੇ ਨਾਲ ਹੀ ਜੇ ਦੋਹਾਂ ਪਾਰਟੀਆਂ ਦੀ ਲੀਡਰਸ਼ਿਪ ਦਰਜੇ ਦੇ ਵਰਕਰਾਂ ਨੂੰ ਦੇਖਿਆ ਜਾਵੇ, ਜਿਸਦਾ ਮਤਲਬ ਹੈ ਇਨ੍ਹਾਂ ਵਿਚੋਂ ਜਿਹੜੇ ਸਟੇਟ ਜਾਂ ਜ਼ਿਲਾ ਪੱਧਰ ਦੀਆਂ ਪਾਰਟੀ ਇਕਾਈਆਂ ਜਾਂ ਜਨਤਕ ਜਥੇਬੰਦੀਆਂ ਦੇ ਲੀਡਰ ਹਨ ਤਾਂ ਸਿਖ ਲੀਡਰ ਵਰਕਰਾਂ ਦੀ ਗਿਣਤੀ 80 ਫੀ ਸਦੀ ਤਕ ਵੀ ਪਹੁੰਚ ਜਾਂਦੀ ਹੈ। ਅੱਤਵਾਦੀਆਂ ਹਥੋਂ ਕਤਲ ਹੋਏ ਇਨ੍ਹਾਂ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਵਧੀਆ ਲੀਡਰ ਸ਼ਾਮਲ ਹਨ ਜੋ ਸਿਖ ਸਨ - ਜਿਵੇਂ ਚੰਨਣ ਸਿੰਘ ਧੂਤ (ਮਾਰਕਸੀ ਪਾਰਟੀ ਸਟੇਟ ਕਮੇਟੀ ਦਾ ਮੈਂਬਰ) ਗੁਰਨਾਮ ਸਿੰਘ ਉੱਪਲ (ਭਾਰਤੀ ਜਮਹੂਰੀ ਯੁਵਕ ਫੈਡਰੇਸ਼ਨ ਦਾ ਪ੍ਰਧਾਨ) ਦਰਸ਼ਨ ਸਿੰਘ ਕੈਨੇਡੀਅਨ (ਸੀ.ਪੀ.ਆਈ. ਦਾ ਸਾਬਕਾ ਸਟੇਟ ਸੈਕਟਰੀ) ਅਰਜਨ ਸਿੰਘ ਮਸਤਾਨਾ (ਮੈਂਬਰ ਸਟੇਟ ਪਾਰਟੀ ਦੀ ਐਗਜ਼ੈਕਟਿਵ ਕਮੇਟੀ) ਸੁਖਮਿੰਦਰ ਸਿੰਘ (ਫਰੀਦਕੋਟ ਦੀ ਜ਼ਿਲਾ ਕਮੇਟੀ ਦਾ ਸੈਕਟਰੀ) ਸੁਮੀਤ ਸਿੰਘ (ਐਡੀਟਰ ਪ੍ਰੀਤ ਲੜੀ) ਜਗੀਰ ਸਿੰਘ (ਖੇਤ ਮਜ਼ਦੂਰ ਯੂਨੀਅਨ ਲੀਡਰ) ਡਾ. ਗੁਰਦਿਆਲ ਸਿੰਘ ਮਠੌਡਾ (ਸੀ ਪੀ ਆਈ - ਐਮ) ਆਦਿ।

ਇਨ੍ਹਾਂ ਤੋਂ ਇਲਾਵਾ ਮਾਰਕਸੀ ਲੈਨਿਨੀ ਪਾਰਟੀ ਦੇ ਲੀਡਰ ਬਲਦੇਵ ਸਿੰਘ ਮਾਨ, ਜਿਹਾ ਸਾਥੀ ਵੀ ਸਿਖ ਸੀ।

ਕਮਿਊਨਿਸਟਾਂ ਤੋਂ ਇਲਾਵਾ ਉਘੇ ਅਕਾਲੀ ਲੀਡਰ ਸੰਤ ਹਰਚਰਨ ਸਿੰਘ ਲੌਂਗੋਵਾਲ ਦੇ ਨਾਲ ਹੀ ਅਕਾਲੀ ਦਲ (ਲੌਂਗੋਵਾਲ) ਦੇ ਕਈ ਜਾਣੇ ਜਾਂਦੇ ਵਰਕਰ ਅਤੇ ਇਸ ਦੇ ਮੀਤ ਪ੍ਰਧਾਨ ਉਮਰਾ ਨੰਗਲ ਦਾ ਲੜਕਾ, ਸਟੇਟ ਕਾਂਗਰਸ (ਇ:) ਦੇ ਕਈ ਲੀਡਰ ਅਤੇ ਵਰਕਰ, ਕਈ ਪੁਲੀਸ ਅਫਸਰ ਅਤੇ ਉਨ੍ਹਾਂ ਦੇ ਟੱਬਰਾਂ ਦੇ ਮੈਂਬਰ, ਜਿਨ੍ਹਾਂ ਨੂੰ ਅੱਤਵਾਦੀਆਂ ਨੇ ਮਾਰਿਆ - ਸਿਖ ਹੀ ਸਨ। ਐਥੇ ਤਕ ਜੇ ਅਗਸਤ 87 ਦੇ ਕੇਵਲ ਇਕ ਹਫਤੇ ਵਿਚ ਦੀ, ਅੱਤਵਾਦੀਆਂ ਹਥੋਂ ਕਤਲਾਂ ਦੀ ਗਿਣਤੀ ਨੂੰ ਦੇਖਿਆ ਜਾਵੇ ਤਾਂ 16 ਕਤਲਾਂ ਵਿਚੋਂ 13 ਸਿਖ ਸਨ।

ਸਰਕਾਰੀ ਅੰਕੜਿਆਂ ਅਨੁਸਾਰ ਜਨਵਰੀ 87 ਤੋਂ ਅਗਸਤ 87 ਤਕ ਪੰਜਾਬ 'ਚ ਦਹਿਸ਼ਤਪਸੰਦਾਂ ਵਲੋਂ 673 ਹਤਿਆਵਾਂ ਕੀਤੀਆਂ ਗਈਆਂ, ਇਨ੍ਹਾਂ ਵਿਚ ਖਾਸੀ ਗਿਣਤੀ ਸਿੱਖਾਂ ਦੀ ਹੈ।

ਜੇ ਇੰਗਲੈਂਡ ਵਿਚ ਸ਼ਾਤ ਮਾਰੀ ਜਾਵੇ ਤਾਂ ਤਰਸੇਮ ਸਿੰਘ ਤੂਰ ਹੋਵੇ, ਸੋਹਣ ਸਿੰਘ ਲਿੱਦੜ ਹੋਵੇ ਜਾਂ ਸੰਗਤਾਰ ਸਿੰਘ ਸੰਧੂ - ਸਾਰੇ ਸਿਖ ਹਨ। ਜ਼ਾਹਿਰ ਹੈ ਕਿ ਅਜਿਹੀ ਹਾਲਤ ਵਿਚ "ਸਿਖ ਅਤਵਾਦ" ਦੇ ਸ਼ਬਦਾਂ ਦੀ ਵਰਤੋਂ ਕਿਸੇ ਸੂਰਤ ਵਿਚ ਵੀ ਯੋਗ ਨਹੀਂ।

ਸਾਰੇ ਸਿੱਖ ਅਤਵਾਦੀਆਂ ਨਾਲ ਨਹੀਂ

ਇਸ ਦੇ ਨਾਲ ਹੀ ਇਹ ਗੱਲ ਵੀ ਕਿ ਸਾਰੇ ਸਿੱਖ ਅਤਵਾਦੀਆਂ ਦੇ ਸਮਰਥਕ ਨਹੀਂ ਹਨ। ਹਿੰਦੂ ਜਾਤੀ ਵਿਚ ਖਾਸ ਤੌਰ ਤੇ ਕਈ ਵਾਰ ਅਤਵਾਦੀਆਂ ਦੀ ਨੁਕਤਾਚੀਨੀ ਕਰਨ ਦੇ ਜੋਸ਼ ਵਿਚ ਭੁਲਾ ਦਿਤਾ ਜਾਂਦਾ ਹੈ ਕਿ ਸਿੱਖਾਂ ਵਿਚ, ਮਿਸਾਲ ਵਜੋਂ ਰਾਮਗੜ੍ਹੀਆਂ, ਨਿਰੰਕਾਰੀਆਂ, ਮਜ਼ਬੀ ਸਿੱਖਾਂ, ਨਾਮਧਾਰੀਆਂ, ਰਾਧਾ ਸੁਆਮੀਆਂ, ਰਵਿਦਾਸੀਆਂ ਦਾ ਹੀ ਨਹੀਂ ਸਗੋਂ ਜੱਟ ਸਿੱਖਾਂ ਦਾ ਵੀ ਬਹੁਤਾ ਭਾਰਾ ਹਿੱਸਾ ਅੱਤਵਾਦੀਆਂ ਦਾ ਸਮਰਥਕ ਵੀ ਨਹੀਂ; ਅੱਤਵਾਦੀ ਹੋਣਾ ਤਾਂ ਇਕ ਪਾਸੇ ਰਿਹਾ।

ਇਸ ਗੱਲ ਵਿਚ ਸ਼ਕ ਨਹੀਂ ਕਿ ਸਿੱਖ ਜਾਤੀ ਦੀਆਂ ਅਥਾਹ ਦੇਸ਼ ਭਗਤਕ ਰਵਾਇਤਾਂ ਹਨ। ਕੌਣ ਨਹੀਂ ਜਾਣਦਾ ਕਿ ਪਿਛਲੀ ਸਦੀ ਦੇ ਅੱਧ ਵਿਚ ਬਾਬਾ ਰਾਮ ਸਿੰਘ ਜੀ ਵਲੋਂ ਚਲਾਈ ਕੂਕਾ ਲਹਿਰ ਤੋਂ ਤੁਰ ਕੇ 1947 ਤਕ ਭਾਰਤ ਨੂੰ ਆਜ਼ਾਦੀ ਮਿਲਣ ਤਾਈਂ ਆਜ਼ਾਦੀ ਦੀਆਂ ਅਨੇਕਾਂ ਲਹਿਰਾਂ ਵਿਚ ਸਿੱਖਾਂ ਦਾ ਖਾਸਾ ਹਿੱਸਾ ਹੈ। ਇਸ ਕਰਕੇ ਸਾਰੀ ਸਿੱਖ ਜਾਤੀ ਨੂੰ ਅੱਤਵਾਦੀ ਕਹਿਕੇ ਨਿੰਦਣਾ, ਕਲੰਕਤ ਕਰਨਾ, ਸਰਾਸਰ ਗਲਤ ਹੀ ਨਹੀਂ ਬਲਕਿ ਸਾਰੀ ਜਾਤੀ ਨੂੰ ਦੇਸ਼ ਦੀ ਮੁਖ ਧਾਰਾ ਤੋਂ ਆਪ ਨਿਖੇੜਨ ਦੇ ਬਰਾਬਰ ਹੈ; ਜਦ ਕਿ ਹਕੀਕਤ ਇਹ ਹੈ ਕਿ 1987 ਦੇ ਮੁਢਲੇ ਤਿੰਨ ਮਹੀਨਿਆਂ ਵਿਚ ਜਿਹੜੇ ਕੁਝ 168 ਵਿਅਕਤੀ ਅੱਤਵਾਦੀਆਂ ਹਥੋਂ ਕਤਲ ਹੋਏ ਸਨ, ਉਨ੍ਹਾਂ ਵਿਚੋਂ 96 ਸਿਖ ਸਨ।

ਫੇਰ, ਕਤਲ ਕੇਵਲ ਪੰਜਾਬ ਵਿਚ ਹੀ ਨਹੀਂ ਹੋ ਰਹੇ। ਗੁਜਰਾਤ, ਤਾਮਲ ਨਾਡੂ, ਬਿਹਾਰ ਅਤੇ ਉਤਰ ਪ੍ਰਦੇਸ਼ ਵਿਚ ਘਟ ਬੰਦੇ ਨਹੀਂ ਮਾਰੇ ਜਾ ਰਹੇ। ਬਿਹਾਰ ਵਿਚ ਜਦੋਂ ਬੇਜ਼ਮੀਨੇ ਮਜ਼ਦੂਰਾਂ ਅਤੇ ਗਰੀਬਾਂ ਦੇ ਕਤਲ ਉਥੋਂ ਦੇ ਜ਼ਿਮੀਦਾਰ 'ਠਾਕਰ' ਕਰਦੇ ਹਨ ਤਾਂ ਉਨ੍ਹਾਂ ਕਤਲਾਂ ਨੂੰ ਕੋਈ "ਠਾਕਰ ਅਤਵਾਦ" ਨਹੀਂ ਆਖਦਾ।

ਇਨ੍ਹਾਂ ਸ਼ਬਦਾਂ ਨੂੰ ਖਤਮ ਕਰੋ!

ਉਪਰੋਕਤ ਦਲੀਲਾਂ ਨੂੰ ਮੁਖ ਰਖਦਿਆਂ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ "ਸਿਖ ਅੱਤਵਾਦ" ਜਾਂ " ਸਿਖ ਅੱਤਵਾਦੀ" ਜਿਹੇ ਸ਼ਬਦ ਬਿਲਕੁਲ ਨਾ ਵਰਤੇ ਜਾਣ। ਇਨ੍ਹਾਂ ਸ਼ਬਦਾਂ ਦੇ ਬਦਲ ਵਿਚ "ਖਾਲਿਸਤਾਨੀ ਵੱਖਵਾਦੀ," "ਖਾਲਿਸਤਾਨੀ ਦਹਿਸ਼ਤਵਾਦੀਏ" ਜਿਹੇ ਸ਼ਬਦ ਵਰਤਣੇ ਜ਼ਿਆਦਾ ਢੁਕਵੇਂ ਅਤੇ ਯੋਗ ਹੋਣਗੇ ਤਾਂ ਜੋ ਖਾਲਿਸਤਾਨੀ ਵੱਖਵਾਦੀ, ਜਿਹੜੇ ਸਾਰੇ ਸਿਖ ਪੰਥ ਪੰਜਾਬ ਅਤੇ ਸਾਰੇ ਭਾਰਤ ਨੂੰ ਸਾਮਰਾਜੀਆਂ ਦੀ ਮੱਦਦ ਨਾਲ ਤਬਾਹ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਆਮ ਲੋਕਾਂ 'ਚੋਂ ਚੰਗੀ ਤਰ੍ਹਾਂ ਛੇਤੀ ਨਿਖੇੜਿਆ ਜਾ ਸਕੇ।

●●●

Sher-E-Punjab

'ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਤੋਂ ਸਿੱਖ ਵੀ ਅੱਕ ਗਏ ਹਨ'

—ਪੰਜਾਬ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦਾ ਵਿਚਾਰ ਹੈ ਕਿ ਪੰਜਾਬ ਵਿਚ ਹੋ ਰਹੇ ਕਤਲਾਂ, ਚੋਰੀਆਂ ਤੇ ਡਾਕਿਆਂ ਦੀਆਂ ਵਾਰਦਾਤਾਂ ਤੋਂ ਸਿੱਖ ਵੀ ਉਕਤਾ ਗਏ ਹਨ ਤੇ ਉਹ ਚਾਹੁੰਦੇ ਹਨ ਕਿ ਪੰਜਾਬ ਦੇ ਹਾਲਾਤ ਆਮ ਵਰਗੇ ਸ਼ਾਂਤੀਪੂਰਣ ਬਣਨ।

ਸੂਬਾ ਸਕੱਤਰੇਤ ਦੀ ਇਕ ਮੀਟਿੰਗ ਵਿਚ ਇਥੇ ਇਕ ਮਤਾ ਪਾਸ ਕੀਤਾ ਗਿਆ। ਕਿਹਾ ਗਿਆ ਕਿ 'ਖਾਲਿਸਤਾਨੀ' ਦਹਿਸ਼ਤਪਸੰਦਾਂ ਦੀਆਂ ਹਿੰਸਕ ਸਰਗਰਮੀਆਂ ਤੋਂ ਸਿੱਖ ਹੁਣ ਬਹੁਤ ਨਿਰਾਸ਼ ਹੋ ਗਏ ਹਨ।

ਮੀਟਿੰਗ ਦੀ ਰਾਇ ਸੀ ਕਿ ਦਹਿਸ਼ਤਪਸੰਦਾਂ ਵਿਰੁਧ ਲੋਕ ਰਾਇ ਜਾਗਰੂਕ ਕੀਤੀ ਜਾਣੀ ਚਾਹੀਦੀ ਹੈ ਬਸ਼ਰਤੇ ਕਿ ਕੇਂਦਰ ਸਰਕਾਰ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਕਈ ਸਿਆਸੀ ਪਹਿਲਕਦਮੀ ਕਰੇ।

ਪ੍ਰੋ. ਦਰਸ਼ਨ ਸਿੰਘ ਦੇ ਸਟੈਂਡ ਦੀ ਹਮਾਇਤ ਕਰਦਿਆਂ ਪਾਰਟੀ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਹਰਿਮੰਦਰ ਸਾਹਿਬ ਕੰਪਲੈਕਸ ਅੰਦਰੋਂ ਦਹਿਸ਼ਤਪਸੰਦਾਂ ਨੂੰ ਕੱਢਣ ਵਾਸਤੇ ਉਹ ਯੋਗ ਕਾਰਵਾਈ ਕਰਨ।



ਸਾਹਿਤ ਤੇ ਕਲਾ



ਮਤਲਬ ਕਿ ਕਲਚਰ

ਅਮਰਜੀਤ ਚੰਦਨ

ਇਕ ਰਾਤ ਅਸੀਂ ਪਾਰਲੀਮੈਂਟ ਦੇ ਭੁੱਟੋ ਦੇ ਵੇਲੇ ਦੇ ਡਿਪਟੀ ਰਾਣਾ ਸ਼ਮੀਮ ਦੇ ਘਰ ਬੈਠੇ ਸੀ। ਹਾਜ਼ਰੀਨ ਵਿਚ ਵੱਡੀ ਗਿਣਤੀ ਸਿਆਸੀ ਪਨਾਹਗੀਰਾਂ ਦੀ ਸੀ। ਭੁੱਟੋ ਨੂੰ ਮੁਹਬਤ ਕਰਨ ਵਾਲੇ ਕਈ ਸੱਜਣ ਈਸਟ ਲੰਡਨ ਤੋਂ ਸਨ। ਇਹਨਾਂ ਦੀ ਆਪਣੀ ਪੱਬ ਹੈ ਤੇ ਹਰ ਪਾਸਿਓਂ ਅੱਲਾ ਦੀ ਮਿਹਰ ਹੈ। ਸਿਰਫ ਇਹੀ ਸੱਜਣ ਸ਼ਰਾਬ ਨਹੀਂ ਸਨ ਪੀ ਰਹੇ ਤੇ ਸਭ ਤੋਂ ਜਜ਼ਬਾਤੀ ਹੋ ਕੇ ਇਹਨਾਂ ਆਪਣੇ ਜਵਾਨ ਬੱਚਿਆਂ ਦੀ ਗੱਲ ਛੇੜ ਲਈ ਕਿ ਇਹ ਇਹਨਾਂ ਦੇ ਆਖੇ ਵਿਚ ਨਹੀਂ। "ਆਪਣੇ ਕਲਚਰ" ਤੋਂ ਟੁੱਟ ਗਏ ਹਨ। ਘਰ ਵਿਚ ਵੀ ਅੰਗਰੇਜ਼ੀ ਬੋਲਦੇ ਹਨ। ਉਰਦੂ ਨਹੀਂ ਪੜ੍ਹਦੇ। ਡੈਡੀ ਦੇ ਆਖੇ ਕਦੇ ਕਦਾਈਂ ਮਸੀਤ ਜਾਂਦੇ ਹਨ, ਪਰ ਡੈਡੀ ਮੁਲਾਣਿਆਂ ਨੂੰ "ਬਾਸਟਰਡ" ਕਹਿੰਦਾ ਹੈ, ਏਸ ਲਈ ਡੈਡੀ ਨੂੰ ਬੱਚੇ ਪੁੱਛਦੇ ਹਨ ਕਿ ਸਾਨੂੰ ਫੇਰ ਮਸੀਤ ਕਾਸਨੂੰ ਭੇਜਦੇ ਹੋ। ਡੈਡੀ ਦੀਆਂ ਐਨਕਾਂ ਪਿੱਛੇ ਅੱਖਾਂ ਦੀ ਪਾਣੀ ਹੋ ਰਹੀ ਚਮਕ ਤੋਂ ਲਗਦਾ ਸੀ, ਡੈਡੀ ਵਾਕਿਆ ਹੀ ਪਰੇਸ਼ਾਨ ਹਨ।

ਮਜ਼ਹਰ ਤਿਰਮਜ਼ੀ ਸੋਫੇ ਵਿਚ ਧਸਿਆ ਬੈਠਾ ਸੀ। ਇਹਦਾ ਤਕੀਆ ਕਲਾਮ ਹੈ — ਮਤਲਬ ਕਿ। ਇਹ ਪੱਕ ਦੇ ਗਮਨੇ ਨੂੰ ਪੁਛਣ ਲੱਗਾ — ਪਹਿਲਾਂ ਤਾਂ ਤੁਸੀਂ ਮੇਰੀ ਏਸ ਗੱਲ ਦਾ ਜਵਾਬ ਦਿਓ, ਮਤਲਬ ਕਿ, ਤੁਸੀਂ ਆਪਣੇ ਨਿਆਣਿਆਂ ਨਾਲ ਪੰਜਾਬੀ ਬੋਲਦੇ ਹੋ?

ਗਮਨਾ ਛਿੱਥਾ ਪੈਂਦਿਆਂ ਬੋਲਿਆ — ਨਹੀਂ।

— ਕਦੇ ਉਹਨਾਂ ਨੂੰ ਪੰਜਾਬੀ ਦੀ ਕੋਈ ਕਿਤਾਬ ਪੜ੍ਹਨ ਨੂੰ ਦਿੱਤੀ ਜਾਂ ਤੁਸੀਂ ਕਦੇ ਆਪ ਪੜ੍ਹੀ ਆ?

ਗਮਨਾ ਲੰਮੀ ਜਿਰਾਹ ਵਿਚ ਹਾਰ ਗਿਆ ਤੇ ਮਜ਼ਹਰ ਨੇ ਮੁਨਸਫ ਦੇ ਅੰਦਾਜ਼ ਵਿਚ ਫੈਸਲਾ ਸੁਣਾਇਆ — ਫੇਰ ਤੁਹਾਡੇ ਨਿਆਣੇ ਤੁਹਾਡੇ ਨਾਲ ਕਿੱਦਾਂ ਜੁੜੇ ਰਹਿਣਗੇ। ਸਭ ਤੁਹਾਡਾ ਆਪਣਾ ਕਸੂਰ ਆ।

ਮੈਂ ਗਮਨੇ ਨੂੰ ਪੁਛਿਆ — ਤੁਹਾਡੀ ਕਲਚਰ ਤੋਂ ਕੀ ਮੁਰਾਦ ਹੈ?

ਉਂਜ ਕਲਚਰ ਤਾਂ ਹਰ ਇਕ ਦੇ ਮੇਚ ਆਉਣ ਵਾਲੀ ਰਬੜ ਦੀ ਟੋਪੀ ਹੈ, ਪਰ ਪੱਬ ਦਾ ਗਮਨਾ ਆਖਣ ਲੱਗਾ — ਜੀ ਹਰ ਖਾਨਦਾਨ ਦੇ ਕੁਝ ਅਦਬ-ਅਦਾਬ ਹੁੰਦੇ ਨੇ। ਮੈਂ ਵੀ ਆਖਰ ਬਾਪ ਹਾਂ। ਮੈਂ ਆਪਣੀ ਔਲਾਦ ਦਾ ਭਲਾ ਹੀ ਸੋਚਾਂਗਾ ਬੁਰਾ ਨਹੀਂ।

ਤੁਸੀਂ ਕਿਸੇ ਵੀ ਏਸ਼ੀਅਨ ਮਾਂ-ਬਾਪ ਨੂੰ ਟੋਹ ਕੇ ਵੇਖੋ, ਸਾਰਿਆਂ ਦੀ ਸ਼ਿਕਾਇਤ ਇਕੋ ਹੁੰਦੀ ਹੈ। ਇਹ ਪੌਂਡਾਂ ਦੀ ਗੋਰਿਆਂ ਦੀ ਧਰਤੀ ਨੂੰ ਸਾਰੇ ਦੋਸ਼ ਦੇਣ ਲੱਗਿਆਂ ਭੁੱਲ ਜਾਂਦੇ ਹਨ ਕਿ ਇਹ ਮਸਲਾ ਅਜ ਭਾਰਤ/ਪਾਕਿਸਤਾਨ ਵਿਚ ਖੜ੍ਹਾ ਹੋ ਰਿਹਾ ਹੈ। ਦਰਅਸਲ ਇਹ ਕਲਚਰ ਦਾ ਸੰਕਟ ਨਹੀਂ, ਅਨਕਲਚਰਡ ਲੋਕਾਂ ਦਾ ਸੰਕਟ ਹੈ। ਬਹੁਤੇ ਲੋਕ ਕਲਚਰ ਦਾ ਮਤਲਬ ਇਹੀ ਕੱਢਦੇ ਹਨ ਕਿ ਜਾਬਰ ਜਗੀਰੂ (ਫੀਊਡਲ) ਖਾਨਦਾਨੀ ਨਜ਼ਾਮ ਜਿਉਂ ਦਾ ਤਿਉਂ ਬਣਿਆ ਰਹੇ; ਜ਼ਾਤਪਾਤ ਦਾ ਗੰਦ ਬਦਸਤੂਰ ਕਾਇਮ ਰਹੇ। ਮੁੰਡੇ ਕੁੜੀਆਂ ਆਪਣੀ ਮਰਜ਼ੀ ਦੇ ਜ਼ਾਤ ਜਾਂ ਮਜ਼ਹਬ ਤੋਂ ਬਾਹਰ ਵਿਆਹ ਨਾ ਕਰਨ। ਲੱਖ ਕੁਕਰਮ ਕਰੀ ਜਾਣ, ਪਰ ਮੰਦਰ ਮਸੀਤੀਂ ਗੁਰਦੁਆਰੀਂ ਜ਼ਰੂਰ ਜਾਣ। ਸਿੱਧੀ ਗੱਲ ਇਹ ਹੈ ਕਿ ਸਾਡੇ ਬਹੁਤ ਸਾਰੇ ਲੋਕਾਂ ਦੀ ਕਲਚਰ ਤੋਂ ਮੁਰਾਦ ਹੈ — ਜ਼ਾਤਪਾਤ (ਨਸਲਵਾਦ) ਕਾਇਮ ਰਹੇ, ਮਜ਼ਹਬ (ਜਿਹਦਾ ਜ਼ਾਹਰਾ ਲੱਛਣ ਸ਼ਾਵਨਵਾਦ ਹੁੰਦਾ ਹੈ) ਦੀ ਜਕੜ ਪੀਡੀ ਰਹੇ ਅਤੇ ਮਰਦਾਵੀਂ ਹੈਂਕੜ ਬਰਕਰਾਰ ਰਹੇ। ਜੇ ਇਹਨਾਂ ਲਾਹਨਤਾਂ ਦਾ ਨਾਂ ਕਲਚਰ ਹੈ ਤਾਂ ਇਹ ਕਲਚਰ ਜ਼ਰੂਰ ਹੀ ਖਤਮ ਹੋਣਾ ਚਾਹੀਦਾ ਹੈ।

ਫੇਰ ਕਲਚਰ ਹੈ ਕੀ ਚੀਜ਼? ਕੀ ਪੰਜਾਬੀ ਕਲਚਰ ਲੱਸੀ, ਸਾਗ ਤੇ ਮੱਕੀ ਦੀ ਰੋਟੀ ਹੈ? ਕੀ ਪੰਜਾਬੀ ਕਲਚਰ ਵਾਰਿਸ ਸ਼ਾਹ ਦਾ ਲਿਖਿਆ ਹੀਰ ਦਾ ਕਿੱਸਾ ਹੈ? ਨਹੀਂ। ਇਹ ਸਭ ਸ਼ੈਆਂ ਆਪਣੇ ਆਪ ਵਿਚ ਕਲਚਰ ਨਹੀਂ ਹਨ। ਸਾਗ ਮੱਕੀ ਦੀ ਰੋਟੀ ਪੰਜਾਬ ਦੀ ਕਲਚਰਲ ਸਿਰਜਣਾ ਨਹੀਂ ਅਤੇ ਹੀਰ ਦਾ ਕਿੱਸਾ ਉਸ ਵੇਲੇ ਦੇ ਨਾਇਕਾਂ ਦਾ ਸਮਾਜੀ ਹੁੰਗਾਰਾ ਹੈ, ਜੋ ਕੂੜੇ ਬੰਧਨਾਂ ਤੋਂ ਨਾਬਰ ਹੋ ਉਠੇ ਸਨ।

ਕੁਦਰਤੀ ਮਨੁੱਖ ਤੋਂ ਸਮਾਜੀ ਮਨੁੱਖ ਬਣਨ ਦੇ ਲੰਮੇ ਅਰਸੇ ਦੌਰਾਨ ਮਨੁੱਖ ਦਾ ਕੁਦਰਤ ਨਾਲ ਜੋ ਉਲਟਾਵਾਂ (ਡਾਇਲੈਕਟੀਕਲ) ਰਿਸ਼ਤਾ ਰਿਹਾ, ਉਹ ਮਨੁੱਖੀ ਚੇਤਨਾ ਦੇ ਵਿਕਾਸ ਦਾ ਲੰਮਾ ਸਫਰ ਸੀ। ਇਸੇ ਸਫਰ ਵਿਚੋਂ ਸਭਿਆਚਾਰਕ-ਸਮਾਜਕ ਦੁਨੀਆਂ ਦੀ ਸਿਰਜਣਾ ਹੋਈ। ਆਪਣੀਆਂ ਲੋੜਾਂ, ਔਕੜਾਂ, ਸੁਫਨਿਆਂ ਜਿੱਤਾਂ ਹਾਰਾਂ, ਆਨੰਦ ਤੇ ਵਿਸ਼ਾਦ ਦਾ ਮਨੁੱਖ ਕਈ ਤਰੀਕਿਆਂ ਨਾਲ ਇਜ਼ਹਾਰ ਕਰਦਾ ਰਿਹਾ। ਭਾਸ਼ਾ ਧਰਮ ਫਲਸਫਾ, ਸਾਹਿਤ, ਸੰਗੀਤ ਕਲਾ ਇਸ ਪ੍ਰਗਟਾਵੇ ਦੇ ਵੱਖ ਵੱਖ ਰੂਪ ਹਨ। ਤੇ ਮਨੁੱਖ ਦੀ ਜਮਾਤੀ ਅਨੰਤ ਜਦੋ ਜਹਿਦ ਦਾ ਦੂਜਾ ਨਾ ਇਤਿਹਾਸ ਹੈ। ਇਹਨਾਂ ਸਭਨਾਂ ਦਾ ਬੱਝਵਾਂ ਰੂਪ ਕਲਚਰ (ਸੰਸਕ੍ਰਿਤੀ) ਹੈ। ਕਲਚਰ ਨੂੰ ਪੱਛਮੀ ਪੰਜਾਬੀ ਵਿਦਵਾਨ ਰਹਤਲ ਆਖਦੇ ਹਨ, ਭਾਵ ਤਰਜ਼ ਏ ਜ਼ਿੰਦਗੀ। ਇੰਜ ਹਰ ਤਰ੍ਹਾਂ ਦੀ ਰਹਤਲ ਵਿਚ ਚੰਗੀਆਂ ਗੱਲਾਂ ਵੀ ਹੁੰਦੀਆਂ ਹਨ ਤੇ ਮਾੜੀਆਂ ਵੀ। ਹਰ ਸੂਝਵਾਨ ਤਹਰੀਕ ਚੰਗੀਆਂ ਗੱਲਾਂ ਅਪਣਾਈ ਰਖਦੀ ਹੈ ਤੇ ਬੋਦੀਆਂ ਵੇਲਾ-ਵਿਹਾ ਚੁਕੀਆਂ ਕੁਰੀਤਾਂ ਨੂੰ ਛੱਡਦੀ ਜਾਂਦੀ ਹੈ।

ਏਸ ਲਿਹਾਜ਼ ਨਾਲ ਭਾਰਤ ਜਾਂ ਪਾਕਿਸਤਾਨ ਵਸਤੇ ਪੰਜਾਬੀਆਂ ਦਾ ਸੰਕਟ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਕਲਚਰ ਸੰਕਟ ਨਾਲੋਂ ਕਿਤੇ ਵੱਧ ਡੂੰਘਾ ਹੈ। ਇਹ ਦਰਅਸਲ ਪੰਜਾਬੀਆਂ ਦੀ ਪਛਾਣ (Indentity) ਦਾ ਸੰਕਟ ਹੀ ਹੈ। ਪੰਜਾਬੀਆਂ ਨੇ ਹਾਲੇ ਤੱਕ ਆਪਣਾ ਹੀ ਮੂਲ ਨਹੀਂ ਪਛਾਣਿਆ। ਪੰਜਾਬ ਉਤੇ ਕਾਬਜ਼ ਹੁਕਮਰਾਨਾਂ ਨੇ ਅੱਜ ਤੱਕ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਤੋਂ ਹੀ ਬੇਮੁਖ ਰੱਖਿਆ ਹੋਇਆ ਹੈ। ਇੰਜ ਮਾਂ ਬੋਲੀ ਵਿਚ ਲਿਖੇ ਹਿੰਦੂ ਸਿਖ ਮੁਸਲਮਾਨ ਸਾਹਿਤਕਾਰਾਂ ਦੇ ਸਾਹਿਤ ਤੋਂ ਵੀ ਬਹੁਤੇ ਪੰਜਾਬੀ ਵਾਕਫ ਨਹੀਂ ਹਨ। ਇਤਿਹਾਸ ਸੰਗੀਤ, ਕਲਾ ਦੀ ਤਾਂ ਗੱਲ ਹੀ ਕੀ ਕਰਨੀ ਹੈ। ਪੰਜਾਬੀ ਜਦ ਆਪਣੀ ਮਾਂ ਬੋਲੀ ਵਿਚ ਗੱਲ ਕਰਦਿਆਂ ਮਾਣ ਮਹਿਸੂਸ ਕਰਨਗੇ, ਉਦੋਂ ਹੀ ਇਹਨਾਂ ਦੇ ਦਿਲਾਂ ਵਿਚ ਪੰਜਾਬੀ ਹੋਣ ਦਾ ਫਖਰ ਪੈਦਾ ਹੋਏਗਾ। ਪੰਜਾਬ ਪੰਜਾਬੀਅਤ ਦੀ ਗੱਲ ਪਿਛਲੇ ਪੰਦਰਾਂ-ਵੀਹ ਸਾਲਾਂ ਤੋਂ ਖਾਸਕਰ ਪੂਰਬੀ ਪੰਜਾਬ ਵਿਚ ਚਲ ਰਹੀ ਹੈ। ਮੈਂ ਆਪ ਇਸ ਬਾਰੇ ਬਹੁਤ ਸੋਚਿਆ ਹੈ ਕਈ ਵਾਰ ਜਜ਼ਬੇ ਦੀ ਹੱਦ ਤੱਕ ਵੱਡੇ ਵੱਡੇ ਵਿਦਵਾਨ ਪੰਜਾਬੀਅਤ (ਯਾਨੀ ਪੰਜਾਬ ਕਲਚਰ) ਦੀ ਤਸ਼ਰੀਹ ਕਰਦੇ ਹਨ — ਜੀ ਪੰਜਾਬੀ ਬੜੇ ਬਹਾਦਰ ਹੁੰਦੇ ਹਨ, ਪੰਜਾਬੀਆਂ ਨੂੰ ਮੁਹੱਬਤ ਕਰਨੀ ਆਉਂਦੀ ਹੈ, ਪੰਜਾਬੀ ਮਹਿਮਾਨ ਨਿਵਾਜ਼ ਬੜੇ ਹੁੰਦੇ ਹਨ। ਚਲੋ ਮੰਨ ਲਿਆ, ਪਰ ਇਹ ਸਿਫਤਾਂ ਤਾਂ ਹੋਰ ਕੌਮਾਂ ਵਿਚ ਵੀ ਹੋ ਸਕਦੀਆਂ ਹਨ ਅਤੇ ਹੁੰਦੀਆਂ ਵੀ ਹਨ। ਪਰ ਪੰਜਾਬੀਆਂ ਦੇ ਇਹਨਾਂ ਚੰਗੇ ਪਹਿਲੂਆਂ ਉਤੇ ਜ਼ੋਰ ਦਿੰਦਿਆਂ ਸ਼ਾਵਨਵਾਦ ਦਾ ਖਤਰਾ ਬਣਿਆ ਰਹਿੰਦਾ ਹੈ। ਪੰਜਾਬੀਆਂ ਖਾਸ ਕਰ ਸਿੱਖਾਂ ਏਸ ਹੈਂਕੜ ਨੂੰ ਅੰਗਰੇਜ਼ ਬਸਤੀਵਾਦੀਆਂ ਨੇ ਰੱਜ ਕੇ ਪੱਠੇ ਪਾਏ ਸਨ। ਮੇਰੇ ਵਿਚਾਰ ਵਿਚ ਪੰਜਾਬ ਦੇ ਮੂਲ ਪਛਾਨਣ ਦਾ ਮਤਲਬ ਆਪਣੀਆਂ ਖੂਬੀਆਂ ਤੇ ਖਾਮੀਆਂ ਤੋਂ ਜਾਣੂ ਹੋਣਾ ਹੁੰਦਾ ਹੈ। ਤੇ ਦੂਜੀਆਂ ਕੌਮਾਂ ਦੀਆਂ ਖੂਬੀਆਂ ਦਾ ਸਤਿਕਾਰ ਕਰਨਾ ਤੇ ਉਹਨਾਂ ਤੋਂ ਸਿਖਣਾ ਹੁੰਦਾ ਹੈ।

ਬਰਤਾਨੀਆਂ ਵਿਚ ਪੰਜਾਬੀਆਂ ਦੇ ਆਵਾਸ ਨੂੰ ਹਾਲੇ ਮਸਾਂ ਦੋ-ਤਿੰਨ ਦਹਾਕੇ ਹੋਏ ਹਨ। ਸਾਡੇ ਬਹੁਤੇ 'ਸੂਝਵਾਨ' ਇਹ ਭੁੱਲ ਜਾਂਦੇ ਹਨ ਕਿ ਪੰਜਾਬੀਆਂ ਦਾ ਇਹ ਤਜ਼ਰਬਾ ਕੋਈ ਨਵਾਂ ਤੇ ਜੱਗੋਂ ਬਾਹਰਾ ਨਹੀਂ ਹੈ। ਅਮਰੀਕਾ ਕੈਨੇਡਾ ਦੀ ਵੱਡੀ ਮਿਸਾਲ ਸਾਡੇ ਸਾਹਮਣੇ ਹੈ। ਅਮਰੀਕਾ ਵਿਚ ਯੂਨਾਨੀ, ਯਹੂਦੀ, ਚੀਨੀ, ਪੋਲਿਸ਼ ਅਤੇ ਸਪੇਨੀ ਲੋਕਾਂ ਨੇ ਕਈ ਦਹਾਕਿਆਂ ਦੇ ਲੰਮੇ ਕੌੜੇ ਤਜ਼ਰਬੇ ਵਿਚ ਲੰਘ ਕੇ ਵੀ ਆਪਣੇ ਮੂਲ ਨੂੰ ਵਿਸਾਰਿਆ ਨਹੀਂ ਹੈ। ਇਹ ਗੱਲ ਦਰੁਸਤ ਹੈ ਕਿ ਵਿਦੇਸ਼ਾਂ ਵਿਚ ਜਾ ਕੇ ਬੋਲੀ ਦਾ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਮਿਹਨਤਕਸ਼ ਆਬਾਦਕਾਰਾਂ ਉਤੇ ਇਹਦਾ ਵਧੇਰੇ ਅਸਰ ਹੁੰਦਾ ਹੈ। ਈਸਟ ਅਫਰੀਕਾ ਵਿਚ ਪੰਜਾਬੀ ਲੋਕ ਆਪਣੀ ਬੋਲੀ ਤੇ ਰਹੁ-ਰੀਤਾਂ ਤੋਂ ਇੰਨੇ ਨਹੀਂ ਸਨ ਟੁੱਟੇ, ਕਿਉਂਕਿ ਇਹ ਉਥੋਂ ਦੇ ਮੂਲ ਕਾਲੇ ਨਿਵਾਸੀਆਂ ਜਿੰਨੇ ਮਜ਼ਲੂਮ ਨਹੀਂ ਸਨ। ਪਰ ਇੰਗਲੈਂਡ ਦੀ ਗੱਲ ਹੋਰ ਹੈ। ਇਥੋਂ ਦਾ ਅੰਗਰੇਜ਼ ਕਲਚਰ ਆਪਣੀ ਬੋਲੀ ਸਮੇਤ ਹਰ ਕਿਸਮ ਦੇ ਆਬਾਦਕਾਰਾਂ ਉਤੇ ਹਾਵੀ ਹੈ। ਇਸ ਕਰਕੇ ਲੱਖ ਰਤਨ ਕਰਨ ਤੇ ਵੀ ਘਰਾਂ ਵਿਚ ਬੱਚੇ ਆਪਸ ਵਿਚ ਅੰਗਰੇਜ਼ੀ ਵਿਚ ਹੀ ਗੱਲ ਕਰਦੇ ਹਨ। ਆਪਣੀ ਮਾਂ ਬੋਲੀ ਜਾਂ ਸਹਜ ਬੋਲੀ ਵਿਚ ਨਹੀਂ। ਕਿਸੇ ਅੰਗਰੇਜ਼ ਵਿਦਵਾਨ ਦੀ ਇਸ ਗੱਲ ਵਿਚ ਤਲਖ ਸਚਾਈ ਹੈ ਕਿ ਭਲਕ ਨੂੰ ਏਸ਼ੀਆਈ ਬੱਚੇ ਆਪਣੀ ਮਾਂ ਬੋਲੀ ਸੰਕੇਤ (code) ਬੋਲੀ ਦੇ ਤੌਰ ਤੇ ਹੀ ਵਰਤਿਆ ਕਰਨਗੇ। ਜਿਹੜੀ ਮਾੜੀ ਮੋਟੀ ਮਾਂ ਬੋਲੀ ਇਹ ਬੱਚੇ ਬੋਲਦੇ ਵੀ ਹਨ, ਉਹਦੀ ਲਫਾਜ਼ੀ ਬਹੁਤ ਮਹਦੂਦ ਹੁੰਦੀ ਹੈ। ਪਰ ਜ਼ਬਾਨ ਦੇ ਵੱਡੇ ਨੁਕਸਾਨ ਦੇ ਬਾਵਜੂਦ ਵੀ ਆਉਣ ਵਾਲੀਆਂ ਪੁਸ਼ਤਾਂ ਨੂੰ ਪੰਜਾਬੀ ਕਲਚਰ ਦੀਆਂ ਚੰਗੀਆਂ ਗੱਲਾਂ ਕਮ-ਅਜ਼-ਕਮ ਅੰਗਰੇਜ਼ੀ ਕਿਤਾਬਾਂ ਰਾਹੀਂ ਵੀ ਦੱਸੀਆਂ ਜਾ ਸਕਦੀਆਂ ਹਨ। ਪਰ ਪੰਜਾਬੀ ਇਤਿਹਾਸ, ਸਾਹਿਤ, ਸੰਗੀਤ, ਕਲਾਵਾਂ ਬਾਰੇ ਅੰਗਰੇਜ਼ੀ ਵਿਚ ਲਿਖੀਆਂ ਕਿਤਾਬਾਂ ਮਿਲਦੀਆਂ ਕਿਥੇ ਹਨ?

ਕਈ ਵਾਰ ਬੈਠਿਆਂ-ਬੈਠਿਆਂ ਆਪਾਂ ਨੂੰ ਐਸੀ ਗੱਲ ਫੁਰਦੀ ਹੈ, ਜਿਹਦੇ ਬਾਰੇ ਪਹਿਲਾਂ ਕਦੇ ਸੋਚਿਆ ਨਹੀਂ ਹੁੰਦਾ। ਇਸ ਲੇਖ ਦੇ ਸ਼ੁਰੂ ਵਿਚ ਮੈਂ ਜਿਸ ਮਹਿਫਲ ਦੀ ਗੱਲ ਛੇੜੀ ਸੀ ਉਸੇ ਵਿਚ ਮੈਂ ਇਹ ਗੱਲ ਆਖੀ ਕਿ ਅਸੀਂ ਆਪਣੇ ਬੱਚਿਆਂ ਹਿੰਦੂ ਸਿਖ ਮੁਸਲਮਾਨ ਬਣਾਉਣ ਦੀ ਥਾਂ, ਉਹਨਾਂ ਨੂੰ ਜ਼ਬਰਦਸਤੀ ਹਿੰਦੀ ਅਰਬੀ ਉਰਦੂ ਪੰਜਾਬੀ ਪੜ੍ਹਾਉਣ ਦੀ ਥਾਂ ਉਹਨਾਂ ਨੂੰ ਇਥੋਂ ਦੀਆਂ ਸਮਾਜੀ-ਸਿਆਸੀ-ਸੰਸਥਾਵਾਂ ਵਿਚ ਸ਼ਰੀਕ ਹੋਣ ਲਈ ਕਿਉਂ ਨਹੀਂ ਪ੍ਰੇਰਦੇ। ਲੇਬਰ ਪਾਰਟੀ ਤੱਕ ਇਥੇ ਕਈ ਖੱਬੇ ਪੱਖੀ ਪਾਰਟੀਆਂ ਹਨ। ਸੀ ਐਨ ਡੀ ਹੈ ਤੇ ਹੋਰ ਅਨੇਕਾਂ ਗਰੁਪ ਹਨ। ਜੇ ਅਸੀਂ ਆਪਣੇ ਬੱਚਿਆਂ ਨੂੰ ਇਹਨਾਂ ਵਿਚ ਸਰਗਰਮ ਹੋਣ ਲਈ ਪ੍ਰੇਰੀਏ ਤਾਂ ਸਿਆਸੀ ਚੇਤਨਾ ਆਉਣ ਨਾਲ ਬੱਚਾ ਆਪਣੀਆਂ ਜੜ੍ਹਾਂ ਬਾਰੇ ਜਾਨਣ ਲਈ ਬੇਚੈਨ ਹੋਏਗਾ। ਇਹ ਮੇਰੀ ਆਪਣੀ ਪਰਤਾਈ ਹੋਈ ਗੱਲ ਹੈ। ਮੇਰੀ ਕਿਸੇ ਵਾਕਫ ਬੰਗਾਲੀ ਔਰਤ ਨੇ ਦੱਸਿਆ ਕਿ ਉਹਦੇ ਜਵਾਨ ਪੁੱਤ ਨੇ ਕਿਸੀ ਸਿਆਸੀ ਮੁਹਿਮ ਤੋਂ ਲਿਖਿਆ ਕਿ ਆਪਣੀ ਮਾਂ ਬੋਲੀ 'ਚ ਖਤ ਨਾ ਲਿਖ ਕੇ ਮੈਨੂੰ ਬੜੀ ਸ਼ਰਮ ਆ ਰਹੀ ਹੈ। ਵਾਪਸ ਘਰ ਆ ਕੇ ਉਸੇ ਬੱਚੇ ਨੇ ਦਿਲ ਲਾਕੇ ਬੰਗਲਾ ਪੜ੍ਹਨੀ ਲਿਖਣੀ ਸਿਖ ਲਈ।

ਇਹ ਗੱਲਾਂ ਦੁਹਰਾਈਆਂ ਜਾਣ ਦਾ ਕੋਈ ਮਤਲਬ ਨਹੀਂ ਕਿ ਇਸ ਪੂੰਜੀਵਾਦ ਸਮਾਜ ਵਿਚ ਆਰਥਿਕ ਲਿਹਾਜ਼ ਨਾਲ ਅਸੀਂ ਵਿਜੋਗੀ ਤਾਂ ਹੁੰਦੇ ਹੀ ਹਾਂ, ਪਰ ਆਪਣੇ ਰੰਗ ਤੇ ਬੋਲੀ ਕਾਰਨ ਇਹ ਵਿਜੋਗ ਹੋਰ ਵੀ ਸ਼ਦੀਦ ਹੁੰਦਾ ਹੈ। ਇਹ ਵਿਜੋਗ ਨੂੰ ਦੂਰ ਕਰਨ ਦਾ ਮਤਲਬ ਇਹ ਨਹੀਂ ਕਿ ਅਸੀਂ ਇਸ ਸਮਾਜ ਨਾਲ ਇਕਸੁਰ ਹੋ ਜਾਈਏ, ਸਗੋਂ ਅਣਵਿਜੋਗ (Disalienation) ਦਾ ਤਰੀਕਾ ਇਹੀ ਹੈ, ਕਿ ਆਪਣਾ ਮੂਲ ਪਛਾਣੀਏ।

ਕਲਚਰ ਦੀ ਇਹ ਰਾਮ ਕਹਾਣੀ ਕਦੇ ਮੁਕਦੀ ਨਹੀਂ। ਮੈਂ ਇਹ ਖਿਲਰਵੇਂ ਵਿਚਾਰ ਏਸ ਮਕਸਦ ਨਾਲ ਲਿਖੇ ਹਨ ਕਿ ਪਾਠਕ ਲੇਖਕ ਬੇਝਿਜਕ ਹੋ ਕੇ ਪੰਜਾਬੀ ਕਲਚਰ ਬਾਰੇ ਲਿਖਣ।

ਜਗਜੀਤ ਜ਼ੀਰਵੀ ਨੂੰ ਸੰਗੀਤ ਪੁਜਾਰੀ ਐਵਾਰਡ

ਮੋਗਾ, (ਪ. ਟ. ਬ.) -ਦਿੱਲੀ ਯੂਥ ਕੌਂਸਲ ਵਲੋਂ 1985 ਦੇ ਵਿਸ਼ਵ ਮਾਮਲਿਆਂ ਲਈ ਸੰਗੀਤ ਪੁਜਾਰੀ ਐਵਾਰਡ ਵਾਸਤੇ ਪੰਜਾਬ ਦੇ ਪ੍ਰਸਿੱਧ ਕਲਾਕਾਰ ਜਗਜੀਤ ਸਿੰਘ ਜ਼ੀਰਵੀ ਨੂੰ ਚੁਣਿਆ ਗਿਆ ਹੈ।

ਜਾਣਕਾਰੀ ਅਨੁਸਾਰ 31 ਅਕਤੂਬਰ ਨੂੰ ਇੱਕ ਖਾਸ ਸਮਾਰੋਹ ਉਤੇ ਰਾਸ਼ਟਰਪਤੀ ਆਰ. ਵੈਂਕਟਰਮਨ ਵਲੋਂ ਇਹ ਐਵਾਰਡ ਦਿੱਤਾ ਜਾਵੇਗਾ। ਜ਼ੀਰਵੀ ਰੇਡੀਓ ਅਤੇ ਟੈਲੀਵੀਜ਼ਨ ਦਾ ਪ੍ਰਸਿੱਧ ਕਲਾਕਾਰ ਕਰ ਕੇ ਜਾਣਿਆਂ ਜਾਂਦਾ ਹੈ। ਜ਼ੀਰਵੀ ਨੇ ਬਹੁਤ ਸਾਰੇ ਕੌਮਾਂਤਰੀ ਮੇਲਿਆਂ ਵਿਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਹੈ।

ਗ਼ਜ਼ਲਾਂ

ਤਖਤ ਸਿੰਘ

ਇਵੇਂ ਖਿੰਡਾਂ ਗਾ, ਜੇ ਝੱਖੜ ਦਾ ਰੂਪ ਧਾਰੋ ਗੇ ।
ਵਿਸ਼ਾਲ ਹੋਰ ਵੀ ਹੋਵਾਂ ਗਾ, ਜੇ ਖਿਲਾਰੋ ਗੇ ।

ਪਤਾ ਸੀ ਮੈਨੂੰ ਜਦੋਂ ਲਿਸ਼ਕਿਆ ਸਾਂ ਸ਼ੀਸ਼ੇ ਵਾਂਗ
ਤੁਸੀਂ ਖਿਝੋ ਗੇ ਤਾਂ ਪੱਥਰ ਜ਼ਰੂਰ ਮਾਰੋ ਗੇ ।

ਪਤਾ ਨਹੀਂ ਕਦੋਂ ਧੁੱਪਾਂ ਨੂੰ ਮੋੜਨੇ ਪੈ ਜਾਣ,
ਕਿਸੇ ਵੀ ਬਿਰਛ ਦੀ ਛਾਵੇਂ ਜੋ ਪਲ ਗੁਜ਼ਾਰੋ ਗੇ ।

ਅਸਾਡਾ ਰੂਪ ਹੋ ਜਾਓ, ਤੁਹਾਨੂੰ ਵਰ ਦਿੱਤਾ,
ਖਲਾ 'ਚ ਮਹਿਲ, ਹਵਾ ਵਿਚ ਕਿਲੇ ਉਸਾਰੋ ਗੇ ।

ਤੁਸੀਂ ਖੁਦਾ ਸਹੀ ਪਰ ਸਹੁੰ ਤੁਹਾਡੀ ਸੂਲੀ ਦੀ,
ਮੈਂ ਬੁਤ ਬਣਾਂਗਾ, ਤੁਸੀਂ ਆਰਤੀ ਉਤਾਰੋ ਗੇ ।

ਜਦੋਂ ਮੈਂ ਬਲਦਿਆਂ ਖੰਭਾਂ ਸਮੇਤ ਉੱਡਾਂ ਗਾ,
ਕਿਵੇਂ ਤਾਂ ਮੇਰੀ ਉਡਾਰੀ ਦਾ ਦੁੱਖ ਸਹਾਰੋ ਗੇ ?

ਹਵਾ ਦੇ ਚੂਹਲ ਵੀ ਜੰਜਾਲ ਬਣਨ ਗੇ ਜੀ ਦਾ,
ਘੜੀ ਮੁੜੀ ਖਿੰਡੇ ਵਾਲਾਂ ਨੂੰ ਜਦ ਸੰਵਾਰੋ ਗੇ ।

ਤੁਸੀਂ ਧਨੀ ਹੋ ਤਾਂ ਸਾਡੇ ਤਨਾਂ ਦੇ ਬੂਹੇ ਤੇ,
ਲਹੂ ਦੇ ਦਾਨ ਲਈ ਝੋਲੀਆਂ ਪਸਾਰੋ ਗੇ ।

ਪੁਲਾੜ ਨਾਲ ਵੀ ਜਦ ਬਰ ਮਿਚੇ ਨਾ ਸੋਚਾਂ ਦਾ,
ਸਿਮਟ ਕੇ ਜ਼ਾਤ ਦੇ ਜ਼ੱਰੇ 'ਚ ਕੀ ਵਿਚਾਰੋ ਗੇ ?

ਖਿੰਡੇ ਨ ਰੰਗ ਜੋ ਪੈਰਾਂ ਦੇ ਛਾਲਿਆਂ ਵਿਚਲੇ,
ਸਮੇਂ ਦੇ ਚਿਤਰ ਦਾ ਚਿਹਰਾ ਕਿਵੇਂ ਨਿਖਾਰੋਗੇ ?

ਕਰੋ ਗੇ ਰੌਸ਼ਨੀ ਕਿਸ ਕਿਸ ਗਗਨ ਦੀ ਛੱਤ ਹੇਠਾਂ,
ਗਗਨ ਅਨੰਤ ਨੇ ਜਦ, ਅੰਤ ਨੂੰ ਤਾਂ ਹਾਰੋ ਗੇ ।

ਤੁਹਾਡੀ ਅਪਣੀਓ ਛਾਂ ਮਨ ਹੀ ਮਨ 'ਚ ਹੱਸੇ ਗੀ,
ਜੇ ਟਾਟਕੇ 'ਚ ਕਿਸੇ ਬਿਰਛ ਨੂੰ ਪੁਕਾਰੋ ਗੇ ।

2.

ਖੁਦ ਆਪਣੀ ਅਕਲ ਦੀ ਖਿੱਲੀ ਉਡਾਉਂਦੇ ਫਿਰਦੇ ਸਨ ।
ਹਨੇਰੀਆਂ 'ਚ ਜੋ ਦੀਵੇ ਜਗਾਉਂਦੇ ਫਿਰਦੇ ਸਨ ।

ਨਕੇਲ ਪਾਉਂਦੇ ਇਨ੍ਹਾਂ ਵਾਵਰੋਲਿਆਂ ਦੇ ਕਿਵੇਂ,
ਇਸ਼ਾਰਿਆਂ ਤੇ ਜੋ ਤੀਲੇ ਮਚਾਉਂਦੇ ਫਿਰਦੇ ਸਨ ?

ਜੇ ਮਨਚਲੇ ਨਹੀਂ ਤਾਂ ਹੋਰ ਕੀ ਸਨ ਇਹ ਮੌਜੀ,
ਅਜੇ ਵੀ ਪਾਟੀਆਂ ਆਸਾਂ ਹੰਢਾਉਂਦੇ ਫਿਰਦੇ ਸਨ ।

ਨਾ ਦਮ ਦਮਾਂ 'ਚ, ਨਾ ਸਾਹਾਂ 'ਚ ਜ਼ੋਰ ਸੀ ਤਾਂ ਹੀ,
ਕਿਲੇ ਖਲਾ 'ਚ ਹਵਾਈ ਬਣਾਉਂਦੇ ਫਿਰਦੇ ਸਨ

ਸਿਰਾਂ ਤੇ ਭਾਵੇਂ ਸੀ ਤਾਰਾ ਸਵੇਰ ਦਾ ਫਿਰ ਵੀ,
ਹਨੇਰੇ ਜਸ਼ਨ ਖੁਸ਼ੀ ਦੇ ਮਨਾਉਂਦੇ ਫਿਰਦੇ ਸਨ ।

ਇਨ੍ਹਾਂ ਦੇ ਹੱਥਾਂ 'ਚ ਸਨ ਭਾਵੇਂ ਬੀਜ ਫੁੱਲਾਂ ਦੇ,
ਨਾ ਮੰਨੋ, ਫੇਰ ਵੀ ਥੋਰ੍ਹਾਂ ਉਗਾਉਂਦੇ ਫਿਰਦੇ ਸਨ ।

ਬੜੇ ਅਜੀਬ ਸਨ ਇਹ ਲੋਕ ਜਿਹੜੇ ਹੰਝੂਆਂ ਨਾਲ,
ਦਿਲ 'ਚ ਬਲਦੀਆਂ ਅੱਗਾਂ ਬੁਝਾਉਂਦੇ ਫਿਰਦੇ ਸਨ ।

ਘਰੋਂ ਤਾਂ ਨਿਕਲੇ ਸਨ ਉੱਚੇ ਮੁਨਾਰੇ ਢਾਉਣ ਲਈ,
ਪਰ ਉਂਜ ਆਪੋ 'ਚ ਮੱਥੇ ਭੰਨਾਉਂਦੇ ਫਿਰਦੇ ਸਨ ।

ਇਨ੍ਹਾਂ ਤੇ ਹਸਦੀ ਨ ਕਿੱਦਾਂ ਹਵਾ ਜ਼ਮਾਨੇ ਦੀ,
ਜੋ ਇਸ ਦੇ ਰਾਹਾਂ 'ਚ ਕੰਡੇ ਵਿਛਾਉਂਦੇ ਫਿਰਦੇ ਸਨ ?

ਕੁਝ ਐਸੇ ਜ਼ਖਮ ਵੀ ਸਨ ਜੋ ਲਹੂ ਲਹੂ ਹੋਏ,
ਸਮੇਂ ਦੀ ਕੰਧ ਤੇ ਛਿੱਟਾਂ ਖਿੰਡਾਉਂਦੇ ਫਿਰਦੇ ਸਨ ।

ਸੁਨਹਿਰੀ ਅੱਖਰਾਂ 'ਚ, ਰੁੱਖਾਂ ਦੇ ਸੁੱਕੇ ਪਤਿਆਂ ਤੇ,
ਅਜੀਬ ਸਿਰ ਫਿਰੇ ਸਨ ਨਾਂ ਲਿਖਾਉਂਦੇ ਫਿਰਦੇ ਸਨ ।

ਜਿਨ੍ਹਾਂ ਦੇ ਕਾਲਜੇ ਲੂਸੇ ਪਏ ਸਨ ਆਹਾਂ ਨਾਲ,
ਕਮਾਲ ਹੈ ਕਿ ਅਜੇ ਮੁਸਕਰਾਉਂਦੇ ਫਿਰਦੇ ਸਨ ।

ਜੋ ਬਾਜ਼ ਹੋ ਕੇ ਵੀ ਵਾਂਝੇ ਉਡਾਰੀਆਂ ਤੋਂ ਰਹੇ,
ਬਸ ਐਵੇਂ ਲਾਜ ਹੀ ਖੰਭਾਂ ਨੂੰ ਲਾਉਂਦੇ ਫਿਰਦੇ ਸਨ ।

ਉਲਝ ਉਲਝ ਗਏ ਆਪੋ 'ਚ ਤਾਣੀਆਂ ਵਾਂਗੂ,
ਜੋ ਸਬਜ਼ ਬਾਗ਼ ਅਸਾਨੂੰ ਵਿਖਾਉਂਦੇ ਫਿਰਦੇ ਸਨ ।





ਅਚਾਨਕ ਢਲੀ ਰਾਤ ਤਾਂ ਹਸ ਪਈ ਸੀ ।
ਹਨੇਰੇ ਦੇ ਗਲ ਵਿਚ ਕਿਰਨ ਫਸ ਗਈ ਸੀ ।

ਕਿਵੇਂ ਰੁਤ ਦੁਹਾਈ ਨ ਪਾਉਂਦੀ ਕਿ ਮੁਸ਼ਕਾਂ,
ਘਟਾ ਹਰ ਸਿਤਾਰੇ ਦੀਆਂ ਕਸ ਗਈ ਸੀ ।

ਕਿਤੇ ਦੂਰ ਦੀਵੇ ਜਹੇ ਜਗ ਪਏ ਸਨ,
ਖਿਆਲਾਂ 'ਚ ਉਸ ਦੀ ਡਲ੍ਹਕ ਵਸ ਗਈ ਸੀ ।

ਘਟਾ ਛਾ ਗਈ ਸੀ ਮਧੁਰ ਸੁਪਨਿਆਂ ਦੀ,
ਕਿਤੇ ਦੂਰ ਦੁੱਖਾਂ ਦੀ ਧੁਪ ਨਸ ਗਈ ਸੀ ।

ਕਿਦ੍ਹੀ ਯਾਦ ਸੀ, ਜਿੰਦ ਦੀ ਪੁੜਪੁੜੀ ਵਿਚ,
ਜੋ ਚਾਨਣ ਦਾ ਮੱਖਣ ਜਿਹਾ ਝਸ ਗਈ ਸੀ ।

ਗ਼ਸ਼ੀ ਨਾਲ਼ ਬੇਸੁਧ ਸੀ ਧੁੱਪਾਂ ਦਾ ਰਾਹੀ,
ਵਿਚਾਰੇ ਨੂੰ ਰੁੱਖਾਂ ਦੀ ਛਾਂ ਡਸ ਗਈ ਸੀ ।

ਸੀ ਟਿੱਕੀ ਨਿਰੇ ਨੂਰ ਦੀ ਜੋ ਅਪਛਰਾਂ,
ਕਿਵੇਂ ਵੇਂਹਦਿਆਂ ਵੇਂਹਦਿਆਂ ਘਸ ਗਈ ਸੀ

ਮਸਾਂ ਛਿਣ ਕੁ ਜੋ ਝਾਤ ਪਾਈ ਸੀ ਉਸ ਨੇ,
ਬੜਾ ਕੁਝ ਬਿਨਾਂ ਬੋਲਿਆਂ ਦਸ ਗਈ ਸੀ ।

ਫਜਰ ਦੀ ਲਾਲੀ ਵੀ ਹੈ ਤੇ ਤੁਪਕਿਆਂ ਦੇ ਦੀਪ ਵੀ,
ਤੇਰਿਆਂ ਨੈਣਾਂ 'ਚ ਬਹਿਕੇ ਆ ਰਹੀ ਪ੍ਰਭਾਤ ਹੈ ।

ਆਪਣੇ ਸੀਨੇ 'ਤੇ ਵਾਲਾਂ ਨੂੰ ਖਿਲਾਰੀ ਜਾ ਰਿਹਾਂ,
ਜ਼ੁਲਫ 'ਚੋਂ ਤਾਂ ਬਿਜਲੀਆਂ ਦੀ ਬਰਸਣੀ ਬਰਸਾਤ ਹੈ ।



ਵਿਸ਼ ਦਾ ਖੰਜਰ

ਹਰਭਜਨ ਸਿੰਘ ਹੁੰਦਲ

ਵਿਸ਼ ਦਾ ਭਰਿਆ,
ਕੇਹਾ ਖੰਜਰ
ਹਿਰਦੇ ਸਾਡੇ ਉਤਰਿਆ
ਚੰਦਰਾ ਰੋਗ ਚੰਬੜਿਆ ਦੇਹ ਨੂੰ,
ਨਾ ਕੋਈ ਚਾਰਾ ਗਰ ਮਿਲਦਾ ਹੈ,
ਨਾ ਕੋਈ ਹਮਦਰਦੀ,
ਹਰ ਚੌਰਸਤੇ,
ਪਕੜ ਬੰਦੂਕ ਖਲੋਤੀ ਵਰਦੀ ।

ਮਚਲਾ ਹੋਇਆ,
ਹਾਕਮ ਕੈਸੀ ਚੁੱਪ ਵੱਟੀ ਹੈ,
ਚੋਰ ਖੁਦਾ ਨੂੰ ਲੈ ਕੇ ਕਿੱਥੇ ਚੱਲੇ ਨੇ,
ਕਿਸ ਹਰਕਾਰੇ ਘੱਲੇ ਨੇ ।

ਕਿਸ ਨੂੰ ਖਬਰ ਸੀ,
ਇਹ ਸਾਰਾ ਕੁਝ,
ਏਸ ਤਰ੍ਹਾਂ ਵੀ ਹੋਣਾ ਸੀ,
ਪੁੱਟੇ ਬਿਰਖਾਂ, ਝੱਖੜ ਪਿੱਛੋਂ ।
ਇੰਜ ਨਥਾਵੇਂ ਰੋਣਾ ਸੀ ।

ਕੀ ਕੀ ਝੱਲਾਂ ਇਹ ਦਿਲ ਸਾਡਾ ਝੱਲ ਰਿਹਾ ਹੈ,
ਮਹਿਮ ਸਰਵਲਾਂ ਮੱਲ ਰਿਹਾ ਹੈ,

ਅੱਖਰ ਅੱਖਰ ਰੱਤ ਰੋਂਦੀ ਹੈ,
ਬੋਲ ਬੋਲ 'ਚ ਪੀੜਾਂ ਨੇ,
ਕੇਹੀਆਂ ਬਣੀਆਂ ਇਸ ਮਿੱਟੀ ਨੂੰ ਭੀੜਾਂ ਨੇ ।

ਹਮਦਰਦਾਂ ਨੂੰ,
ਲਿਖ ਲਿਖ ਹਾਰ ਗਿਆ ਹਾਂ ਰੁੱਕੇ,
ਵਾਂਗ ਵਰੋਲੇ ਮੂੰਹ 'ਤੇ ਵੱਜਣ ।
ਉਡਦੇ ਪੱਤਰ ਸੁੱਕੇ ।

ਸਾਲਾਂ ਪਿੱਛੋਂ,
ਦਰਦ ਨਾ ਕੋਈ ਘਟਿਆ ਹੈ,
ਚਿੰਤਾਵਾਂ ਦਾ ਨਾ ਬੱਦਲ ਹੀ ਫਟਿਆ ਹੈ ।

ਬੂਹੇ ਭੰਨਾਂ, ਧੱਕੇ ਮਾਰਾਂ,
ਸੁੱਤੇ ਪਿੰਡ ਨੂੰ,

ਕਿਹੜੇ ਨਾਂ ਦੇ ਨਾਲ ਪੁਕਾਰਾਂ,
ਖੌਰੇ ਕਿਹੜੀ ਗੋਲੀ ਖਾ ਕਿ ਸੁੱਤਾ ਹੈ,
ਭੌਂਕ ਰਿਹਾ ਬੱਸ ਇਕ ਅਵਾਰਾ ਕੁੱਤਾ ਹੈ ।

ਕਿਥੇ ਪਹਿਰੇਦਾਰ ਗਏ ਨੇ ਸੱਭੇ,
ਕੋਈ ਲੱਭੇ,
ਜੇ ਪਿੰਡ ਨੇ ਹੈ ਵੱਸਦੇ ਰਹਿਣਾ,
ਜੇ ਬੱਚਿਆਂ ਨੂੰ,
ਚਾਹੀਦੇ ਸੱਤਰੰਗ ਸੁਪਨੇ,
ਪਰੀ-ਕਹਾਣੀ,
ਲਾਲ ਖਿਡੌਣੇ,
ਜੇ ਮੁਟਿਆਰਾਂ,
ਗੁਲ ਮੋਹਰ ਦੇ ਫੁੱਲਾਂ ਵਾਗੂੰ ਹੱਸਦੇ ਰਹਿਣਾ ।

ਤਾਂ ਫਿਰ ਪਹਿਲਾਂ,
ਕਾਲੀ ਚੁੱਪ ਨੂੰ ਤੋੜਨ ਵਾਲੀ,
ਰੌਸ਼ਨੀਆਂ ਦੀ ਬਾਤ ਸੁਣਾਓ,
ਭੈ ਦੇ ਸੰਘਣੇ ਜੰਗਲ ਵਿਚੋਂ ਬਾਹਰ ਆਓ,
ਕਾਤਲ-ਚਿਹਰੇ ਉਤੋਂ ਸਾਰੇ,
ਰੰਗ-ਬਰੰਗੇ ਪਰਦੇ ਲਾਹੋ,
ਨਾ ਘਬਰਾਓ ।

ਚਲੰਤ ਮਾਮਲੇ

ਗੁਰਨਾਮ ਸਿੰਘ ਸੰਘੇੜਾ

"ਕੈਨੇਡਾ ਨੂੰ ਚਿੱਟਾ ਰੱਖੋ"

— ਐਕਸ ਜੱਜ ਕਲਾਈਨ —

ਭਾਵ ਰੰਗਦਾਰ ਲੋਕਾਂ ਤੋਂ ਬਚਾਓ

ਗੁਰਨਾਮ ਸਿੰਘ ਸੰਘੇੜਾ

ਵੈਸੇ ਤਾਂ ਕੈਨੇਡਾ ਦਾ ਇਮੀਗਰੇਸ਼ਨ ਦਾ ਇਤਿਹਾਸ ਅਤੇ ਸਿਆਸੀ ਨੀਤੀਆਂ ਨਸਲਵਾਦੀ ਰਿਹਾ ਹੈ। ਵੀਹਵੀਂ ਸਦੀ ਦੇ ਤੀਜੇ ਦਹਾਕੇ ਤਕ ਰੰਗਦਾਰ ਲੋਕਾਂ ਵਿਰੁਧ ਹਰ ਪੱਖ ਤੇ ਹਰ ਪੱਧਰ ਤੋਂ ਨਸਲਵਾਦੀ ਜ਼ਹਿਰ ਉਘਲੀ ਜਾਂਦੀ ਰਹੀ ਹੈ ਅਤੇ ਉਸ ਵਿਰੁਧ ਸੰਘਰਸ਼ ਭੀ ਚਲਦਾ ਰਿਹਾ। ਹੁਣ ਭੀ ਇਮੀਗਰੇਸ਼ਨ ਨਿਯਮ ਅਤੇ ਨੀਤੀਆਂ ਅਤੇ ਬਰਾਬਰੀ ਦੇ ਮੌਕਿਆਂ ਦੇ ਸਵਾਲਾਂ ਤੇ ਨਸਲਵਾਦ ਸਾਫ ਦਿਸਦਾ ਹੈ। ਦੁਨੀਆਂ ਭਰ ਵਿਚ ਮਨੁੱਖੀ ਹੱਕਾਂ ਦੇ ਹੱਕ ਵਿਚ ਅਤੇ ਨਸਲਵਾਦ ਵਿਰੁਧ ਨਾਹਰਾ ਉਚਾ ਹੋ ਰਿਹਾ ਹੈ। ਦੱਖਣੀ ਅਫਰੀਕਾ ਦੀਆ ਨਸਲਵਾਦੀ ਤੇ ਫਾਸ਼ੀ ਨੀਤੀਆਂ ਦਾ ਖੰਡਨ ਅਤੇ ਬਾਈਕਾਟ ਹੋ ਰਿਹਾ ਹੈ। ਨਸਲਵਾਦੀ ਸਿਧਾਂਤ ਬਦਨਾਮ ਹੋ ਚੁੱਕੇ ਹਨ ਅਤੇ ਉਘੇ ਕਾਨੂੰਨਦਾਨ ਨਸਲਵਾਦ ਤੇ ਨਸਲੀ ਵਿਤਕਰੇ ਵਿਰੁਧ ਫਤਵੇ ਦੇ ਚੁੱਕੇ ਹਨ। ਪਰ ਅਜ ਜਦੋਂ ਸੰਸਾਰ ਅਮਨ ਲਹਿਰ, ਮਨੁੱਖੀ ਜੀਵਨ, ਹੱਕਾਂ ਅਤੇ ਬਰਾਬਰੀ ਲਈ ਮੁਹਿੰਮ ਚਲ ਰਹੀ ਹੈ, ਉਸ ਸਮੇਂ ਬ੍ਰਿਟਿਸ਼ ਕੁਲੰਬੀਆ, ਕੈਨੇਡਾ ਦੀ ਸੁਪਰੀਮ ਕੋਰਟ ਦੇ ਰਹਿ ਚੁੱਕੇ ਜੱਜ ਜੇ. ਵੀ. ਕਲਾਈਨ ਵਲੋਂ (ਪਚਾਸੀ ਸਾਲ ਦੀ ਉਮਰ ਵਿਚ) ਇਕ ਇੰਨਾ ਘਟੀਆ ਲੋਕਾਂ ਨੂੰ ਪਾੜਨ ਵਾਲਾ ਬਿਆਨ ਦੇਣਾ ਜ਼ਾਹਰ ਕਰਦਾ ਹੈ ਕਿ ਰੰਗਦਾਰ ਲੋਕਾਂ ਵਿਰੁਧ ਕਿਸ ਪੱਧਰ ਤੱਕ ਨਫਰਤ ਕਾਇਮ ਹੈ। ਮੇਰੇ ਖਿਆਲ ਵਿਚ ਇਹ ਬਿਆਨ ਨਸਲਵਾਦੀ ਹੈ ਅਤੇ ਇਸ ਦਾ ਹਰ ਪਾਸਿਓਂ ਸਿਰਫ ਖੰਡਨ ਹੀ ਨਹੀਂ ਬਲਕਿ ਇਸ ਤਰ੍ਹਾਂ ਦੇ ਖਿਆਲਾਂ ਨੂੰ ਭਾਂਜ ਦੇਣ ਲਈ ਲਾਮਬੰਦੀ ਚਾਹੀਦੀ ਹੈ।

ਰਹਿ ਚੁੱਕੇ ਜੱਜ ਕਲਾਈਨ ਨੇ ਵੈਨਕੂਵਰ ਸਨ ਵਿਚ ਕਿਹਾ ਕਿ ਉਹ ਦੇਸ਼ ਭਾਵ ਕੈਨੇਡਾ ਦੇ ਪਿਤਰੀ ਵਿਰਸੇ ਨੂੰ ਬਚਾਉਣਾ ਚਾਹੁੰਦਾ ਹੈ ਅਤੇ ਫੈਡਰਲ ਇਮੀਗਰੇਸ਼ਨ ਦੀਆਂ ਭੱਦੀਆਂ ਨੀਤੀਆਂ ਦੇ ਕਾਰਨ ਅੰਗਰੇਜ਼ ਤੇ ਫਰਾਂਸੀਸੀ ਘੱਟ ਗਿਣਤੀ ਵਿਚ ਰਹਿ ਜਾਣੇ ਹਨ। ਸੋ "ਮੈਂ ਖੁੱਲ੍ਹ ਕੇ ਆਖਦਾ ਹਾਂ ਕਿ ਮੈਂ ਇਸ ਤਰ੍ਹਾਂ ਨਹੀਂ ਚਾਹੁੰਦਾ — ਮੈਂ ਨਹੀਂ ਚਾਹੁੰਦਾ ਕਿ ਇਹ ਦੇਸ਼ ਚਿੱਟਾ ਨਾ ਰਹੇ।" ਉਸ ਨੇ ਫਿਰ ਗੈਰ ਕਾਨੂੰਨੀ ਇਮੀਗਰੈਂਟਾਂ ਆਦਿ ਉਪਰ ਭੀ ਹਮਲਾ ਕੀਤਾ। ਇਹ ਨਾਹਰਾ ਉੱਨੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਭੀ ਲਗਦੇ ਰਹੇ। ਜਿਹਨਾਂ ਨੂੰ ਅਜ ਹਰ ਸੂਝਵਾਨ ਵਿਅਕਤੀ ਨਿੰਦਦਾ ਹੈ ਅਤੇ ਬਹੁਤ ਐਂਗਲੋ ਸੈਕਸਨ ਲੋਕ ਉਹਨਾਂ ਬਿਆਨਾਂ ਸੰਬੰਧੀ ਸ਼ਰਮਿੰਦਗੀ ਭੀ ਮਹਿਸੂਸ ਕਰਦੇ ਹਨ। ਵੈਸੇ ਇਹ ਕੋਈ ਅਲੋਕਾਰ ਨਹੀਂ। ਅਗੇ ਭੀ ਇਤਿਹਾਸ ਵਿਚ ਰੰਗਦਾਰ ਲੋਕਾਂ ਵਿਰੁਧ ਪ੍ਰਚਾਰ ਹੋਇਆ ਅਤੇ ਕਾਨੂੰਨੀ ਫੈਸਲੇ ਭੀ ਹੋਏ ਜਿਵੇਂ 1914 ਵਿਚ ਕਾਮਾਗਾਟਾ ਮਾਰੂ ਅਤੇ ਦੂਜੀ ਸੰਸਾਰ ਜੰਗ ਵਿਚ ਜਾਪਾਨੀਆਂ ਦੀਆਂ ਜਾਇਦਾਦਾਂ ਤਕ ਖੋਹ ਕੇ ਉਹਨਾਂ ਨੂੰ ਘਰਾਂ ਵਿਚੋਂ ਕੱਢ ਕੇ ਕੈਂਪਾਂ ਵਿਚ ਬੰਦ ਰੱਖਿਆ। 1928 ਵਿਚ ਸਸਕੈਚਵਿਨ ਦੇ ਐਂਗਲੀਕਨ ਬਿਸ਼ਪ ਜੌਰਜ ਐਕਸਟਨ ਲਾਇਡ ਨੇ ਭੀ "ਗਲੋਬ ਐਂਡ ਮੇਲ" ਵਿਚ ਲਿਖਿਆ ਸੀ ਕਿ ਅੰਗਰੇਜ਼ੀ ਨਸਲ ਵਧੀਆ ਹੈ ਅਤੇ ਜਿਸ ਢੰਗ ਨਾਲ ਹੋਰ ਯੂਰਪੀ ਲੋਕ ਆਉਂਦੇ ਹਨ, ਉਸ ਨਾਲ ਕੈਨੇਡਾ "ਦੋਗਲਾ" ਹੋ ਜਾਏਗਾ। ਫਿਰ ਜੌਨ ਨੈਲਸਨ (ਜੋ ਮੈਕਲੀਨ ਰਸਾਲੇ ਵਿਚ ਲਿਖਦਾ ਹੁੰਦਾ ਸੀ) ਨੇ ਕਿਤਾਬ ਲਿਖੀ ("ਕੈਨੇਡੀਅਨ ਸੂਬੇ ਅਤੇ ਉਹਨਾਂ ਦੇ ਮਸਲੇ ਤੇ ਨੀਤੀਆਂ") ਜਿਸ ਵਿਚ ਉਸ ਨੇ "ਪੀਲੇ ਭੂਸਲੇ ਰੰਗ ਤੋਂ ਚਿੱਟੇ ਕੈਨੇਡਾ ਨੂੰ ਬਚਾਉਣ ਦਾ ਨਾਹਰਾ ਦਿੱਤਾ। ਅਤੇ ਉਸ ਕਿਤਾਬ ਦੀ ਭੂਮਿਕਾ ਕੈਨੇਡਾ ਦੇ ਪ੍ਰਧਾਨ ਮੰਤਰੀ ਆਰਥਰ ਮੀਹਨ ਨੇ ਲਿਖਦੇ ਹੋਏ "ਕੈਨੇਡਾ ਦੀ — ਇਕ ਕੌਮੀ ਹੋਂਦ" ਦੀ ਪ੍ਰਸੰਸਾ ਕੀਤੀ।

ਰਹਿ ਚੁੱਕਾ ਜੱਜ ਕਲਾਈਨ ਵਲੋਂ ਦਿਤਾ ਬਿਆਨ ਅਤੇ ਉਸ ਪਿੱਛੇ ਸਾਰੇ ਭਾਵਾਂ ਨੂੰ ਲੋਕ ਸਮਝਦੇ ਹਨ ਜਿਸ ਦੀ ਬੀ ਸੀ ਦੀ ਹਰ ਉਘੀ ਜਥੇਬੰਦੀ ਅਤੇ ਵਿਅਕਤੀ ਨੇ ਖੰਡਨ ਕੀਤਾ। ਹੁਣ ਜੱਜ ਸਾਹਿਬ 22 ਸਤੰਬਰ 1987 ਦੇ ਸਨ ਵਿਚ ਆਖ ਰਹੇ ਹਨ ਕਿ ਉਸ ਦਾ ਚਿੱਟੇ ਤੋਂ ਭਾਵ ਰੰਗ ਨਹੀਂ, ਸਭਿਆਚਾਰ ਹੈ। ਫਿਰ ਉਹ ਆਖਦਾ ਹੈ ਕਿ ਉਹ ਕਿਸ ਦੇ ਵਿਰੁਧ ਨਹੀਂ ਸਿਰਫ ਉਸ ਦਾ ਚਿੱਟੇ ਤੋਂ ਭਾਵ ਯੂਰਪੀ ਸਭਿਆਚਾਰ ਹੈ। ਪਹਿਲੀ ਗੱਲ ਤਾਂ ਇਹ ਕਿ ਜੋ ਉਸ ਦੇ ਬਿਆਨ ਤੇ ਲੋਕਾਂ ਦਾ ਪ੍ਰਤੀਕਰਮ ਹੈ, ਉਸ ਤੋਂ ਜਾਪਦਾ ਹੈ ਕਿ ਲੋਕ ਉਸ ਦੇ ਮਤਲਬ ਅਤੇ ਸੋਚ ਨੂੰ ਸਮਝਦੇ ਹਨ। ਦੂਜੇ ਹੁਣ ਕਾਨੂੰਨਦਾਨਾਂ ਵ੍ਹਾਂਗ ਭਾਵ ਦੱਸਣ ਨਾਲ ਕੋਈ ਫਰਕ ਨਹੀਂ ਕਿਉਂਕਿ ਸਭਿਆਚਾਰ ਦਾ ਭਾਵ ਭੀ ਵਖਰੇਵੇਂ ਅਤੇ ਉਹ ਵੱਖਰਾ ਸਭਿਆਚਾਰ ਜੋ ਫਰਾਂਸੀਸੀ ਤੇ ਐਂਗਲੋ ਸੈਕਸਨ ਦੇ ਅਨੁਕੂਲ ਨਹੀਂ। ਸੋ ਗੱਲ ਫਿਰ ਮੁੜ ਰੰਗ, ਨਸਲ, ਦੇਸ਼ ਅਤੇ ਧਰਮ ਤੇ ਆ ਗਈ। ਇਹਨਾਂ ਹੀ ਵਿਤਕਰਿਆਂ ਵਿਰੁਧ ਲੜਨ ਲਈ ਯੂਨਾਈਟਿਡ ਨੇਸ਼ਨਜ ਨੇ "ਹਰ ਕਿਸਮ ਦੇ ਨਸਲੀ ਵਿਤਕਰੇ ਦੇ ਖਾਤਮੇ" ਧਾਰਾ 4, 8 ਤੇ 9 ਨੂੰ ਵਿਸਥਾਰ ਨਾਲ ਲਿਖਿਆ ਅਤੇ ਕੈਨੇਡਾ ਵਿਚ ਹਿਊਮਨ ਰਾਈਟਸ ਐਕਟ ਬਣਾਏ (ਭਾਵੇਂ ਬਹੁਤ ਕਮਜ਼ੋਰ ਹਨ) ਇਸ ਕਰਕੇ ਆਖਦੇ ਹਾਂ ਕਿ ਨਸਲਵਾਦ ਅਤੇ ਨਸਲੀ ਵਿਤਕਰੇ ਨੂੰ ਜ਼ੁਰਮ ਬਣਾਇਆ ਜਾਵੇ (ਕਰਿਮੀਨਲ)।

ਕਾਨੂੰਨ ਦਾ ਕੀ ਮੰਤਵ ਹੈ? ਸਰਮਾਏਦਾਰੀ ਸਮਾਜ ਵਿਚ ਅੰਤਮ ਤੌਰ ਤੇ ਸੱਤਾਧਾਰੀ ਹਾਕਮ ਜਮਾਤ ਦੇ ਹਿਤਾਂ ਦੀ ਰਾਖੀ ਕਰਨਾ। ਜੇ ਉਸ ਦੀ ਸੱਤਾ ਨੂੰ ਖਤਰਾ ਨਹੀਂ ਤਾਂ ਜਮਹੂਰੀ ਲਿਬਰਲ ਢੰਗ ਚੱਲੇ। ਕਾਨੂੰਨ ਸਰਕਾਰ ਦੀ ਪਬਲਿਕ ਨੀਤੀ ਦਾ ਪ੍ਰਗਟਾਵਾ ਕਰਦਾ ਹੈ। ਇਹ ਉਸ ਮੰਤਵ ਨੂੰ ਪੂਰਾ ਕਰਨ ਲਈ ਹੈ ਜਿਸ ਲਈ ਬਣਾਇਆ। ਕਾਨੂੰਨ ਤਦ ਹੀ ਕੁਝ ਕਰੇਗਾ ਜੇ ਉਸ ਨੂੰ ਲਾਗੂ ਕਰਨ ਲਈ ਦ੍ਰਿੜ੍ਹਤਾ ਹੋਵੇ। ਨਸਲਵਾਦ ਵਿਰੁਧ ਅਤੇ ਮਨੁੱਖੀ ਹੱਕਾਂ ਲਈ ਦ੍ਰਿੜ੍ਹਤਾ ਨਹੀਂ ਅਤੇ ਉਸ ਵਿਚ ਚੋਰ ਮੋਰੀਆਂ ਹਨ। ਇਨਸਾਫ ਭੀ ਪੈਸੇ ਨਾਲ ਖਰੀਦਿਆ ਜਾਂਦਾ ਹੈ। ਜਿਥੇ ਜਮਾਤੀ ਟੱਕਰ ਦੇ ਇਨਸਾਫ ਦੀ ਗੱਲ ਹੈ, ਉਹ ਜਮਾਤੀ ਜਿੱਤ ਰਾਹੀਂ ਹੋਵੇਗਾ।

ਹੁਣ ਸ਼ਬਦਾਂ ਤੇ ਭਾਸ਼ਾ ਦੀ ਭੀ ਟਿੱਪਣੀ ਕਰੀਏ। ਭਾਸ਼ਾ ਸਿਰਫ ਗੱਲਬਾਤ ਲਈ ਸ਼ਬਦ ਹੀ ਨਹੀਂ ਸਮਝਣੇ ਚਾਹੀਦੇ। ਇਹ ਸਥਿਤੀ ਅਤੇ ਧਾਰਨਾਵਾਂ ਦਾ ਪ੍ਰਗਟਾਵਾ ਕਰਦੀ ਹੈ। ਸ਼ਬਦ ਹਥਿਆਰ ਹਨ। ਸ਼ਬਦਾਂ ਦੀ ਦੁਰਵਰਤੋਂ ਇਕ ਕਿਸਮ ਦਾ ਹਮਲਾ ਹੈ। ਸ਼ਬਦ ਸਿਰਫ ਇਨਸਾਨਾਂ ਨੂੰ ਲੇਬਲ ਹੀ ਨਹੀਂ ਕਰਦੇ ਜਾਂ ਆਖੋ ਕਿ ਠੱਪਾ ਹੀ ਨਹੀਂ ਲਾਉਂਦੇ ਬਲਕਿ ਉਹਨਾਂ ਦਾ ਵਰਗੀਕਰਣ ਭੀ ਕਰਦੇ ਹਨ। ਉਸ ਵਰਗੀਕਰਣ ਜਾਂ ਕਿਸਮ ਤੋਂ ਜਾਹਰ ਕੀਤਾ ਜਾਂਦਾ ਹੈ ਕਿ ਇਸ ਦੀ ਕੀ ਥਾਂ ਤੇ ਕਿੰਨੀ ਕੁ ਕਦਰ ਹੈ। ਸੋ ਸ਼ਬਦ ਤੇ ਭਾਸ਼ਾ ਹਮਲਾਆਵਰ ਹੋ ਕੇ ਸੱਤਾ ਅਤੇ ਦਬਾਅ ਜਾਂ ਡਰਾਅ ਦਾ ਪ੍ਰਗਟਾਵਾ ਭੀ ਕਰਦੀ ਹੈ।

ਸਭਿਆਚਾਰ ਦੇ ਨਾਮ ਤੇ ਭੀ ਪਰਦਾ ਪੋਸ਼ੀ ਨਹੀਂ ਹੋ ਸਕਦੀ। ਸਭਿਆਚਾਰ ਭੀ ਭਗੋਲਿਕ ਹੱਦਾਂ ਬੰਨਿਆਂ, ਆਰਥਕਤਾ ਤੇ ਸਮਾਜੀ ਤੇ ਪੈਦਾਵਾਰੀ ਰਿਸ਼ਤਿਆਂ ਨਾਲ ਜੁੜਿਆ ਹੋਇਆਂ ਹੈ। ਇਕ ਰੰਗ ਦੇ ਲੋਕਾਂ ਵਿਚ ਭੀ ਛੋਟੇ ਤੇ ਵੱਖਰੇ ਸਭਿਆਚਾਰ ਹਨ। ਇਸ ਤੋਂ ਭੀ ਪ੍ਰਗਟ ਹੈ ਕਿ ਉਹ ਸਭਿਆਚਾਰ ਆਖੇ ਜਾਂ ਰੰਗ, ਅੰਤਮ ਤੌਰ ਤੇ ਗੱਲ ਇਥੇ ਆਉਂਦੀ ਹੈ ਕਿ ਕੈਨੇਡਾ ਨੂੰ "ਚਿੱਟਾ" ਰਹਿਣ ਦੇਣਾ/ਜਾਂ ਰੱਖਣਾ ਹੈ। ਇਹ ਜੱਜ ਸਾਹਿਬ ਇਕ ਪਾਸੇ ਅੰਗਰੇਜ਼ ਤੇ ਫਰਾਂਸੀਸੀਆਂ ਦੀ ਗੱਲ ਕਰਦੇ ਹਨ ਤੇ ਦੂਜੀ ਥਾਂ ਯੂਰਪੀ ਸਭਿਆਚਾਰ ਦੀ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਯੂਰਪੀ ਸਭਿਆਚਾਰ ਤੇ ਫਿਰ ਉਸ ਅੰਦਰ ਛੋਟੇ (ਸਬ) ਸਭਿਆਚਾਰ ਹਨ। ਇਸ ਦੀ ਇਹ ਪਹੁੰਚ ਬੜੀ ਪਿੱਛੇ ਖਿਚੂ ਹੈ। ਇਕ ਪਾਸੇ ਬਹੁ-ਸਭਿਆਚਾਰ ਤੇ ਬਹੁ-ਨਸਲੀ ਕੈਨੇਡਾ ਦੇ ਗੋਗੇ ਗਾਏ ਜਾਂਦੇ ਹਨ ਪਰ ਦੂਜੇ ਪਾਸੇ ਉਸ ਦੇ ਜੜੀਂ ਤੇਲ ਦਿੱਤਾ ਜਾ ਰਿਹਾ ਹੈ। ਇਕ ਪਾਸੇ ਬਹੁ-ਸਭਿਆਚਾਰਕ ਪਰ ਦੂਜੇ ਪਾਸੇ ਨਸਲਵਾਦੀ ਇਮੀਗਰੇਸ਼ਨ ਨੀਤੀਆਂ — ਜਿਹਨਾਂ ਤੋਂ ਜ਼ਾਹਰ ਹੈ ਕਿ ਬਹੁ-ਸਭਿਆਚਾਰਕ ਗਲਤ ਹੈ ਨਹੀਂ ਤਾਂ ਰੰਗਦਾਰ ਲੋਕਾਂ ਤੇ ਰੋਕਾਂ ਕਿਉਂ? ਤਾਮਿਲ ਜਾਂ ਪੰਜਾਬੀ ਰਿਫੀਊਜ਼ੀ ਕਲੇਮ ਵਾਲੇ ਆ ਜਾਣ ਤਾਂ ਹਾਕਮਾਂ ਦੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ ਹੈ ਪਰ ਜਦੋਂ ਗੋਰੇ, ਰੋਡੇਸ਼ੀਆ, ਦੱਖਣੀ ਅਫਰੀਕਾ ਆਦਿ ਤੋਂ ਆਉਂਦੇ ਹਨ ਜਾਂ ਸਮਾਜਵਾਦੀ ਦੇਸ਼ਾਂ ਤੋਂ ਲਿਆਏ ਜਾਂਦੇ ਹਨ ਤਾਂ ਖੁਸ਼ੀ। ਬਹੁ-ਸਭਿਆਚਾਰਕ ਸੰਕਲਪ ਭੀ ਇਹ ਜ਼ਾਹਰ ਕਰਦਾ ਹੈ ਕਿ ਵੱਖੋ ਵੱਖਰੀਆਂ ਨਸਲਾਂ ਤੇ ਸਭਿਆਚਾਰ ਹਨ ਜਿਹਨਾਂ ਦਾ ਆਪਸੀ ਮੇਲ ਨਹੀਂ — ਤੇ ਇਸ ਵਿਚੋਂ ਭੀ ਨਸਲਵਾਦ ਨਿਕਲਦਾ ਹੈ। ਬ੍ਰਿਟਿਸ਼ ਕੁਲੰਬੀਆ ਦਾ ਪ੍ਰੀਮੀਅਰ ਬਿਲ ਵੈਂਡਰ ਜ਼ੈਮ ਆਪਣੇ ਢੰਗ ਨਾਲ ਲੋਕ ਵਿਰੋਧੀ ਟੂਲ ਲਾਉਂਦਾ ਹੈ ਕਿ ਅਮੀਰਾਂ ਦੀ ਇਮੀਗਰੇਸ਼ਨ ਹੋਣੀ ਚਾਹੀਦੀ ਹੈ ਭਾਵ ਜਿਹੜੇ ਰੰਗਦਾਰ ਲੋਕ ਆਏ ਹਨ, ਉਹਨਾਂ ਦੇ ਪਰਿਵਾਰਾਂ ਤੇ ਬੱਚਿਆਂ ਨੂੰ ਨਾ ਆਉਣ ਦਿੱਤਾ ਜਾਵੇ?

ਸੋ ਇਹ ਦੋਵੇਂ ਵਿਅਕਤੀ ਲੋਕਾਂ ਨੂੰ ਰੰਗ ਦੇ ਨਾਮ ਤੇ ਪਾੜ ਕੇ ਸੱਜ ਪਿਛਾਖੜ (ਧਨੀਆਂ) ਦੀ ਸੇਵਾ ਤੇ ਵਕਾਲਤ ਕਰਦੇ ਹਨ ਕਿਉਂਕਿ ਇਸ ਨਾਲ ਲੋਕਾਂ ਵਿਚ ਫੁੱਟ ਅਤੇ ਲੋਕ ਲਹਿਰ ਕਮਜ਼ੋਰ ਹੁੰਦੀ ਹੈ।

ਆਉ, ਹੁਣ ਜੱਜ ਸਾਹਿਬ ਵਲੋਂ ਪਿਤਰੀ ਵਿਰਸਾ (ਹੈਰੀਟੇਜ) ਦੀ ਭੀ ਚੀਰ ਫਾੜ ਕਰੀਏ। ਉਸ ਨੇ ਅੰਗਰੇਜ਼ੀ ਤੇ ਫਰਾਂਸੀਸੀ ਵਿਰਸੇ ਨੂੰ ਰੱਖਣ ਅਤੇ ਚਿੱਟੇ ਰੱਖਣ ਦੀ ਗੱਲ ਆਖੀ। ਅਜ ਦੇ ਕੈਨੇਡਾ ਅਤੇ ਰਾਜ ਕਰਦੀ ਐਂਗਲੋ ਸੈਕਸਨ ਜਮਾਤ ਦਾ ਵਿਰਸਾ ਨਸਲਵਾਦੀ, ਲੋਕ ਵਿਰੋਧੀ, ਆਦੀਵਾਸੀਆਂ ਨੂੰ ਅਤਿ ਕਮਜ਼ੋਰ ਕਰਨਾ ਤੇ ਉਹਨਾਂ ਤੋਂ ਉਹਨਾਂ ਦਾ ਜਬਰਦਸਤੀ ਦੇਸ਼ ਖੋਹਣਾ ਹੈ। ਕਿਉਂਕਿ ਜੱਜ ਸਾਹਿਬ ਸਭਿਆਚਾਰ ਤੇ ਰੰਗ ਦੀ ਗੱਲ ਕਰਦੇ ਹਨ ਸੋ ਮੈਂ ਭੀ ਨਸਲੀ ਰਿਸ਼ਤਿਆਂ ਸਬੰਧੀ ਵਿਰਸੇ ਦਾ ਹੀ ਚੇਤਾ ਕਰਾਉਂਦਾ ਹਾਂ। ਵੀਹਵੀਂ ਸਦੀ ਦੇ ਨੌਵੇਂ ਦਹਾਕੇ ਵਿਚ ਚੀਨਿਆਂ ਉਪਰ ਟੈਕਸ ਲਾਉਣਾ, ਹਰ ਪੂਰਬੀ ਨੂੰ ਹਰ ਚੰਗੀ ਨੌਕਰੀ ਤੋਂ ਕਾਨੂੰਨੀ ਮਨਾਹੀ ਅਤੇ ਚੀਨਾ ਮਜ਼ਦੂਰਾਂ ਦੀਆਂ ਲਾਸ਼ਾਂ ਉਪਰ ਰੇਲਵੇ ਬਣਾ ਕੇ ਜ਼ਬਰਦਸਤੀ ਵਾਪਸ ਭੇਜਣ ਦੀਆਂ ਚਾਲਾਂ ਅੰਗਰੇਜ਼ੀ ਹਾਕਮ ਦਾ ਵਿਰਸਾ ਹੈ।

ਵੀਹਵੀਂ ਸਦੀ ਦੇ ਆਰੰਭ ਵਿਚ ਸਭ ਪੂਰਬੀਆਂ ਦੇ ਦਾਖਲੇ ਉਪਰ ਪੰਜ ਸੌ ਡਾਲਰ ਟੈਕਸ, ਵੋਟ ਦਾ ਹੱਕ ਖੋਹ ਲੈਣਾ, ਪਤਨੀਆਂ ਮੰਗਵਾਉਣ ਉਪਰ ਪਾਬੰਦੀ ਅਤੇ ਵੈਨਕੂਵਰ ਵਿਚ (1907 ਵਿਚ) ਪੂਰਬੀ ਲੋਕਾਂ ਵਿਰੁਧ ਖੁੱਲੇਆਮ ਨਸਲੀ ਫਸਾਦ। ਸਥਾਨਕ ਸਰਕਾਰ ਤੋਂ ਲੈ ਕੇ ਫੈਡਰਲ ਸਰਕਾਰ ਤਕ ਖੁੱਲੇ ਆਮ ਨਸਲਵਾਦ ਤੇ ਨਸਲੀ ਵਿਤਕਰਾ ਅਤੇ ਕਾਮਾਗਾਟਾ ਮਾਰੂ ਆਦਿ ਸੰਬੰਧੀ ਨੀਚ ਨਸਲਵਾਦੀ ਚਾਲਾਂ ਵਿਰਸਾ ਹੀ ਹੈ ਟਰੇਡ ਯੂਨੀਅਨਾਂ ਵਿਰੁਧ ਫੌਜੀ ਦੁਰਵਰਤੋਂ ਅਤੇ ਆਦੀਵਾਸੀਆਂ ਦੇ ਪ੍ਰਸਿੱਧ ਨੇਤਾ ਰੀਅਲ ਵਰਗਿਆਂ ਨੂੰ ਮਾਰਨਾ ਅਤੇ ਆਦੀਵਾਸੀਆਂ ਤੋਂ ਉਹਨਾਂ ਦੀ ਹੋਂਦ ਭੀ ਖੋਹਣਾ ਵਿਰਸੇ ਦਾ ਹਿੱਸਾ ਹੈ।

ਦੂਜੀ ਸੰਸਾਰ ਜੰਗ ਦੇ ਦੌਰਾਨ ਕੈਨੇਡਾ ਦੇ ਸ਼ਹਿਰੀ ਜਾਪਾਨੀਆਂ ਨੂੰ ਘਰਾਂ ਤੋਂ ਜਬਰਦਸਤੀ ਫੜ ਕੇ ਬੀ ਸੀ ਧੁਰ ਅੰਦਰ ਲਿਜਾ ਕੇ ਫੌਜੀ ਪਹਿਲੇ ਥੱਲੇ ਕੈਂਪਾਂ ਵਿਚ ਰੱਖਿਆ। ਉਹਨਾਂ ਦੀਆਂ ਸਾਰੀਆਂ ਜਾਇਦਾਦਾਂ, ਕਾਰੋਬਾਰ ਤੇ ਸਾਜ਼ੋ ਸਮਾਨ ਬਿਨਾਂ ਮੁਆਵਜ਼ਾ ਜ਼ਬਤ ਕਰ ਲਿਆ। ਕਸੂਰ- ਕਿ ਉਹਨਾਂ ਦਾ ਪਿਛੋਕੜ ਜਾਪਾਨੀ ਹੈ ਅਤੇ ਜੰਗ ਸਮੇਂ ਜਾਪਾਨ, ਅੰਗਰੇਜ਼ਾਂ ਦੇ ਵਿਰੁਧ ਸੀ। ਪਰ ਜਰਮਨ ਤੇ ਇਟਾਲੀਅਨ ਨਾ ਫੜੇ ਭਾਵੇਂ ਉਹ ਦੇਸ਼ ਭੀ ਜਾਪਾਨ ਨਾਲ ਸਨ। ਉਹਨਾਂ ਜਾਪਾਨੀਆਂ ਨੂੰ ਅਜੇ ਤੱਕ ਭੀ ਕੋਈ ਮੁਆਵਜ਼ਾ ਨਹੀਂ ਦਿਤਾ ਭਾਵੇਂ ਕਿ ਅਮਰੀਕਾ ਨੇ ਪਿਛਲੇ ਹਫਤੇ ਉਥੇ ਦੇ ਦੂਜੇ ਸੰਸਾਰ ਜੰਗ ਵਿਚ ਨਜ਼ਰਬੰਦ ਕੀਤੇ ਜਾਪਾਨੀ ਨੂੰ ਵੀਹ ਹਜ਼ਾਰ ਡਾਲਰ ਦੇਣ ਅਤੇ ਬਦਸਲੂਕੀ ਕਰਨ ਲਈ ਮੁਆਫੀ ਮੰਗੀ ਹੈ। (ਇਹ ਕਾਫੀ ਨਹੀਂ) ਇਸ ਸਦੀ ਦੇ ਪੰਜਵੇਂ ਦਹਾਕੇ ਵਿਚ ਡੋਕੋਯੋਅਰ ਬੱਚਿਆਂ ਨੂੰ ਉਹਨਾਂ ਦੇ ਪਰਿਵਾਰਾਂ ਤੋਂ ਖੋਹ ਕੇ ਸਕੂਲਾਂ ਤੇ ਇਹਾਤਿਆਂ ਦੁਆਲੇ ਤਾਰਾਂ ਲਾ ਕੇ ਬੰਦ ਕੀਤਾ। ਹੁਣ ਜਿਸ ਢੰਗ ਨਾਲ ਰਿਫੀਊਜ਼ੀਆਂ ਸੰਬੰਧੀ ਬਿਲ ਸੀ-84 ਲਿਆਂਦਾ ਹੈ (ਜਿਸ ਦੀ ਯੂ. ਐਨ. ਓ. ਨੇ ਭੀ ਨਿੰਦਾ ਕੀਤੀ ਹੈ), ਉਹ ਸ਼ਰਮਨਾਕ ਹੈ। ਇਹ ਹੈ ਨਸਲੀ ਰਿਸ਼ਤਿਆਂ ਵਿਚ ਸਭਿਆਚਾਰਕ ਵਿਰਸਾ ਜਿਸ ਤੋਂ ਹਰ ਵਿਅਕਤੀ ਸ਼ਰਮਾਉਂਦਾ ਹੈ। ਇਥੇ ਦੇ ਮਜ਼ਦੂਰਾਂ ਦੀਆਂ ਆਪਣੇ ਹੱਕਾਂ ਲਈ ਹੱਕੀ ਲੜਾਈਆਂ ਨੂੰ ਤਾਂ ਇਹ ਵਿਰਸਾ ਹੀ ਨਹੀਂ ਮੰਨਦੇ।

ਮੰਨਣ ਭੀ ਕਿਉਂ? ਇਸ ਕਰਕੇ ਨਹੀਂ ਅਪਣਾਉਣਗੇ ਕਿਉਂਕਿ ਰਹਿ ਚੁਕੇ ਜੱਜ ਸਾਹਿਬ ਦੇ ਹਿਤ ਹਾਕਮ ਜਮਾਤ ਨਾਲ ਜਾਂਦੇ ਹਨ। ਰਹਿ ਚੁਕੇ ਜੱਜ ਸਾਹਿਬ ਧਨੀ ਮੈਕਮਿਲਨ ਬਲੋਡਲ ਦੇ ਚੇਅਰਮੈਨ ਰਹਿ ਚੁੱਕੇ ਹਨ। ਯੂਨੀਵਰਸਿਟੀ ਔਫ ਬ੍ਰਿਟਿਸ਼ ਕੁਲੰਬੀਆ ਦੇ ਗਵਰਨਰਾਂ ਦੇ ਬੋਰਡ ਤੇ ਰਹਿ ਚੁਕੇ ਹਨ ਅਤੇ ਇਸ ਯੂਨੀਵਰਸਿਟੀ ਦੇ ਚਾਂਸਲਰ ਭੀ ਰਹਿ ਚੁਕੇ ਹਨ। ਬੀ ਸੀ ਦੀ ਸੁਪਰੀਮ ਕੋਰਟ ਦੇ ਰਿਟਾਇਰ ਸ਼ੁਦਾ ਜੱਜ ਹਨ। ਸੋ ਇਸ ਦੀ ਬੋਲੀ ਇਸ ਦੇ ਜਮਾਤੀ ਹਿਤਾਂ ਦੇ ਪੱਖ ਤੋਂ ਹੋਵੇਗੀ। ਤੇ ਸਾਨੂੰ ਹੈਰਾਨੀ ਭੀ ਕੋਈ ਨਹੀਂ। ਜੁਡੀਸ਼ਰ ਭੀ ਸਟੇਟ ਦਾ ਇਕ ਅੰਗ ਹੈ ਅਤੇ ਕੈਨੇਡੀਅਨ ਸਟੇਟ ਧਨੀਆਂ ਦੀ ਹੈ ਜੋ ਲੋਕ ਵਿਰੋਧੀ ਹੈ ਅਤੇ ਖਾਸੇ ਦੇ ਅਨੁਸਾਰ

ਬਾਕੀ ਪੰਨਾ 20 'ਤੇ

ਪੰਥਕ ਕਮੇਟੀ ਦੀ ਚੁਣੌਤੀ ਵਿਰੁਧ ਸਮੂਹ ਦੇਸ਼ ਭਗਤ ਅੱਗੇ ਆਉਣ

ਸੀ. ਪੀ. ਆਈ. (ਐਮ) ਪੋਲਿਟ ਬਿਊਰੋ ਦਾ ਬਿਆਨ

ਨਵੀਂ ਦਿੱਲੀ — ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਨੇ ਕਥਿਤ ਪੰਥਕ ਕਮੇਟੀ ਵਲੋਂ ਅਖੌਤੀ ਕੌਂਸਲ ਆਫ ਖਾਲਿਸਤਾਨ ਦੇ ਐਲਾਨ ਦੀ ਨਿਖੇਧੀ ਕਰਦਿਆਂ ਇਥੇ ਹੇਠ ਲਿਖਿਆ ਬਿਆਨ ਜਾਰੀ ਕੀਤਾ ਹੈ —

'ਪੰਥਕ ਕਮੇਟੀ ਵਲੋਂ ਹਰਿਮੰਦਰ ਸਾਹਿਬ ਤੋਂ "ਖਾਲਿਸਤਾਨ ਕੌਂਸਲ' ਕਾਇਮ ਕਰਨ ਦਾ ਐਲਾਨ ਕਰ ਦਿੱਤਾ ਗਿਆ। "ਇਸ ਦਾ ਨਿਸ਼ਾਨਾ ਖਾਲਿਸਤਾਨ ਦੀ ਕਾਇਮੀ ਹੈ ਜੋ ਕਿ ਦੇਸ਼ ਦੀ ਏਕਤਾ ਨੂੰ ਸਿੱਧੀ ਚੁਣੌਤੀ ਹੈ ਅਤੇ ਸਾਮਰਾਜੀਆਂ ਦੇ ਹੁਕਮਾਂ 'ਤੇ ਦੇਸ਼ ਨੂੰ ਅਸਥਿਰ ਕਰਨ ਦਾ ਗੰਭੀਰ ਯਤਨ ਹੈ। ਇਹ ਐਲਾਨ ਸਮੂਹ ਦੇਸ਼ ਭਗਤਕ ਲੋਕਾਂ ਨੂੰ ਸਪਸ਼ਟ ਚਿਤਾਵਨੀ ਹੈ ਕਿ ਜੇ ਲੋਕਾਂ ਨੂੰ ਇਹਨਾਂ ਰਾਸ਼ਟਰ ਵਿਰੋਧੀ ਸ਼ਕਤੀਆਂ ਵਿਰੁਧ ਉਭਾਰਿਆ ਨਾ ਗਿਆ ਸਾਨੂੰ ਅਤਿਅੰਤ ਖਤਰਨਾਕ ਸਿਟਿਆਂ ਦਾ ਸਾਹਮਣਾ ਕਰਨਾ ਪਵੇਗਾ।

"ਜਾਪਦਾ ਹੈ ਕਿ ਅਤਿਵਾਦੀਆਂ ਦੀ ਅਕਾਲ ਤਖਤ ਤੋਂ ਖਾਲਿਸਤਾਨ ਦੀ ਸਰਕਾਰ ਕਾਇਮ ਕਰਨ ਦੀ ਯੋਜਨਾ ਹੈ, ਉਹ ਇਸ ਰਾਹੀਂ ਧਾਰਮਿਕ ਜਜ਼ਬਾਤ ਭੜਕਾਉਣਾ ਅਤੇ ਇਸ ਨੂੰ ਇਕ ਜਲਾਵਤਨ ਸਰਕਾਰ ਬਨਾਉਣਾ ਅਤੇ ਮੁੱਦੇ ਦਾ ਅੰਤਰਰਾਸ਼ਟਰੀਕਰਨ ਕਰਨਾ ਚਾਹੁੰਦੇ ਹਨ। 'ਭਾਰਤ ਸਰਕਾਰ ਨਿਰੋਲ ਪ੍ਰਸਾਸ਼ਕੀ ਕਦਮਾਂ' ਤੇ ਹੀ ਟੇਕ ਰੱਖ ਕੇ ਅਤੇ ਪੰਜਾਬ ਸਮੱਸਿਆ ਨਾਲ ਨਿਪਟਣ ਬਾਰੇ ਇਸੇ ਨਾਲ ਸਵੈ ਸੰਤੁਸ਼ਟ ਹੋ ਕੇ, ਅੱਗ ਨਾਲ ਖੇਡ ਰਹੀ ਹੈ ਅਤੇ ਅਤਿਵਾਦੀਆਂ ਨੂੰ ਲੋਕਾਂ ਨੂੰ ਗੁਮਰਾਹ ਕਰਨ ਦੀ ਆਗਿਆ ਦੇ ਰਹੀ ਹੈ। ਕੇਂਦਰ ਸਰਕਾਰ ਕੋਲ ਪੰਜਾਬ ਮੁੱਦੇ ਨਾਲ ਨਿਪਟਣ ਦੀ ਕੋਈ ਦਿਸ਼ਾ ਭਰਪੂਰ ਨੀਤੀ ਨਹੀਂ ਹੈ ਸਿਵਾਏ ਸ਼ਕਤੀ ਦੀ ਵਰਤੋਂ ਕਰਨ ਦੇ।

"ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਅਤੇ ਸੰਯੁਕਤ ਅਕਾਲੀ ਦਲ (ਯੂ. ਏ. ਡੀ.) ਅਜੇ ਵੀ ਉਹਨਾਂ ਰਾਸ਼ਟਰ ਵਿਰੋਧੀ ਤੱਤਾਂ, ਜਿਹੜੇ ਬੇਦੋਸ਼ੇ ਲੋਕਾਂ ਨੂੰ ਕਤਲ ਕਰ ਰਹੇ ਹਨ ਤੇ ਦੇਸ਼ ਨੂੰ ਅਸਥਿਰ ਕਰਨ ਦਾ ਯਤਨ ਕਰ ਰਹੇ ਹਨ, ਤੋਂ ਗੁਰਦੁਵਾਰਿਆਂ ਨੂੰ ਖਾਲੀ ਕਰਨ ਲਈ ਹੌਂਸਲਾ ਜੁਟਾਉਣ ਵਿਚ ਅਸਫਲ ਹੋ ਰਹੇ ਹਨ।

"ਪੋਲਿਟ ਬਿਊਰੋ ਦੇਸ਼ ਦੀਆਂ ਸਭਨਾਂ ਦੇਸ਼ ਭਗਤ ਸ਼ਕਤੀਆਂ ਨੂੰ ਅਪੀਲ ਕਰਦਾ ਕਿ ਉਹ ਇਸ ਖਤਰੇ ਨੂੰ ਮਹਿਸੂਸ ਕਰਨ ਅਤੇ ਇਸ ਨੂੰ ਭਾਂਜ ਦੇਣ ਲਈ ਆਪਣੀ ਆਵਾਜ਼ ਬੁਲੰਦ ਕਰਨ।

"ਇਹ ਅਗੇ ਸਿੱਖ ਜਨ-ਸਮੂਹਾਂ ਨੂੰ, ਜਿਹਨਾਂ ਦੀਆਂ ਪੰਜਾਬੀ ਲੋਕਾਂ ਦੀ ਏਕਤਾ ਲਈ ਅਤੇ ਦੇਸ਼ ਦੀ ਆਜ਼ਾਦੀ ਲਈ ਲੜਨ ਦੀਆਂ ਸ਼ਾਨਦਾਰ ਰਵਾਇਤਾਂ ਹਨ, ਇਸ ਖ਼ਤਰੇ ਪ੍ਰਤੀ ਜਾਗਰੂਕ ਹੋਣ ਤੇ 'ਗੁਰਦੁਵਾਰਿਟਾ ਤੋਂ ਸਭਨਾਂ ਅਤਿਵਾਦੀਆਂ ਨੂੰ ਬਾਹਰ ਕੱਢਣ ਅਤੇ ਉਹਨਾਂ ਦੀਆਂ ਘਿਣਾਉਣੀਆਂ ਚਾਲਾਂ ਨੂੰ ਹਰਾਉਣ ਦੀ ਵੀ ਅਪੀਲ ਕਰਦਾ ਹੈ। ਪੋਲਿਟ ਬਿਊਰੋ ਕੇਂਦਰ ਸਰਕਾਰ ਨੂੰ ਸੱਦਾ ਦਿੰਦਾ ਹੈ ਕਿ ਉਹ ਪੰਜਾਬ ਬਾਰੇ ਆਪਣੀ ਮੌਕਾਪ੍ਰਸਤੀ ਨੀਤੀ ਤਿਆਗੇ। ਇਸ ਨੂੰ ਅਜਿਹੇ ਰਾਜਸੀ ਕਦਮ ਚੁਕਣੇ ਚਾਹੀਦੇ ਹਨ ਜਿਹੜੇ ਇਸ ਨੂੰ ਅਤਿਵਾਦੀਆਂ ਵਿਰੁਧ ਲੜਾਈ ਦੇਣ, ਇਹਨਾਂ ਨੂੰ ਨਿਖੇੜਨ ਤੇ ਪੰਜਾਬ ਵਿਚ ਅਮਨ ਕਾਇਮ ਕਰਨ ਦੇ ਯੋਗ ਬਣ ਸਕਦੇ ਹਨ।"

ਪੰਨਾ 19 ਦੀ ਬਾਕੀ

ਇਮੀਗਰੇਸ਼ਨ ਤੇ ਨਸਲੀ ਰਿਸ਼ਤਿਆਂ ਸੰਬੰਧੀ ਸੋਚ ਤੇ ਨੀਤੀਆਂ।

ਇਸ ਤਰ੍ਹਾਂ ਦੀ ਲੋਕ ਵਿਰੋਧੀ ਸੋਚ ਨੂੰ ਲੋਕਾਂ ਵਿਚੋਂ ਨਿਖੇੜਨਾ ਤੇ ਭਾਂਜ ਦੇਣੀ ਜ਼ਰੂਰੀ ਹੈ। ਚਾਹੀਦਾ ਇਹ ਹੈ ਕਿ ਯੂ. ਬੀ. ਸੀ. ਦੇ ਵਿਦਿਆਰਥੀਆਂ ਤੇ ਅਧਿਆਪਕਾਂ ਅਤੇ ਵਕੀਲਾਂ ਨੂੰ ਭੀ ਇਸ ਬਿਆਨ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ ਕਿ ਇਹੋ ਜਿਹੇ ਬਿਆਨ ਸਹਿਣ ਨਹੀਂ ਕੀਤੇ ਜਾ ਸਕਦੇ। ਇਸ ਤੋਂ ਇਹ ਭੀ ਭਲੀ ਭਾਂਤ ਅੰਦਾਜ਼ਾ ਲੱਗ ਸਕਦਾ ਹੈ ਕਿ ਇਸ ਤਰ੍ਹਾਂ ਦੇ ਖਿਆਲ ਕਿੰਨੇ ਲੋਕਾਂ ਵਿਚ ਹਨ ਅਤੇ ਪਿੱਛੇ ਜਿਹੇ ਹੋਏ ਸਰਵੇਖਣਾਂ ਨੇ ਸਾਬਤ ਕੀਤਾ ਹੈ ਕਿ ਲੋਕਾਂ ਦੀ ਕਾਫੀ ਗਿਣਤੀ "ਚਿੱਟਾ" ਕੈਨੇਡਾ ਦੀ ਧਾਰਨੀ ਹੈ। ਕੀ ਇੰਗਲੈਂਡ ਦਾ ਪਾਵਲ ਭੀ ਅੰਗਰੇਜ਼ਾਂ ਦਾ ਘੱਟ ਗਿਣਤੀ ਵਿਚ ਰਹਿ ਜਾਣ ਦਾ ਨਾਅਰਾ ਨਹੀਂ ਸੀ ਲਾਉਂਦਾ? ਹੁਣ ਕੈਨੇਡਾ ਵਿਚ ਉਹ ਹੀ ਗੰਦਾ ਨਾਅਰਾ ਫਿਰ ਉਪਜਿਆ ਹੈ। ਇਸ ਨੂੰ ਹੁਣ ਹੀ ਸਮੇਂ ਸਿਰ ਭਾਂਜ ਦਿਉ ਨਹੀਂ ਤਾਂ ਇਹੋ ਜਿਹੀ ਸੋਚ.

ਭਾਰੂ ਹੋ ਕੇ ਇਮੀਗਰੇਸ਼ਨ ਵਿਚ ਰੰਗਦਾਰਾਂ ਲਈ ਹੋਰ ਸਖਤਾਈ ਅਤੇ ਹਿਊਮਨ ਰਾਈਟਸ ਐਕਟ ਨੂੰ ਕਮਜ਼ੋਰ ਕਰਨ ਲਈ ਹੋਰ ਖੋਰਾ ਲੱਗ ਸਕਦਾ ਹੈ। (ਖੈਰ ਬੀ ਸੀ ਵਿਚ ਤਾਂ ਹਿਊਮਨ ਰਾਈਟਸ ਕਾਨੂੰਨ ਦਾ ਇਕ ਕਿਸਮ ਦਾ ਭੋਗ ਪੈ ਚੁੱਕਾ ਹੈ)।

ਔੜ ਕਾਰਨ ਕਈ ਰੇਗਿਸਤਾਨੀ ਜਾਨਵਰਾਂ ਦੀਆਂ ਨਸਲਾਂ ਨੂੰ ਖਤਰਾ

ਜੋਧਪੁਰ — ਕੁਦਰਤ ਦੀ ਰਖਿਆ ਲਈ ਕੌਮਾਂਤਰੀ ਯੂਨੀਅਨ ਦੇ ਵੱਖ ਵੱਖ ਜੀਵਾਂ ਦੀਆਂ ਨਸਲਾਂ ਬਚਾਊ ਕਮਿਸ਼ਨ ਦੇ ਮੈਂਬਰ ਅਤੇ ਪ੍ਰਸਿੱਧ ਜੰਗਲੀ ਜਾਨਵਰਾਂ ਬਾਰੇ ਪਰਕਿਰਤੀ ਵਿਗਿਆਨੀ ਸ੍ਰੀ ਇੰਦਰ ਕੁਮਾਰ ਸ਼ਰਮਾ ਅਨੁਸਾਰ ਇਸ ਸਾਲ ਪਈ ਭਾਰੀ ਔੜ ਕਾਰਨ ਥਾਰ ਰੇਗਿਸਤਾਨ ਵਿਚ ਪਾਏ ਜਾਣ ਵਾਲੇ ਬਹੁਤ ਸਾਰੇ ਜੰਗਲੀ ਜੀਵਨ ਗਰੋਹਾਂ ਦੀ ਹੋਂਦ ਲਈ ਗੰਭੀਰ ਖਤਰਾ ਪੈਦਾ ਹੋ ਗਿਆ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਇਸ ਸਾਲ ਬਹੁਤ ਘੱਟ ਬਾਰਸ਼ ਹੋਣ ਕਾਰਨ ਘਾਹ ਅਤੇ ਦੂਸਰੀਆਂ ਮੌਸਮੀ ਝਾੜੀਆਂ ਤੇ ਘਾਹ ਦੀਆਂ ਨਸਲਾਂ ਬਹੁਤ ਹੀ ਘੱਟ ਉਗੀਆਂ ਤੇ ਵਧੀਆ ਫੁੱਲੀਆਂ ਹਨ, ਜਿਹਨਾਂ ਨੂੰ ਕੁਝ ਜਾਨਵਰ ਖਾ ਕੇ ਆਪਣੇ ਆਪ ਨੂੰ ਜਿਉਂਦਾ ਰਖਦੇ ਹਨ। ਇਸ ਕਾਰਨ ਬਹੁਤ ਸਾਰੇ ਘਾਅ ਆਦਿ ਤੇ ਜਿਊਣ ਵਾਲੇ ਜਾਨਵਰ ਜਿਵੇਂ ਐਂਟਪੋਲਜ ਬਲੈਕਬੱਕ, ਚਿੰਨਕਾਰਾ ਅਤੇ ਨਿਗਾਈ ਆਦਿ ਭੁੱਖੇ ਮਰ ਰਹੇ ਹਨ ਤੇ ਉਹਨਾਂ ਦੀ ਜੀਵਨ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ।





ਜਸਵੰਤ ਸਿੰਘ ਕੰਵਲ ਦਾ ਨਿਘਾਰ

—ਚੈਨ ਸਿੰਘ ਚੈਨ—

ਸ੍ਰੀ ਜਸਵੰਤ ਸਿੰਘ ਕੰਵਲ ਕਿਸੇ ਵੇਲੇ ਇਕ ਅਗਾਂਹ-ਵਧੂ ਸਾਹਿਤਕਾਰ ਸਨ, ਉਸ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਦੇ ਨੇੜੇ ਤੇੜੇ ਵੀ ਰਹਿ ਚੁਕੇ ਹਨ। ਪਰ ਕਿਤਨਾ ਬੜਾ ਦੁਖਾਂਤ ਹੈ ਕਿ ਉਹ ਪਿਛਾਂਹ ਨੂੰ ਹੀ ਖਿਸਕਦੇ ਚਲੇ ਗਏ ਹਨ ਅਤੇ ਅਜ ਉਹ ਫਿਰਕੂ ਸੋਚ ਦੇ ਧਾਰਨੀ ਵੀ ਹੋ ਗਏ ਹਨ, ਕਮਿਊਨਿਸਟ ਦੁਸ਼ਮਣੀ ਵਿਚ ਵੀ ਗ੍ਰਸੇ ਗਏ ਹਨ ਅਤੇ ਕਟੋ ਜਲੇ ਅਸਭਯ ਸ਼ਬਦਾਂ ਦੀ ਵਰਤੋਂ ਕਰਨਾ ਵੀ ਉਹਨਾਂ ਦਾ ਸੇਵਾ ਹੋ ਗਿਆ ਹੈ।

ਸੀ ਪੀ ਆਈ ਵਿਰੁਧ ਕਲਮ ਦੀ ਚੁੰਜ ਘਸਾਈ ਉਹ ਕਦੇ ਕਦੇ ਕਰਦੇ ਹੀ ਰਹਿੰਦੇ ਹਨ ਪਰ ਅਜੀਤ ਅੰਦਰ ਉਹਨਾਂ ਨੇ ਜੋ ਲੇਖ ਲਿਖਿਆ ਹੈ, ਉਸ ਵਿਚ ਉਹਨਾਂ ਆਪਣੀ ਰਾਜਸੀ ਗਿਰਾਵਟ ਨੂੰ ਬਹੁਤ ਬੁਰੀ ਤਰ੍ਹਾਂ ਬੇਨਕਾਬ ਕੀਤਾ ਹੈ।

ਸ੍ਰੀ ਕੰਵਲ ਦਾ ਪੈਂਡਾ ਇਤਨਾ ਉਖੜ ਚੁਕਾ ਹੈ ਕਿ ਉਹਨਾਂ ਨੂੰ ਇਹ ਨਹੀਂ ਪਤਾ ਲਗਦਾ ਕਿ ਉਹ ਪਹਿਲਾਂ ਕੀ ਲਿਖ ਆਏ ਹਨ ਤੇ ਹੁਣ ਕੀ ਲਿਖ ਰਹੇ ਹਨ। ਇਸ ਤਰ੍ਹਾਂ ਉਹ ਆਪਣੀ ਗੱਲ ਨੂੰ ਆਪੇ ਕੱਟ ਲੈਂਦੇ ਹਨ। ਇਸੇ ਲੇਖ ਵਿਚੋਂ ਦੋ ਮਿਸਾਲਾਂ ਮੌਜੂਦ ਹਨ। ਪਹਿਲਾਂ ਉਹਨਾਂ ਲਿਖਿਆ ਕਿ "ਪੰਜਾਬ ਆਪਣੀ ਕੌਮੀ ਆਜ਼ਾਦੀ ਲਈ ਜਦੋ ਜਹਿਦ ਕਰ ਰਿਹਾ ਹੈ", ਪਰ ਅਗੇ ਚਲਕੇ ਉਹ ਲਿਖ ਦਿੰਦੇ ਹਨ ਕਿ ਆਪਣਾ ਘਰ ਬਨਾਉਣ ਵਾਲੇ ਸਿਖਾਂ ਨੂੰ ਸੀ. ਪੀ. ਆਈ. ਵੱਖਵਾਦੀ ਗਰਦਾਨਦੀ ਹੈ। ਕਿਥੇ ਪੰਜਾਬ ਦੀ ਕੌਮੀ ਆਜ਼ਾਦੀ ਦੀ ਗੱਲ ਕਿਥੇ ਸਿਖਾਂ ਦੇ ਆਪਣੇ ਘਰ ਬਨਾਉਣ ਦੀ ਬਾਤ ਪਹਿਲੀ ਗੱਲ ਵੀ ਭਾਵੇਂ ਗਲਤ ਸੋਚਦਾ ਪ੍ਰਗਟਾਵਾ ਹੈ ਪਰ ਉਸ ਵਿਚ ਸਾਰੇ ਪੰਜਾਬੀਆਂ ਦੀ ਇਕਮੁਠਤਾ ਤਾਂ ਦਿਸਦੀ ਹੈ। ਪੰਜਾਬੀਅਤ ਤਾਂ ਨਜ਼ਰ ਆਉਂਦੀ ਹੈ ਜਦ ਕਿ ਸਿਖਾਂ ਦੇ ਘਰ ਦੀ ਗੱਲ ਪੰਜਾਬੀਆਂ ਨੂੰ ਹਿੰਦੂ, ਸਿਖ ਵਿਚ ਵੰਡਣ ਦੀ ਸੋਚ ਦੀ ਪੈਦਾਵਾਰ ਹੈ।

ਪਹਿਲਾਂ ਕੰਵਲ ਹੋਰੀਂ ਲਿਖਦੇ ਹਨ ਕਿ "ਜਿਥੋਂ ਤਕ ਬੇਗੁਨਾਹਾਂ ਨੂੰ ਮਾਰਨ ਦਾ ਤੁਅੱਲਕ ਹੈ, ਤਕਰੀਬਨ ਸਾਰੇ ਸਿਖਾਂ ਨੇ ਇਸ ਦੀ ਪੂਰੇ ਜ਼ੋਰ ਨਾਲ ਨਿੰਦਾ ਕੀਤੀ ਹੈ। ਪਰ ਅਗੇ ਚਲ ਕੇ ਉਹ ਬੇਗੁਨਾਹਾਂ ਦੇ ਕਾਤਲਾਂ ਨੂੰ ਹੱਕੀ ਠਹਿਰਾਉਂਦੇ ਹਨ ਇਹ ਲਿਖਕੇ ਕਿ "ਕਿਸੇ ਨੂੰ ਉਹਦੇ ਘਰ ਵਿਚ ਹੀ ਮਾਰਿਆ ਜਾਵੇ, (ਤਾਂ ਕੀ) ਵਿਰੋਧ ਵਿਚ ਉਹ ਕੁਝ ਨਹੀਂ ਕਰੇਗਾ ?"

"ਸਿਖਾਂ ਦੇ ਆਪਣਾ ਘਰ ਬਨਾਉਣ" ਦੀ ਗੱਲ ਬਹੁਤ ਸਾਰੇ ਸਵਾਲ ਖੜ੍ਹੇ ਕਰਦੀ ਹੈ, ਕੀ ਸਿਖਾਂ ਦਾ ਇਸ ਵੇਲੇ ਕੋਈ ਘਰ ਨਹੀਂ ? ਉਹ ਪੰਜਾਬ ਵਿਚ ਤਾਂ ਬਹੁਗਿਣਤੀ ਵਿਚ ਹਨ ਹੀ ਪਰ ਕੀ ਉਹ ਸਾਰੇ ਭਾਰਤ ਵਿਚ ਚੰਗੇ ਕਾਰੋਬਾਰ ਕਰਨ ਵਾਲੇ ਵਧੀਆ ਸ਼ਹਿਰੀ ਨਹੀਂ ਹਨ ? ਕੀ ਸਾਰਾ ਭਾਰਤ ਉਹਨਾਂ ਦਾ ਘਰ ਨਹੀਂ ? ਜੇ ਕੋਈ ਇਕ ਫਿਰਕੇ ਦੇ ਕਿਸੇ ਥਾਂਹ ਬਹੁਗਿਣਤੀ ਹੋਣ ਨੂੰ ਹੀ ਉਸ ਦਾ ਘਰ ਸਮਝਦਾ ਹੈ ਤਾਂ ਪੰਜਾਬ ਸਿਖਾਂ ਦਾ ਘਰ ਹੈ ਹੀ। ਪਰ ਜਾਪਦਾ ਇਹ ਹੈ ਕਿ ਕੰਵਲ ਸਾਹਿਬ ਵਰਗਿਆਂ ਦੀ ਤਸੱਲੀ ਤਾਂ ਹੁੰਦੀ ਹੈ ਜੇ ਪੰਜਾਬ ਵਿਚ ਸਿਖਾਂ ਤੋਂ ਬਗੈਰ ਹੋਰ ਕੋਈ ਨਾ ਰਹੇ ਜਾਂ ਘੱਟੋ ਘੱਟ ਤਾਕਤ ਵਿਚ ਹਿਸੇਦਾਰ ਨਾ ਹੋਵੇ। ਉਹ ਕੁਝ ਸਿਰਫਿਰਿਆਂ ਦਾ ਖਬਤ ਹੈ ਜਿਹਨਾਂ ਅੰਦਰ ਨਾ ਭਾਰਤੀਅਤ ਹੈ ਨਾ ਪੰਜਾਬੀਅਤ। ਇਹ ਆਮ ਸਿਖ ਭਾਈਚਾਰੇ ਦੀ ਮੰਗ ਨਹੀਂ ਹੈ। ਨਾ ਸਿਖ ਵਖਵਾਦੀ ਹਨ, ਨਾ ਸੀ. ਪੀ. ਆਈ. ਉਹਨਾਂ ਨੂੰ ਵੱਖਵਾਦੀ ਸਮਝਦੀ ਹੈ ਅਤੇ ਨਾ ਸਿਖਾਂ ਨੇ ਕੰਵਲ ਵਰਗਿਆਂ ਦੇ ਆਖੇ ਲੱਗ ਕੇ ਅਤਿਵਾਦੀ ਬਨਣਾ ਹੈ।

ਜਦ ਕੰਵਲ ਸਾਹਿਬ ਲਿਖਦੇ ਹਨ ਕਿ "ਪੰਜਾਬ ਆਪਣੀ ਕੌਮੀ ਆਜ਼ਾਦੀ ਲਈ ਜਦੋ ਜਹਿਦ ਕਰ ਰਿਹਾ ਹੈ", ਤਾਂ ਉਹ ਆਪਣੀ ਵੱਖਵਾਦੀ ਸੋਚ ਦਾ ਹੀ ਰੱਜ ਕੇ ਪ੍ਰਗਟਾ ਕਰਦੇ ਹਨ। ਆਪਣੇ ਖੇਤਰੀ ਹੱਕਾਂ ਤੇ ਇਨਸਾਫ ਲਈ ਸੰਤੁਲਤ ਲੜਾਈ ਲੜਨਾ ਹੋਰ ਗੱਲ ਹੈ ਪਰ ਕੌਮੀ ਆਜ਼ਾਦੀ ਦੀ ਲੜਾਈ ਦਾ ਅਰਥ ਇਸ ਤੋਂ ਬਿਲਕੁਲ ਵੱਖਰਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਕੀ ਕੰਵਲ ਹੋਰੀਂ ਪੰਜਾਬੀਆਂ ਨੂੰ ਇਕ ਕੌਮ ਮੰਨਦੇ ਵੀ ਹਨ। ਜੇ ਏਥੇ ਉਹ "ਸਿਖਾਂ ਦਾ ਘਰ" ਬਨਾਉਣਾ ਲੋਚਦੇ ਹਨ ਤਾਂ ਪੰਜਾਬੀ ਕੌਮ ਵਾਲੇ ਵਿਚਾਰ ਦਾ ਕੀਰਤਨ ਸੋਹਲਾ ਤਾਂ ਪੜ੍ਹਿਆ ਗਿਆ। ਦੂਜੀ ਗੱਲ ਇਹ ਹੈ ਕਿ ਭਾਰਤ ਦੇ ਲੋਕਾਂ ਨੇ ਆਪਣੀ ਕੌਮੀ ਆਜ਼ਾਦੀ ਦੇ ਲੰਮੇ ਇਤਿਹਾਸਕ ਸੰਗਰਾਮ ਵਿਚ ਸਾਰੇ ਭਾਰਤੀਆਂ ਨੂੰ ਇਕ ਕੌਮ ਵਿਚ ਢਾਲਿਆ ਤੇ ਮੰਨਿਆ ਹੈ। ਇਹ ਠੀਕ ਹੈ ਕਿ ਭਾਰਤ ਇਕ ਉਪ ਮਹਾਂਦੀਪ ਹੈ ਅਤੇ ਇਸ ਦੇ ਅੰਦਰ ਵੱਖ ਵੱਖ ਭਾਸ਼ਾਵਾਂ ਤੇ ਸਭਿਆਚਾਰ ਹੋਣ ਕਰਕੇ ਅਨੇਕਾਂ ਕੌਮੀਅਤਾਂ ਮੌਜੂਦ ਹਨ ਜਿਨ੍ਹਾਂ ਦੇ ਵਿਕਾਸ ਦੇ ਹਕੀਕੀ ਮਸਲੇ ਮੌਜੂਦ ਹਨ ਪਰ ਅਸੀਂ ਇਸ ਨੂੰ ਸਮੁੱਚੀ ਭਾਰਤੀ ਕੌਮ ਦੀ ਉਸਾਰੀ ਇਤਿਹਾਸਕ ਏਕਤਾ ਦੇ ਘੇਰੇ ਵਿਚ ਹੀ ਰਖ ਕੇ ਵੇਖਦੇ ਹਾਂ। ਪੰਜਾਬ ਦੀ "ਕੌਮੀ ਆਜ਼ਾਦੀ" ਦਾ ਤੁਸੱਵਰ ਇਸ ਵਿਚਾਰ ਤੋਂ ਪੈਦਾ ਹੁੰਦਾ ਹੈ ਕਿ ਕੇਂਦਰ ਸਰਕਾਰ ਇਕ ਵਿਦੇਸ਼ੀ ਸਾਮਰਾਜ ਹੈ ਅਤੇ ਭਾਰਤ ਅਨੇਕਾਂ ਕੌਮਾਂ ਦਾ ਜੇਲ੍ਹਖਾਨਾ ਹੈ। ਇਹ ਵਿਚਾਰ ਸੁਤੇਸਿਧ ਪੰਜਾਬ ਨੂੰ ਇਕ ਆਜ਼ਾਦ ਦੇਸ਼ ਬਨਾਉਣ ਵੱਲ ਨੂੰ ਜਾਂਦਾ ਹੈ ਅਤੇ ਜਿਹੜਾ ਵਿਅਕਤੀ ਪੰਜਾਬ ਦੀ ਆਜ਼ਾਦੀ ਦੀ ਗੱਲ ਨੂੰ ਸਿਖਾਂ ਦੇ ਘਰ ਦੀ ਸ਼ਕਲ ਵਿਚ ਦੇਖਦਾ ਹੈ ਉਹ ਹੌਲੀ ਸਹਿਜੇ ਉਸੇ ਪੰਗਤੀ ਵਿਚ ਜਾ ਬੈਠਦਾ ਹੈ ਜਿਹੜੀ "ਹਿੰਦੂ ਸਾਮਰਾਜ ਤੋਂ ਸਿਖ ਕੌਮ ਨੂੰ ਆਜ਼ਾਦ ਕਰਾਉਣ" ਅਰਥਾਤ ਖਾਲਿਸਤਾਨ ਸਥਾਪਤ ਕਰਨ ਦਾ ਮਾਣ ਕਰ ਰਹੀ ਹੈ।

ਕੰਵਲ ਸਾਹਿਬ ਭੜਕਾਊ ਗੱਲਾਂ ਕਰਕੇ ਗੁੰਮਰਾਹ ਹੋਏ ਲੋਕਾਂ ਨੂੰ ਹੋਰ ਪੁਠੇ ਰਾਹੇ ਪੈਣ ਲਈ ਉਤੇਜਤ ਕਰਨ ਲਗੇ ਹੋਏ ਹਨ। ਇਸ ਤਰ੍ਹਾਂ ਉਹ ਭੜਕੇ ਜਜ਼ਬਾਤ ਵਾਲੇ ਅਲ੍ਹੜ ਨੌਜਵਾਨਾਂ ਨੂੰ ਮਰਨ ਮਾਰਨ ਦੇ ਰਾਹੇ ਤੋਰਦੇ ਹਨ। ਜੇ ਉਹਨਾਂ ਅੰਦਰ ਸਚਮੁਚ ਇਤਨੀ ਤੜਫਾਟ ਹੁੰਦੀ ਤਾਂ ਉਹ ਆਪ ਮੈਦਾਨੇ ਉਤਰਦੇ, ਧੌਲਰੀ ਬੈਠ ਚੰਗੇ ਡਾਕਟਰੀ ਮਸ਼ਵਰਿਆਂ ਹੇਠ ਆਰਾਮ ਨਾ ਫਰਮਾ ਰਹੇ ਹੁੰਦੇ। ਹੁਣ ਤਾਂ ਉਹ "ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ" ਦੇ ਉਪਦੇਸ਼ ਤੱਕ ਹੀ ਆਪਣੇ ਆਪ ਨੂੰ ਸੀਮਤ ਰੱਖਦੇ ਹਨ।

● ਉਹ ਆਖਦੇ ਹਨ ਕਿ "ਖਾਲਿਸਤਾਨ ਸਿੱਖਾਂ ਦੇ ਹੱਕ ਵਿਚ ਨਹੀਂ ਪਰ ਇੰਦਰਾ ਗਾਂਧੀ ਨੇ ਅਕਾਲ ਤਖਤ ਢਾਹ ਕੇ ਉਸ ਦੀ ਨੀਂਹ ਜ਼ਰੂਰ ਰੱਖ ਦਿੱਤੀ ਹੈ।" ਅਸੀਂ ਪਹਿਲਾਂ ਦਸ ਚੁਕੇ ਹਾਂ ਕਿ ਉਹ ਜਜ਼ਬਾਤੀ ਰੌਂ ਵਿਚ ਆਪੇ ਲਿਖ ਲੈਂਦੇ ਹਨ ਤੇ ਅਗਲੇ ਸਾਹੇ ਉਸਨੂੰ ਆਪੇ ਕਟ ਦਿੰਦੇ ਹਨ।

● ਉਹਨਾਂ ਪਹਿਲਾਂ ਤਾਂ ਬਿਲਕੁਲ ਸਹੀ ਸ਼ਬਦ ਆਖ ਦਿੱਤੇ ਕਿ ਖਾਲਿਸਤਾਨ ਸਿਖਾਂ ਦੇ ਹੱਕ ਵਿਚ ਨਹੀਂ ਤੇ ਫੇਰ ਆਖਿਆ ਕਿ ਇੰਦਰਾ ਗਾਂਧੀ ਨੇ ਉਸ ਦੀ ਨੀਂਹ ਜ਼ਰੂਰ ਰਖ ਦਿੱਤੀ ਹੈ। ਜਿਹੜੀ ਗੱਲ ਸਿੱਖਾਂ ਦੇ ਹੱਕ ਵਿਚ ਹੀ ਨਹੀਂ ਉਸਦੀ ਨੀਂਹ ਕੋਈ ਰਖਦਾ ਫਿਰਦੇ, ਸਿੱਖਾਂ ਨੂੰ ਉਸ 'ਤੇ ਮਹਿਲ ਉਸਾਰਨ ਦੀ ਕੀ ਗਰਜ਼ ਹੈ। ਕੋਈ ਭੜਕਾਹਟ ਦਿੰਦਾ ਫਿਰੇ, ਸਿਖ ਆਪਣੇ ਪੈਰੀਂ ਆਪ ਕੁਹਾੜਾ ਕਿਉਂ ਮਾਰਨਗੇ। ਵੈਸੇ ਤਾਂ ਇਹ ਨੀਂਹ ਰੱਖਣ ਵਾਲੀ ਗੱਲ ਐਵੇਂ ਰੋਸ ਵਜੋਂ ਆਖੀ ਜਾਂਦੀ ਹੈ। ਅਸਲੀਅਤ ਇਹ ਹੈ ਕਿ ਇੰਦਰਾ ਗਾਂਧੀ ਨੇ ਨੀਲਾ ਤਾਰਾ ਅਪਰੇਸ਼ਨ ਇਹ ਖਤਰਾ ਭਾਸ ਕੇ ਕੀਤਾ ਸੀ ਕਿ ਦਰਬਾਰ ਸਾਹਿਬ ਤੋਂ ਸਰਕਾਰ ਦੀ ਹੋਂਦ ਨੂੰ ਚੈਲਿੰਜ ਕੀਤਾ ਜਾ ਰਿਹਾ ਹੈ। ਅਰਥਾਤ ਉਥੇ ਵਖਰੇ ਖਾਲਿਸਤਾਨ ਦੀ ਨੀਂਹ ਰੱਖੀ ਜਾ ਰਹੀ ਹੈ। ਉਸ ਸਮੇਂ ਅਤਿਵਾਦੀਆਂ ਨੇ ਦਰਬਾਰ ਸਾਹਿਬ ਨੂੰ ਧਰਮਸਥਾਨ ਦੀ ਥਾਂ ਸਰਕਾਰ ਵਿਰੁਧ ਇਕ ਵੱਖਰੀ ਅਥਾਰਟੀ ਦਾ ਕਿਲ੍ਹਾ ਬਣਾ ਲਿਆ ਸੀ। ਇਹ ਗੱਲ ਤਾਂ ਠੀਕ ਹੈ ਕਿ ਅਕਾਲ ਤਖਤ ਸਾਹਿਬ ਭਾਰਤੀ ਫੌਜਾਂ ਦੇ ਟੈਂਕ ਦੇ ਗੋਲਿਆਂ ਨਾਲ ਢੱਠਾ ਪਰ ਦੋ ਗੱਲਾਂ ਹੋਰ ਵੀ ਵਾਚਣੀਆਂ ਜ਼ਰੂਰੀ ਹਨ ਜੇ ਅਤਿਵਾਦੀ ਦਰਬਾਰ ਸਾਹਿਬ ਵਿਚ ਹਥਿਆਰ ਲਿਆ ਕੇ ਮੋਰਚਾਬੰਦੀ ਕਰਕੇ ਉਹੋ ਜਿਹੀ ਲੜਾਈ ਨਾ ਕਰਦੇ ਤਾਂ ਟੈਂਕ ਵਰਤਣ ਦੀ ਲੋੜ ਹੀ ਨਹੀਂ ਸੀ ਪੈਣੀ। ਦੂਜੇ ਜੇ ਫੌਜ ਦੇ ਅਲਟੀਮੇਟਮ ਉਤੇ ਆਪਣੇ ਆਪ ਨੂੰ ਫੌਜ ਹਵਾਲੇ ਕਰ ਦਿੱਤਾ ਜਾਂਦਾਂ ਤਾਂ ਵੀ ਅਕਾਲ ਤਖਤ ਸਾਹਿਬ ਦਾ ਕੋਈ ਨੁਕਸਾਨ ਨਹੀਂ ਸੀ ਹੋਣਾ। ਜੇ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਦਰਬਾਰ ਸਾਹਿਬ ਦੀ ਹਾਨੀ ਨਾ ਹੋਣ ਦੇਣ ਲਈ ਲੜਾਈ ਵਾਸਤੇ ਬਾਹਰ ਚਲੇ ਗਏ ਸਨ ਤਾਂ ਸੰਤ ਭਿੰਡਰਾਂਵਾਲੇ ਵੀ ਅਜਿਹਾ ਕਰ ਸਕਦੇ ਸਨ, ਹੁਣ ਜਥੇਦਾਰ ਦਰਸ਼ਨ ਸਿੰਘ ਤੇ ਮੁਖ ਗਰੰਥੀਆਂ ਨੇ ਆਦੇਸ਼ ਦਿੱਤਾ ਹੈ ਕਿ ਕੋਈ ਇਸ਼ਤਿਹਾਰੀ ਦਰਬਾਰ ਸਾਹਿਬ ਅੰਦਰ ਨਾ ਹੋਵੇ ਅਤੇ ਨਾ ਕੋਈ ਸਿਆਸੀ ਕਾਰਵਾਈਆਂ ਕੀਤੀਆਂ ਜਾਣ ਤਾਂ ਕੀ ਇਹੋ ਗੱਲ ਸੰਤ ਭਿੰਡਰਾਂਵਾਲੇ ਨਹੀਂ ਸੀ ਕਰ ਸਕਦੇ ? ਉਦੋਂ ਦਰਬਾਰ ਸਾਹਿਬ ਅੰਦਰ ਕਤਲ ਵੀ ਹੁੰਦੇ ਸਨ, ਹਥਿਆਰਾਂ ਦੇ ਅੰਬਾਰ ਵੀ ਲਗੇ ਤੇ ਮੋਰਚੇਬੰਦੀਆਂ ਵੀ ਹੋਈਆਂ। ਇਸ ਤਰ੍ਹਾਂ ਦਰਬਾਰ ਸਾਹਿਬ ਦੀ ਹਾਨੀ ਦੀ ਜ਼ਿਮੇਵਾਰੀ ਤੋਂ ਅਤਿਵਾਦੀ ਭੱਜ ਨਹੀਂ ਸਕਦੇ। ਇੰਦਰਾ ਗਾਂਧੀ ਸਿਰ ਜ਼ਿਮੇਵਾਰੀ ਪਾਓ ਪਰ ਹਿੱਸੇ ਆਉਂਦੀ ਜ਼ਿਮੇਵਾਰੀ ਅਤਿਵਾਦੀਆਂ ਸਿਰ ਵੀ ਦਿਓ।

● ਰਹੀ ਗੱਲ ਕਮਿਊਨਿਸਟਾਂ ਦੇ ਬਿਆਨ ਦੀ। ਉਹਨਾਂ ਇਹ ਕਦੇ ਨਈਂ ਆਖਿਆ ਕਿ ਇਹ ਅਪਰੇਸ਼ਨ ਪਹਿਲਾਂ ਹੋਣਾ ਚਾਹੀਦਾ। ਇਹ ਗੱਲ ਜ਼ਰੂਰ ਆਖੀ ਕਿ ਸਰਕਾਰ ਦਾ ਪਹਿਲਾਂ ਸੰਤ ਭਿੰਡਰਾਂਵਾਲੇ ਨੂੰ ਚੁਕਣਾ ਤੇ ਫੇਰ ਉਸਨੂੰ ਹਥਿਆਰਬੰਦ ਹੋਣ ਦੇਣਾ ਗਲਤ ਸੀ।

ਬਲਿਊ ਸਟਾਰ ਅਪਰੇਸ਼ਨ ਬਾਰੇ ਕਮਿਊਨਿਸਟ ਪਾਰਟੀ ਨੇ ਸਪਸ਼ਟ ਆਖਿਆ ਹੈ ਕਿ ਇਸ ਅਪਰੇਸ਼ਨ ਦੀ ਨੌਬਤ ਹੀ ਨਹੀਂ ਸੀ ਆਉਣੀ ਜੇ ਪੰਜਾਬ ਦੇ ਮਸਲੇ ਨੂੰ ਲਟਕਾਇਆ ਨਾ ਜਾਂਦਾ ਸਗੋਂ ਵੇਲੇ ਸਿਰ ਹੱਲ ਕੀਤਾ ਜਾਂਦਾ।

● ਗੱਲ ਮੁੜ 'ਸਿਖਾਂ ਦੇ ਘਰ" ਦੀ। ਇਹ ਗੱਲ ਠੀਕ ਹੈ ਕਿ 1945 ਵਿਚ ਕਮਿਊਨਿਸਟ ਪਾਰਟੀ ਨੇ ਪਾਕਿਸਤਾਨ ਤੇ ਨਾਲ ਹੀ ਸਿਖ ਦੇਸ਼ ਭੂਮੀਆਂ ਦੇ ਹੱਕ ਵਿਚ ਲਿਖਿਆ ਸੀ। ਇਹ ਦੇਖ ਕੇ ਕਿ ਜਿਨਾਹ ਸਾਹਿਬ ਪਾਕਿਸਤਾਨ ਤੋਂ ਉਰੇ ਖੜੋਣ ਲਈ ਤਿਆਰ ਨਹੀਂ, ਬਰਤਾਨਵੀ ਹਾਕਮ ਕਾਂਗਰਸ ਤੇ ਮੁਸਲਿਮ ਲੀਗ ਵਿਚਕਾਰ ਅਸਹਿਮਤੀ ਦਾ ਬਹਾਨਾ ਬਣਾ ਕੇ ਤਾਕਤ ਛੱਡਣ ਤੋਂ ਇਨਕਾਰੀ ਹਨ ਅਤੇ ਮੁਸਲਿਮ ਲੀਗ ਮੁਸਲਮਾਨਾਂ ਨੂੰ ਭੜਕਾ ਕੇ ਦੰਗਿਆਂ ਦੀ ਹਾਲਤ ਪੈਦਾ ਕਰ ਰਹੀ ਹੈ। ਕਮਿਊਨਿਸਟ ਪਾਰਟੀ ਨੇ ਛੇਤੀ ਆਜ਼ਾਦੀ ਹਾਸਲ ਕਰਨ ਅਤੇ ਜਿਵੇਂ ਤੇ ਜਿਹੋ ਜਿਹੀ ਆਜ਼ਾਦੀ ਮਿਲਦੀ ਹੈ, ਲੈ ਲੇਣ ਦੇ ਵੇਗ ਵਿਚ ਪਾਕਿਸਤਾਨ ਅਤੇ ਨਾਲ ਲਗਦਿਆਂ "ਸਿਖ ਦੇਸ਼ਭੂਮੀਆਂ" ਦੀ ਹਮਾਇਤ ਕੀਤੀ ਸੀ। ਖਿਆਲ ਇਹ ਸੀ ਕਿ ਪਾਕਿਸਤਾਨ ਤੇ ਭਾਰਤ ਇਕੋ ਮੁਢ ਤੋਂ ਹੋਣ ਕਰਕੇ ਸੁਲਾਹ-ਸਫਾਈ ਨਾਲ ਰਹਿਣਗੇ ਤੇ ਸ਼ਾਇਦ ਮੁੜ ਏਕੀਕਰਨ ਦਾ ਰਾਹ ਵੀ ਖੁਲ੍ਹ ਜਾਵੇ। ਪਰ ਜਦ ਕਮਿਊਨਿਸਟ ਪਾਰਟੀ ਨੇ ਦੇਖਿਆ ਕਿ ਬਰਤਾਨਵੀ ਸਾਮਰਾਜੀਏ ਹਿੰਦੂ ਤੇ ਮੁਸਲਮਾਨਾਂ ਦੇ ਆਪਸੀ ਕਤਲਾਮ ਦੀ ਹਾਲਤ ਪੈਦਾ ਕਰ ਰਹੇ ਹਨ ਤੇ ਬਨਣ ਵਾਲੇ ਪਾਕਿਸਤਾਨ ਨੂੰ ਭਾਰਤ ਦਾ ਵੈਰੀ ਬਣਾ ਕੇ ਰੱਖਣ ਦੀ ਸਾਜ਼ਿਸ਼ ਕਰ ਰਹੇ ਹਨ ਤਾਂ ਕਮਿਊਨਿਸਟ ਪਾਰਟੀ ਨੇ ਪਾਕਿਸਤਾਨ ਬਣਾਉਣ ਦੀ ਹਮਾਇਤ ਤੋਂ ਪੈਰ ਪਿਛੇ ਖਿਚ ਲਏ ਸਨ। ਪਾਰਟੀ ਨੇ ਆਪਣੀ ਗਲਤੀ ਨੂੰ ਉਸ ਸਮੇਂ ਪਬਲਿਕ ਵਿਚ ਮੰਨ ਲਿਆ ਸੀ ਤੇ ਫੇਰ ਵੰਡ ਕਾਂਗਰਸੀ ਆਗੂਆਂ ਦੀ ਸਹਿਮਤੀ ਨਾਲ ਹੋਈ।

ਜਦ ਪਾਰਟੀ ਨੇ ਧਰਮ ਦੇ ਆਧਾਰ ਤੇ ਵੰਡ ਕਰਨ ਦੀ ਗਲਤੀ ਨੂੰ ਉਸ ਸਮੇਂ ਹੀ ਮੰਨ ਲਿਆ ਸੀ ਤਾਂ ਉਹੋ ਗਲਤੀ ਪਾਰਟੀ ਮੁੜ ਕਿਉਂ ਕਰੇ ? ਕੰਵਲ ਸਾਹਿਬ ਹੁਣ ਉਹੋ ਜਿਹੀ ਗਲਤੀ ਕਰਨ ਲਈ ਕਮਿਊਨਿਸਟਾਂ ਉਤੇ ਜ਼ੋਰ ਕਿਉਂ ਪਾ ਰਹੇ ਹਨ ਜਦਕਿ ਬਾਦ ਤੇ ਤਜਰਬੇ ਨੇ ਦਸ ਦਿਤਾ ਕਿ ਪਾਕਿਸਤਾਨ ਬਨਣ ਨਾਲ ਉਥੇ ਦੇ ਮੁਸਲਮਾਨਾਂ ਨੂੰ ਕੁਝ ਨਹੀਂ ਮਿਲਿਆ ਸਗੋਂ ਉਹ ਹਰ ਕਿਸਮ ਦੀ ਜਮਹੂਰੀ ਆਜ਼ਾਦੀ ਤੋਂ ਵਿਰਵੇ ਹਨ, ਫੇਰ ਪੱਛਮੀ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ ਨੂੰ ਗੁਲਾਮ ਰੱਖਣ ਦਾ ਯਤਨ ਕੀਤਾ ਤੇ ਉਹ ਵੱਖਰਾ ਬੰਗਲਾ ਦੇਸ਼ ਬਣ ਗਿਆ। ਪਾਕਿਸਤਾਨ ਅੱਜ ਸਾਮਰਾਜੀਆਂ ਦੇ ਢਹੇ ਚੜ੍ਹਿਆ ਦੱਖਣੀ ਏਸ਼ੀਆ ਅੰਦਰ ਅਮਨ ਲਈ ਭਾਰੀ ਖਤਰਾ ਬਣਿਆ ਹੋਇਆ।

ਪਾਕਿਸਤਾਨ ਬਨਣ ਨਾਲ ਸਭ ਤੋਂ ਵੱਡੀ ਸੱਟ ਪੰਜਾਬੀਆਂ ਤੇ ਬੰਗਾਲੀਆਂ ਉਤੇ ਪਈ ਦੋ ਉਜੜੇ ਵੀ ਤੇ ਦੋ ਟੋਟੇ ਵੀ ਹੋਏ। ਖਾਲਿਸਤਾਨ ਬਨਣ ਨਾਲ ਪੰਜਾਬੀਆਂ ਦਾ ਕੁਝ ਵੀ ਨਹੀਂ ਰਹਿਣਾ। ਉਦੋਂ ਜਿਨਾਹ ਨੂੰ ਬਰਤਾਨਵੀ ਸਾਮਰਾਜੀਆਂ ਦੀ ਚੁਕ ਤੇ ਮਦਦ ਸੀ। ਹੁਣ ਖਾਲਿਸਤਾਨੀਆਂ ਨੂੰ ਅਮਰੀਕੀ ਤੇ ਹੋਰ ਸਾਮਰਾਜੀਆਂ ਤੇ ਉਹਨਾਂ ਦੇ ਹੱਥਠੋਕੇ ਪਾਕਿਸਤਾਨ ਦੀ ਚੁਕ ਤੇ ਮੱਦਦ ਹੈ। ਪਰ ਯਾਦ ਰਖੋ ਹੁਣ ਭਾਰਤ ਗੁਲਾਮ ਨਹੀਂ, ਇਕ ਆਜ਼ਾਦ ਦੇਸ਼ ਹੈ। ਜਿਹੜਾ ਪਾਕਿਸਤਾਨ ਆਪਣੇ ਹਿਸੇ ਪੂਰਬੀ ਪਾਕਿਸਤਾਨ ਨੂੰ ਨਹੀਂ ਸਾਂਭ ਸਕਿਆ ਉਹ ਕਿਸੇ ਨੂੰ ਖਾਲਿਸਤਾਨ ਲੈ ਕੇ ਦੇਣ ਜੋਗਾ ਕਿਥੋਂ ਹੈ ?

● ਕੰਵਲ ਸਾਹਿਬ ਆਖਣਗੇ ਕਿ ਉਹ ਤਾਂ ਖਾਲਿਸਤਾਨ ਮੰਗਦਾ ਹੀ ਨਹੀਂ। ਉਹ ਤਾਂ "ਭਾਰਤ ਦੀ ਏਕਤਾ ਵਿਚ" ਸਿਖਾਂ ਦਾ ਘਰ ਬਨੌਣ ਦੀ ਗੱਲ ਕਰਦੇ ਹਨ। ਫੇਰ ਉਹ ਇਏ ਵੀ ਆਖਣਗੇ ਕਿ ਉਹ ਪੰਜਾਬੀ ਕੌਮ ਲਈ ਘਰ ਮੰਗਦੇ ਹਨ ਪਰ ਉਨ੍ਹਾਂ ਦੇ ਅੰਦਰ ਦੀ ਸਾਰੀ ਗੱਲ ਇਸ ਫਿਕਰੇ ਵਿਚ ਆ ਜਾਂਦੀ ਹੈ ਕਿ "ਇਹ ਗੱਲ ਸਪਸ਼ਟ ਹੈ ਕਿ ਜਿਹੜੇ ਪੰਜਾਬੀ ਜ਼ਬਾਨ ਨੂੰ ਨਹੀਂ ਮੰਨਦੇ, ਪੰਜਾਬੀ ਕੌਮ ਦਾ ਹਿਸਾ ਨਹੀਂ ਬਣ ਸਕਦੇ।" ਸੋ ਕੰਵਲ ਸਾਹਿਬ ਅਮਲੀ ਤੌਰ ਉਤੇ ਹਿੰਦੂਆਂ ਨੂੰ ਪੰਜਾਬੀ ਕੌਮ ਦਾ ਹਿਸਾ ਨਹੀਂ ਮੰਨਦੇ। ਉਹ ਕੇਵਲ ਸਿੱਖਾਂ ਨੂੰ ਹੀ ਪੰਜਾਬੀ ਸਮਝਦੇ ਹਨ। ਇਸ ਤਰ੍ਹਾਂ

(ਬਾਕੀ ਪੰਨਾ 22 'ਤੇ)

ਖਾਲਿਸਤਾਨ ਬਾਰੇ ਸਪਸ਼ਟ ਸਟੈਂਡ ਲੈਣ ਦੀ ਸਲਾਹ

ਜਲੰਧਰ, (ਯੂ. ਐਨ. ਆਈ.) - ਵਿਸ਼ਵ ਹਿੰਦੂ ਪ੍ਰੀਸ਼ਦ ਦੀ ਪੰਜਾਬ ਇਕਾਈ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲੀਡਰਸ਼ਿਪ ਨੇ 'ਖਾਲਿਸਤਾਨ' ਅਤੇ ਅਤਿਵਾਦ ਬਾਰੇ ਆਪਣਾ ਸਟੈਂਡ ਸਪਸ਼ਟ ਨਾ ਕੀਤਾ ਤਾਂ ਪੰਜਾਬ ਵਿਚ ਬਦਅਮਨੀ ਅਤੇ ਸਿੱਖਾਂ ਵਿਚ ਮਤਭੇਦ ਹੋਰ ਵਧ ਜਾਣਗੇ।

ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੈਕਟਰੀ ਚਰਨਜੀਵ ਸਿੰਘ ਨੇ ਕਿਹਾ ਕਿ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਨੂੰ ਵੀ ਅਜਿਹੀ ਹੀ ਸ਼ਿਕਾਇਤ ਹੈ ਕਿ ਸਾਂਝਾ ਅਕਾਲੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ ਅਤਿਵਾਦੀਆਂ ਦੇ ਖਿਲਾਫ ਸਖਤ ਅਤੇ ਸਪਸ਼ਟ ਸਟੈਂਡ ਨਹੀਂ ਲੈ ਰਹੀਆਂ।

(ਪੰਨਾ 21 ਦੀ ਬਾਕੀ)

ਉਹ ਪੰਜਾਬੀ ਕੌਮ ਦੇ ਸ਼ਬਦ ਦੇ ਓਹਲੇ ਕੇਵਲ ਸਿਖਾਂ ਦੀ ਹੀ ਗੱਲ ਕਰਦੇ ਹਨ। ਉਹ ਪੰਜਾਬੀ ਨਹੀਂ ਰਹੇ ਕੁਰਾਹੀਏ ਸਿਖ ਬਣ ਗਏ ਹਨ। ਸੱਚਾ ਸਿਖ ਤਾਂ ਆਪਣੇ ਆਪ ਨੂੰ ਪੰਜਾਬੀਆਂ ਦਾ, ਭਾਰਤੀਆਂ ਦਾ ਅਤੇ ਸਮੁੱਚੀ ਮਨੁਖਤਾ ਦਾ ਇਕ ਜੁਜ਼ ਸਮਝਦਾ ਹੈ।

ਜਸਵੰਤ ਸਿੰਘ ਕੰਵਲ ਕਮਿਊਨਿਸਟ ਪਾਰਟੀ ਦੀ ਜਨ-ਸੰਪਰਕ ਮੁਹਿਮ ਤੇ ਬਹੁਤ ਖਿਝੇ ਹੋਏ ਹਨ। ਕਹਾਵਤ ਹੈ "ਅੰਧੇ ਕੋ ਅੰਧੇਰੇ ਮੇਂ ਬਹੁਤ ਦੂਰ ਕੀ ਸੂਝੀ" ਕੰਵਲ ਸਾਹਿਬ ਦਾ ਇਸ ਮੁਹਿਮ ਬਾਰੇ ਜਾਇਜ਼ਾ ਕੀ ਹੈ, ਜ਼ਰਾ ਉਹਨਾਂ ਦੇ ਸ਼ਬਦ ਸੁਣੋ "ਕਮਿਊਨਿਸਟ ਰਾਜੀਵ ਦੀ ਤਾਕਤ ਮਜ਼ਬੂਤ ਕਰਨ ਲਈ ਏਕਤਾ ਦੀ ਘਗਰੀ ਘੁਮਾਉਂਦੇ ਫਿਰਦੇ ਹਨ", ਜਿਸ ਬੰਦੇ ਨੂੰ ਏਕਤਾ ਤੋਂ ਹੀ ਨਫਰਤ ਹੋਵੇ, ਉਸ ਦੀ ਸਾਰੀ ਸੋਚ ਹੀ ਪੁਠੀ ਹੈ ਜਿਸ ਚੋਂ ਫੁਟ ਅਤੇ ਘਿਰਨਾ ਤੋਂ ਬਿਨਾਂ ਹੋਰ ਕੁਝ ਨਿਕਲ ਹੀ ਨਹੀਂ ਸਕਦਾ

ਕੰਵਲ ਸਾਹਿਬ ਨੇ ਨਾ ਇਸ ਮੁਹਿੰਮ ਦੇ ਉਦੇਸ਼ਾਂ ਬਾਰੇ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਵਲੋਂ ਲਿਖਿਆ ਪੈਂਫਲਿਟ ਪੜ੍ਹਿਆ ਹੈ ਅਤੇ ਨਾ ਇਸ ਮੁਹਿੰਮ ਦੌਰਾਨ ਪਾਰਟੀ ਆਗੂਆਂ ਦੇ ਵਿਚਾਰ ਸੁਣੇ ਹਨ, ਬਸ ਤਅਸੁਬ ਦੀ ਪੱਟੀ ਬੰਨ੍ਹ ਇਕ ਨਿੰਦਕ ਹੋਣ ਦਾ ਕਰਤੱਵ ਤੇ ਡਿਊਟੀ ਨਿਭਾਈ ਹੈ।

ਇਸ ਮੁਹਿੰਮ ਅੰਦਰ ਸ੍ਰੀ ਰਾਜੀਵ, ਉਸ ਦੀ ਪਾਰਟੀ ਤੇ ਉਸ ਦੀ ਸਰਕਾਰ ਨੂੰ ਪੰਜਾਬ ਦੇ ਮਸਲੇ ਨੂੰ ਵਿਗਾੜਨ ਲਈ ਪੂਰਾ ਪੂਰਾ ਕਸੂਰਵਾਰ ਠਹਿਰਾਇਆ ਗਿਆ ਹੈ। ਪੰਜਾਬ ਸਮੱਸਿਆ ਦੇ ਹੱਲ ਲਈ ਆਪੋਜ਼ੀਸ਼ਨ ਪਾਰਟੀਆਂ ਦੇ ਜੂਨ 1983 ਦੇ ਫਾਰਮੂਲੇ ਨੂੰ ਸਵੀਕਾਰ ਨਾ ਕਰਨ, ਹਾਲਤ ਨੂੰ ਬਲਿਊ ਸਟਾਰ ਅਪਰੇਸ਼ਨ ਤੱਕ ਦੀ ਨੌਬਤ ਤਕ ਪਹੁੰਚਾਉਣ, ਨਵੰਬਰ 1984 ਦੇ ਸਿਖਾਂ ਵਿਰੁਧ ਦੰਗਿਆਂ ਦੇ ਮੁਜਰਮਾਂ ਨੂੰ ਬਚਾਉਣ ਅਤੇ ਜੋਧਪੁਰ ਦੇ ਬੇਕਸੂਰ ਕੈਦੀਆਂ ਨੂੰ ਰਿਹਾ ਨਾ ਕਰਨ ਅਤੇ ਪੰਜਾਬ ਸਮਝੌਤੇ ਉਤੇ ਅਮਲ ਨਾ ਕਰਨ ਆਦਿ ਦੇ ਸਵਾਲਾਂ ਦੀ ਲੈ ਕੇ ਰਾਜੀਵ ਸਰਕਾਰ ਨੂੰ

ਵਾਢਵੀਂ ਨੁਕਤਾਚੀਨੀ ਤੇ ਨਿਖੇਧੀ ਕੀਤੀ ਗਈ ਹੈ। ਹਾਂ ਇਹ ਜ਼ਰੂਰ ਹੈ ਕਿ ਕੰਵਲ ਸਾਹਿਬ ਵਾਂਗ ਮਸਲੇ ਨੂੰ ਕਾਣੀ ਅੱਖ ਨਾਲ ਨਹੀਂ ਦੇਖਿਆ। ਅਕਾਲੀ ਪਾਰਟੀ ਦੀਆਂ ਸਿਧਾਂਤਕ ਤੇ ਅਮਲੀ ਗਲਤੀਆਂ ਨੂੰ ਵੀ ਸਾਹਮਣੇ ਲਿਆਂਦਾ ਹੈ, ਪੰਜਾਬ ਦੇ ਮਸਲੇ ਨੂੰ ਸਿਖ ਮਸਲਾ ਬਣਾਉਣ ਦੀ ਨੁਕਤਾਚੀਨੀ ਵੀ ਕੀਤੀ ਹੈ, ਅਤਿਵਾਦ, ਵੱਖਵਾਦ ਤੇ ਦਹਿਸ਼ਤਗਰਦੀ ਅਤੇ ਉਸਦੇ ਪਿਛੇ ਖੜੇ ਸਾਮਰਾਜ ਨੂੰ ਵੀ ਨੰਗਾ ਕੀਤਾ ਹੈ। ਅਤਿਵਾਦੀ ਵਿਰੁਧ ਲੋਕ ਰਾਏ ਨੂੰ ਉਭਾਰਨ, ਲਾਮਬੰਦ ਤੇ ਜਥੇਬੰਦ ਕਰਨ ਲਈ ਤਾਂ ਕਮਿਊਨਿਸਟ ਪਾਰਟੀ ਨੇ ਮੁਢ ਤੋਂ ਦ੍ਰਿੜ ਯਤਨ ਕੀਤੇ ਹਨ ਤੇ ਇਸ ਮੁਹਿਮ ਵਿਚ ਹੋਰ ਵਧ ਚੜ੍ਹ ਕੇ ਕੀਤੇ ਹਨ। ਕੰਵਲ ਸਾਹਿਬ ਅਤਿਵਾਦ ਦੇ ਹੱਕ ਵਿਚ ਸਟੈਂਡ ਲੈਂਦੇ ਹਨ, ਇਸ ਕਰਕੇ ਕਮਿਊਨਿਸਟ ਉਹਨਾਂ ਨੂੰ ਇਕ ਅੱਖ ਨਹੀਂ ਭਾਉਂਦੇ ਤੇ ਹੁਣ ਉਹਨਾਂ ਆਪਣੀ ਸਾਰੀ ਸਾਹਿਤਕ "ਵਿਦਵਤਾ" ਕਮਿਊਨਿਸਟਾਂ ਉਤੇ ਚਿਕੜ ਉਛਾਲਣ ਦੇ ਲੇਖੇ ਲਾਈ ਹੋਈ ਹੈ।

ਉਹ ਤੁਰੇ ਤਾਂ ਸਨ ਪੰਜਾਬ ਦੇ ਅਜੋਕੇ ਮਸਲੇ ਨੂੰ ਲੈ ਕੇ ਪਰ ਕੋਟਾ ਪੂਰਾ ਕਰਨ ਲਈ ਏਧਰੋਂ ਕੱਠੇ ਕਰਕੇ ਅਨੇਕਾਂ ਬੇ-ਸਿਰ ਪੈਰ ਇਲਜ਼ਾਮ ਦੀ ਸੂਚੀ ਛਾਪ ਦਿੱਤੀ ਹੈ। ਸੰਖੇਪ ਤੌਰ ਤੇ ਅਸੀਂ ਉਹਨਾਂ ਦਾ ਜ਼ਿਕਰ ਇਸ ਕਰਕੇ ਕਰਨਾ ਹੈ ਕਿ ਪਾਠਕਾਂ ਨੂੰ ਪਤਾ ਲਗ ਜਾਏ ਕਿ ਕੰਵਲ ਸਾਹਿਬ ਨੇ ਹੋਰਾਂ "ਜਾਟ ਰੇ ਜਾਟ ਤੇਰੇ ਸਿਰ ਪਰ ਕੋਹਲੂ" ਵਾਲੀ ਗੱਲ ਤੋਂ ਬਿਨਾਂ ਕੁਝ ਨਹੀਂ ਕੀਤਾ।

(1) "ਭਿਜੜ ਕਣਕ ਵਪਾਰੀ 90 ਰੁਪਏ ਲੁਟ ਰਹੇ ਹਨ, ਗਰੀਬ ਕਿਸਾਨਾਂ ਦੇ ਹੱਕ ਵਿਚ ਕਮਿਊਨਿਸਟ ਮੁਜ਼ਾਹਰੇ ਨਹੀਂ ਕਰਦੇ।" ਸਾਰੀ ਦੁਨੀਆਂ ਜਾਣਦੀ ਹੈ ਕਿ ਭਿਜੜ ਕਣਕ ਦੇ ਸਵਾਲ ਤੇ ਸਭ ਤੋਂ ਵੱਧ ਐਜੀਟੇਸ਼ਨ ਕਮਿਊਨਿਸਟਾਂ ਨੇ ਹੀ ਕੀਤੀ ਹੈ। ਧਰਨੇ ਤੇ ਮੁਜ਼ਾਹਰੇ ਤਾਂ ਉਰਲੀ ਗੱਲ ਹੈ, ਉਹਨਾਂ ਟਰੈਫਿਕ ਜਾਮ ਕੀਤੇ, ਡਾਂਗਾਂ ਖਾਧੀਆਂ ਅਤੇ ਮਹੀਨਾ ਭਰ ਜੇਲ੍ਹਾਂ ਵੀ ਕੱਟੀਆਂ। ਕਿਤੇ ਕੰਵਲ ਸਾਹਿਬ ਦਾ ਇਤਰਾਜ਼ ਇਹ ਜਾਪਦਾ ਹੈ ਕਿ ਮੁਜ਼ਾਹਰੇ ਹੀ ਕਰੀ ਜਾਣੇ ਸਨ, ਉਸ ਤੋਂ ਉਪਰਲੀ ਪੱਧਰ ਦੇ ਐਕਸ਼ਨ ਕਿਉਂ ਕੀਤੇ।

(2) "ਬੈਟਰਮੈਂਟ ਲੇਵੀ ਦਾ ਮੋਰਚਾ ਦਰਮਿਆਨ ਵਿਚ ਛਡਕੇ ਭੱਜ ਗਏ"। ਖੁਸ਼ ਹੈਸੀਅਤੀ ਟੈਕਸ ਵਿਰੁਧ ਮੋਰਚਾ ਕਮਿਊਨਿਸਟਾਂ ਨੇ ਲਾਇਆ ਜੋ ਪੰਜਾਬ ਦੀ ਕਿਸਾਨੀ ਦਾ ਇਤਿਹਾਸਕ ਮੋਰਚਾ ਸੀ। ਖੁਸ਼ਹੈਸੀਅਤੀ ਟੈਕਸ ਪੂਰੇ ਦਾ ਪੂਰਾ ਮਾਫ ਹੋ ਗਿਆ, ਮੋਰਚਾ ਧੁਰ ਲਗਾ ਤੇ ਜਿਤਿਆ। ਕੰਵਲ ਸਾਹਿਬ ਨੂੰ ਦਰਮਿਆਨ ਵਿਚ ਛਡਿਆ ਪਤਾ ਨਹੀਂ ਕਿਥੋਂ ਲਗਦਾ ਹੈ। ਜੋ ਦਰਮਿਆਨ ਵਿਚ ਰਹਿਣ ਤੇ ਸਿਰੇ ਲਗਣ ਦਾ ਫਰਕ ਹੀ ਨਹੀਂ ਕਰਦਾ ਉਸ ਬਾਰੇ ਤਾਂ ਇਹੋ ਆਖਿਆ ਜਾ ਸਕਦਾ ਹੈ "ਜਟ ਮਚਲਾ ਖੁਦਾ ਨੂੰ ਲੈ ਗਏ ਚੋਰ।"

(3) "ਅਕਾਲੀਆਂ ਨੂੰ ਫਿਰਕੂ ਆਖ ਕੇ ਲੋੜ ਪੈਣ ਉਤੇ ਦੇਸ਼ ਭਗਤ ਬਣਾ ਲੈਂਦੇ ਹਨ, ਸਾਂਝਾ ਮੁਹਾਜ਼ ਬਣਾ ਕੇ ਚੋਣ ਲੜੀ, ਕਾ: ਡਾਂਗ ਵਜ਼ੀਰ ਬਣੇ। ਵਜ਼ਾਰਤ ਟੁਟ ਗਈ ਫਿਰ ਤੂੰ ਕੌਣ ਤੇ ਮੈਂ ਕੌਣ।"

ਅਕਾਲੀ ਪਾਰਟੀ ਜਦ ਆਪਣੇ ਆਪ ਨੂੰ ਸਿੱਖਾਂ ਦੀ ਇਕੋ ਇਕ ਪ੍ਰਤੀਨਿਧ ਜਥੇਬੰਦੀ ਆਖਦੀ ਹੈ ਉਸ ਦਾ ਖਾਸ ਇਕ ਫਿਰਕੇ ਦਾ ਅਧਾਰ ਫਿਰਕੂ ਤਾਂ ਹੋ ਹੀ ਗਿਆ। ਪਰ ਜਦ ਉਸਨੇ ਪੰਜਾਬ ਦੇ ਮਸਲਿਆਂ ਨੂੰ ਪੰਜਾਬੀਆਂ ਦਾ ਆਖਕੇ ਚੁਕਿਆ ਅਤੇ ਆਮ ਲੋਕਾਂ ਦੀਆਂ ਮੰਗਾਂ ਨੂੰ ਪਰਵਾਨ ਕਰ ਲਿਆ ਤਾਂ ਚੋਣਾਂ ਵਿਚ ਸਾਂਝਾ ਮੁਹਾਜ਼ ਬਣ ਗਿਆ ਸੀ। ਵਜ਼ਾਰਤ ਬਣੀ, ਪਾਰਟੀ ਉਸ ਵਿਚ ਸ਼ਾਮਲ ਹੋਈ ਅਤੇ ਆਪਣੇ ਕੰਮ ਨਾਲ ਨਾਮਣਾ ਖੱਟੀ, ਜਦ ਅਗਲੀ ਵੇਰ ਅਕਾਲੀ ਪਾਰਟੀ ਨੇ ਕਰਵਟ ਬਦਲਕੇ ਜਨਸੰਘ ਨਾਲ ਜੱਫੀ ਪਾ ਲਈ ਤਾਂ ਪਾਰਟੀ ਪਰ੍ਹੇ ਹਟ ਗਈ। ਇਸ ਵਿਚ ਤੂੰ ਕੌਣ ਤੇ ਮੈਂ ਕੌਣ ਵਾਲੀ ਕਿਹੜੀ ਗੱਲ ਸੀ! ਉਸ ਤੋਂ ਬਾਦ ਵੀ ਕਈ ਵੇਰ ਅਕਾਲੀਆਂ ਨਾਲ ਲੋਕਾਂ ਦੀਆਂ ਨਿਸਚਿਤ ਮੰਗਾਂ ਉਤੇ ਸਾਂਝਾ ਫਰੰਟ ਬਣਾਇਆ। ਪਿਛੇ ਜਿਹੇ ਅਤਿਵਾਦ ਵਿਰੁਧ ਬਰਨਾਲਾ ਅਕਾਲੀ ਦਲ ਨਾਲ ਰਲਕੇ ਮੁਹਿਮ ਕੀਤੀ ਹੈ ਤੇ ਹੁਣ ਵੀ ਤਿਆਰ ਹਾਂ। ਹੋਰ ਨਾਂਹਪੱਖੀ ਪੱਖਾਂ ਦੇ ਬਾਵਜੂਦ ਜਿਹੜਾ ਦੇਸ਼ ਦੀ ਏਕਤਾ ਤੇ ਅਖੰਡਤਾ ਅਤੇ ਕੌਮੀ ਆਜ਼ਾਦੀ ਦੀ ਸੁਰੱਖਿਆ ਲਈ ਖੜਾ ਹੋਵੇਗਾ, ਉਹ ਦੇਸ਼-ਭਗਤ ਹੈ।

(2) "ਚੀਨ ਨੂੰ ਹਮਲਾਵਰ ਕਿਹਾ, ਅੰਨ੍ਹੇ ਵਾਹ ਨਹਿਰੂ ਦੀ ਝੋਲੀ ਚੁਕੀ ਗਏ। ਸਾਰਾ ਜਹਾਨ ਏਕ ਤਰਫ, ਜ਼ੋਰੂ ਕੀ ਭਾਈ ਦੂਸਰੀ ਤਰਫ।"

ਚੀਨ ਦੇ ਹਮਲੇ ਵੇਲੇ ਪਾਰਟੀ ਨੇ ਜੋ ਸਟੈਂਡ ਲਿਆ, ਉਸਨੂੰ ਭਾਰਤ ਦੇ ਦੋਖੀਆਂ ਤੋਂ ਬਿਨਾਂ ਸਾਰੀ ਦੁਨੀਆਂ ਨੇ ਸਲਾਹਿਆ ਕਿ ਇਹ ਅਸੂਲੀ ਪਾਰਟੀ ਹੈ ਜੋ ਕਮਿਊਨਿਸਟ ਦੇਸ਼ ਦੀ ਗਲਤੀ ਨੂੰ ਵੀ ਗਲਤੀ ਆਖਦੀ ਹੈ ਉਹ ਨਹਿਰੂ ਦੀ ਝੋਲੀ ਚੁਕ ਨਹੀਂ ਸੀ, ਸੰਸਾਰ ਕਮਿਊਨਿਸਟ ਐਲਾਨਨਾਮੇ ਦੀ ਸੋਸ਼ਲਿਸਟ ਦੁਨੀਆਂ ਤੇ ਨਵ ਆਜ਼ਾਦ ਦੇਸ਼ਾਂ ਦੇ ਸਬੰਧਾਂ ਬਾਰੇ ਸਥਾਪਨਾ ਦੀ ਪਾਲਣਾ ਸੀ। ਸਾਮਰਾਜੀਆਂ ਨੂੰ ਛੱਡਕੇ ਸਾਰਾ ਜਹਾਨ ਤੇ ਆਮ ਭਾਰਤੀ ਲੋਕ ਸੀ. ਪੀ. ਆਈ. ਦੇ ਸਟੈਂਡ ਦੇ ਹਾਮੀ ਸਨ। ਇਹ "ਜ਼ੋਰੂ ਕਾ ਭਾਈ ਦੂਜੀ ਤਰਫ" ਦੀ ਗੱਲ ਤਾਂ ਅਸਲ ਵਿਚ ਸਿਧੀ ਕੰਵਲ ਸਾਹਿਬ ਦੇ ਢੁਕਦੀ ਹੈ।

(5) ਹਰਿਆਣਾ ਵਿਚ ਚੋਣ ਅੰਦਰ ਭਾਜਪਾ ਨਾਲ ਜਫੀ ਦੀ ਗੱਲ ਨਿਰਾ ਲੂਣ ਗੁਨ੍ਹਣ ਵਾਲੀ ਗੱਲ ਹੈ। ਪਾਰਟੀ ਦੇ ਲੋਕ ਦਲ ਨਾਲ ਚੋਣ ਗੱਠਜੋੜ ਕੀਤਾ ਸੀ। ਭਾਜਪਾ ਨਾਲ ਹਰ ਥਾਂ ਪਾਰਟੀ ਨੇ ਟੱਕਰ ਲਈ ਅਤੇ ਭਾਜਪਾ ਨੇ ਪਾਰਟੀ ਦਾ ਡਟਵਾਂ ਵਿਰੋਧ ਕੀਤਾ। ਲੋਕ ਦਲ ਨੇ ਇਹ ਸਭ ਕੁਝ ਜਾਣਦਿਆਂ ਪਾਰਟੀ ਨਾਲ ਸਮਝੌਤਾ ਕੀਤਾ ਸੀ। "ਜੱਫੀ" ਦਾ ਸ਼ਬਦ ਕਿਥੇ ਵਰਤੀਦਾ ਹੈ, ਇਹ ਕੰਵਲ ਸਾਹਿਬ ਨੂੰ ਪਤਾ ਹੈ, ਪਰ ਜੇ ਕੰਵਲ ਸਾਹਿਬ "ਕੋਈ ਲੈਣ ਦੇਣ ਨਹੀਂ" ਵਾਲੀ ਪੁਜ਼ੀਸ਼ਨ ਨੂੰ ਵੀ ਜੱਫੀ ਆਖੀ ਜਾਣ ਤਾਂ ਇਹ ਜਾਣ ਬੁਝਕੇ ਕੁਫਰ ਤੋਲਣ ਵਾਲੀ ਸ਼ਰਾਰਤ ਹੈ।

(6) ਕੰਵਲ ਸਾਹਿਬ ਇਥੋਂ ਤੱਕ ਗਿਰ ਗਏ ਹਨ ਕਿ ਰੂਸ ਦੀ ਸਿਫਤ ਕਰਨ ਵਾਲੇ ਨੂੰ ਕੇ. ਜੀ. ਬੀ. (ਰੂਸੀ ਖੁਫੀਆ ਪੁਲਿਸ) ਦਾ ਏਜੰਟ ਆਖਣ ਤੱਕ ਚਲੇ ਗਏ ਹਨ। ਇਸੇ ਲੇਖ ਵਿਚ ਕੰਵਲ ਸਾਹਿਬ ਨੇ ਰੂਸ ਦੀ ਸਿਫਤ ਕੀਤੀ ਹੈ ਕਿ ਉਸ ਨੇ ਆਪਣੀਆਂ ਕੌਮੀਅਤਾਂ ਨੂੰ ਅੰਦਰੂਨੀ ਆਜ਼ਾਦੀ ਦਿਤੀ ਹੋਈ ਹੈ। ਜਿਹੜਾ ਗਜ਼ ਉਨ੍ਹਾਂ ਕੇ. ਜੀ. ਬੀ. ਦੀ ਏਜੰਟੀ ਲੱਭਣ ਵਾਸਤੇ ਫੜਿਆ ਹੋਇਆ ਹੈ, ਉਸ ਹਿਸਾਬ ਨਾਲ ਤਾਂ ਉਹ ਵੀ ਇਹੋ ਕੁਝ ਬਣ ਗਏ। ਕਮਿਊਨਿਸਟਾਂ ਦਾ ਸੰਸਾਰ ਭਾਈਚਾਰਾ ਬੇਮਿਸਾਲ ਹੈ, ਕੋਈ ਕਿਸੇ ਦਾ ਏਜੰਟ ਨਹੀਂ, ਹਰ ਪਾਰਟੀ ਆਜ਼ਾਦ ਤੇ ਬਰਾਬਰ ਹੈ ਤੇ ਆਪਣੇ ਦੇਸ਼ ਦੀ ਲਾਈਨ ਘੜਨਾ ਸਬੰਧਤ ਪਾਰਟੀ ਦੀ ਜ਼ਿੰਮੇਵਾਰੀ ਹੈ। ਰੂਸ ਸੋਸ਼ਲਿਜ਼ਮ ਦੀ ਸਥਾਪਤੀ ਦਾ ਮੁਹਰੈਲ ਹੈ, ਇਸ ਕਰਕੇ ਉਸ ਦਾ ਤਜਰਬਾ ਅਨੂਠਾ ਤੇ ਮਹਾਨ ਹੈ, ਉਸ ਦੀਆਂ ਪ੍ਰਾਪਤੀਆਂ ਨੂੰ ਸਾਰਾ ਜੱਗ ਮੰਨਦਾ ਹੈ। ਕੀ ਇਹ ਸਾਰੇ ਸਿਫਤਾਂ ਕਰਨ ਵਾਲੇ ਕੇ.ਜੇ. ਬੀ. ਦੇ ਏਜੰਟ ਹੋ ਗਏ? ਕਿਤੇ ਕੰਵਲ ਸਾਹਿਬ ਦਾ ਆਪਣਾ ਤਜਰਬਾ ਤਾਂ ਉਨ੍ਹਾਂ ਨੂੰ ਅਜਿਹੇ ਸਾਧਾਰਨੀ-ਕਰਨ ਤਕ ਨਹੀਂ ਲਿਜਾ ਰਿਹਾ?

(7) ਕੰਵਲ ਸਾਹਿਬ ਨੇ ਕਮਿਊਨਿਸਟ ਪਾਰਟੀ ਦੇ ਪੀਪਲਜ਼ ਵਾਰ ਦੇ ਨਾਹਰੇ ਨੂੰ ਇਸ ਦਲੀਲ ਨਾਲ ਪਸੰਦ ਕੀਤਾ ਹੈ ਕਿ ਉਸ ਵੇਲੇ ਸਭ ਤੋਂ ਵੱਡਾ ਦੁਸ਼ਮਣ ਹਿਟਲਰ ਬਣ ਗਿਆ ਸੀ। ਪਰ ਫੇਰ ਉਹ ਵਾਧੂ ਦਾ ਦੋਸ਼ ਲਾਉਂਦੇ ਹਨ ਕਿ ਕਮਿਊਨਿਸਟ ਇੰਦਰਾ ਤੇ ਰਾਜੀਵ ਨੂੰ ਛੋਟੇ ਦੁਸ਼ਮਣ ਤੇ ਅਕਾਲੀਆਂ ਨੂੰ ਵੱਡੇ ਦੁਸ਼ਮਣ ਆਖਦੇ ਹਨ। ਪਰ ਕੰਵਲ ਸਾਹਿਬ ਆਪਣੀ ਇਸ ਗੱਲ ਦੀ ਪਰੋੜ੍ਹਤਾ ਵਿਚ ਇਕ ਤੱਥ ਵੀ ਕਿਤਿਓਂ ਪੇਸ਼ ਨਹੀਂ ਕਰ ਸਕਦੇ। ਪਾਰਟੀ ਪਰੋਗਰਾਮ ਬੁਨਿਆਦੀ ਲਿਖਤ ਹੁੰਦੀ ਹੈ। ਉਸ ਵਿਚ ਸਾਫ ਲਿਖਿਆ ਹੈ ਕਿ ਭਾਰਤ ਦਾ ਰਾਜ ਸਰਮਾਏਦਾਰੀ ਰਾਜ ਹੈ ਜਿਸ ਵਿਚ ਅਜਾਰੇਦਾਰ ਭਾਰੂ ਹਨ। ਰਾਜੀਵ ਇਸੇ ਰਾਜ ਦਾ ਮੁਖੀ ਹੈ। ਇਸ ਨੂੰ ਹਟਾਕੇ ਇਸ ਦੀ ਥਾਂ ਕੌਮੀ ਜਮਹੂਰੀ ਸਰਕਾਰ ਸਥਾਪਤ ਕਰਨੀ ਹੈ ਜਿਸ ਵਿਚ ਮਜ਼ਦੂਰ-ਕਿਸਾਨ ਗਠਜੋੜ ਭਾਰੂ ਹੋਵੇਗਾ। ਪਾਰਟੀ ਨੀਤੀ ਅੰਦਰ ਖੱਬੀ ਜਮਹੂਰੀ ਸਰਕਾਰਾਂ ਦੀ ਸਥਾਪਤੀ ਵੀ ਸ਼ਾਮਲ ਹੈ। ਕੀ ਕਮਿਊਨਿਸਟਾਂ ਨੇ ਬੰਗਾਲ, ਤਰੀਪੁਰਾ ਤੇ ਕੇਰਲਾ ਵਿਚ ਰਾਜੀਵ ਨੂੰ ਹਾਰ ਨਹੀਂ ਦਿੱਤੀ? ਕੀ ਹਰਿਆਣੇ ਚੋਂ ਰਾਜੀਵ ਦੀ ਪਾਰਟੀ ਨੂੰ ਹਰਾਉਣ ਵਿਚ ਕਮਿਊਨਿਸਟਾਂ ਦਾ ਹਿਸਾ ਨਹੀਂ।

(8) 'ਕੇਂਦਰ ਸਮਝੌਤਿਆਂ ਤੋਂ ਇਨਕਾਰੀ ਹੈ, ਕਮਿਊਨਿਸਟ ਚੁਪ ਹਨ"। ਕੰਵਲ ਸਾਹਿਬ ਦਾ ਇਹ ਦੋਸ਼ ਕੋਈ ਥੋੜੀ ਜਾਣਕਾਰੀ ਰੱਖਣ ਵਾਲਾ ਵੀ ਨਹੀਂ ਮੰਨ ਸਕਦਾ। ਪੰਜਾਬ ਸਮਝੌਤੇ ਉਤੇ ਅਮਲ ਨਾ ਕਰਨ ਲਈ ਸਾਰੇ ਦੇਸ਼ ਦੀਆਂ ਪਾਰਟੀਆਂ ਤੋਂ ਵੱਧ ਕਮਿਊਨਿਸਟਾਂ ਨੇ ਕੇਂਦਰ ਸਰਕਾਰ ਦੀ ਭੰਡੀ ਕੀਤੀ ਹੈ ਤੇ ਹੁਣ ਵੀ ਕਰ ਰਹੀ ਹੈ।

ਮੁੱਕਦੀ ਗੱਲ। ਕੰਵਲ ਸਾਹਿਬ ਦਾ ਸਾਰਾ ਲੇਖ ਕਮਿਊਨਿਸਟ ਦੁਸ਼ਮਣੀ ਨਾਲ ਭਰਿਆ ਪਿਆ ਹੈ। ਝੂਠੀਆਂ ਤੁਹਮਤਾਂ ਉਸ ਨੇ ਘੜ ਘੜ ਕੇ ਲਾਈਆਂ ਹਨ। ਬਦਜ਼ੁਬਾਨੀ ਉਸਨੇ ਪੁਜੱਕੇ ਕੀਤੀ ਹੈ। ਕਈ ਲੋਕਾਂ ਆਖਿਆ ਕਿ ਉਸਨੂੰ ਉਸ ਦੀ ਬੋਲੀ ਵਿਚ ਹੀ ਜਵਾਬ ਦਿਓ। ਪਰ ਜਿਸ ਕਾ ਕਾਮ ਉਸੀ ਕੋ ਸਾਜੇ, ਅਸੀਂ ਉਸ ਰਾਹੇ ਨਹੀਂ ਸੀ ਪੈਣਾ ਤੇ ਨਹੀਂ ਪਏ ਸਾਡਾ ਜਵਾਬ ਉਸਨੂੰ ਨਹੀਂ ਹੈ, ਉਨ੍ਹਾਂ ਪਾਠਕਾਂ ਨੂੰ ਕੁਝ ਸਫਾਈ ਦੇਣਾ ਸਾਡਾ ਫਰਜ਼ ਹੈ ਜਿਨ੍ਹਾਂ ਅੰਦਰ ਕੰਵਲ ਦੇ ਲੇਖ ਨੇ ਥੋੜ੍ਹੀ ਬਹੁਤ ਗੰਧਲ ਪਾਈ ਹੈ।

● ਸ਼ੇਰ ਸਿੰਘ ਕਿਸੇ ਦੇ ਘਰ ਗਿਆ ਪਰ ਡਰਦਾ ਅੱਗੇ ਨਾ ਜਾਏ ਘਰ ਵਲੋਂ ਕਿਸੇ ਨੇ ਆਵਾਜ਼ ਮਾਰੀ ਆ ਜਾਹ, ਬਾਹਰ ਕਿਉਂ ਖੜੋਤੈਂ

ਸ਼ੇਰ ਸਿੰਘ ਬੋਲਿਆ, 'ਅੱਗੇ ਕਿਸ ਤਰਾਂ ਆਵਾਂ ਅੱਗੇ ਕੁੱਤਾ ਬੱਧਾ ਹੋਇਆ ਏ।'

ਭਾਰਤ-ਪਾਕਿ ਮਹਾਂ ਸੰਘ ਦੀ ਵਕਾਲਤ

—ਅਸ਼ੋਕ ਸ਼ਰਮਾ

ਪਾਕਿਸਤਾਨ ਦੇ ਬਜ਼ੁਰਗ ਸਿੰਧੀ ਨੇਤਾ ਗੁਲਾਮ ਮੁਰਤਜ਼ਾ ਸੱਯਦ ਨੇ ਆਖਿਆ ਹੈ ਕਿ ਪਾਕਿਸਤਾਨ ਵਿਚ ਫੌਜੀ ਰਾਜ ਦੇ ਖਾਤਮੇ ਨਾਲੋਂ ਵੀ ਜ਼ਿਆਦਾ ਜ਼ਰੂਰੀ ਹੈ ਕਿ ਭਾਰਤ ਅਤੇ ਪਾਕਿਸਤਾਨ ਦਾ ਮਹਾਂਸੰਘ ਬਣੇ। ਉਨ੍ਹਾਂ ਕਿਹਾ ਹੈ ਕਿ ਜਿੰਨੀ ਦੇਰ ਤੱਕ ਦੋਹਾਂ ਮੁਲਕਾਂ ਵਿਚ ਏਕਤਾ ਤੇ ਆਪਸੀ ਸਹਿਯੋਗ ਕਾਇਮ ਨਹੀਂ ਹੁੰਦਾ ਪਾਕਿਸਤਾਨ ਅੰਦਰ ਸਹੀ ਲੋਕਤੰਤਰ ਕਾਇਮ ਨਹੀਂ ਹੋ ਸਕਦਾ। ਅਜਿਹੀ ਸਥਿਤੀ ਵਿਚ ਸਿੰਧੀਆਂ, ਬਲੋਚਾਂ ਤੇ ਪਖਤੂਨਾਂ ਦਾ ਦਮਨ ਜਾਰੀ ਰਹੇਗਾ।

ਸੱਯਦ ਗੁਲਾਮ ਮੁਰਤਜ਼ਾ ਨੇ ਕਿਹਾ ਕਿ ਦੋਹਾਂ ਮੁਲਕਾਂ ਦੀਆਂ ਹਕੂਮਤਾਂ ਨੂੰ ਚਾਹੀਦਾ ਹੈ ਕਿ ਉਹ ਪੱਕੇ ਸਹਿਯੋਗ ਬਾਰੇ ਬੈਠ ਕੇ ਗੱਲਬਾਤ ਕਰਨ ਪਰ ਇਕ ਸ਼ਰਤ ਉਤੇ ਕਿ ਆਪਣੇ ਅੰਦਰ ਪਿਛਲੀ ਕੋਈ ਮੈਲ ਨਾ ਰੱਖਣ। ਉਨ੍ਹਾਂ ਕਿਹਾ ਕਿ ਮਜ਼ਹਬ ਦੇ ਨਾਂ 'ਤੇ ਮੁਲਕ ਦੀ ਵੰਡ ਇਕ ਵੱਡੀ ਭੁੱਲ ਸੀ ਤੇ ਉਸ ਦਾ ਪਸ਼ਚਾਤਾਪ ਕਰਨ ਦਾ ਇਕੋ ਢੰਗ ਹੈ ਕਿ ਫਿਰ ਤੋਂ ਇਕ ਹੋਣ ਦਾ ਯਤਨ ਕੀਤਾ ਜਾਵੇ।

ਉਨ੍ਹਾਂ ਕਿਹਾ, 'ਅਸੀਂ ਤਾਂ ਮਹਾਤਮਾਂ ਗਾਂਧੀ ਦੇ ਅਸੂਲਾਂ ਨੂੰ ਮੰਨਣ ਵਾਲੇ ਹਾਂ ਤੇ ਸਮਝਦੇ ਹਾਂ ਕਿ ਮਹਾਂਸੰਘ ਵਾਲੇ ਫਾਰਮੂਲੇ ਨੂੰ ਪਿਆਰ ਅਤੇ ਮੁਹੱਬਤ ਨਾਲ ਮਨ ਬਦਲ ਕੇ ਹੀ ਅਮਲ ਵਿਚ ਲਿਆਂਦਾ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਮੈਂ "ਜੈ ਸਿੰਧ" ਅੰਦੋਲਨ ਵਿਚ ਗੁਰੀਲਾ ਯੁੱਧ ਤੇ ਹਿੰਸਾ ਵਿਚ ਵਿਸ਼ਵਾਸ ਨਹੀਂ ਰੱਖਿਆ। ਉਨ੍ਹਾਂ ਆਖਿਆ ਕਿ ਪਾਕਿਸਤਾਨ ਤੇ ਹਿੰਦੁਸਤਾਨ ਦੇ ਲੋਕਾਂ ਦੇ ਮਨਾਂ ਅੰਦਰ ਜਿਹੜੇ ਸ਼ੰਕੇ ਬਣੇ ਹੋਏ ਹਨ ਉਹ ਨਵਿਰਤ ਹੋਣ। ਕਿਉਂਕਿ ਇਨ੍ਹਾਂ ਸ਼ੰਕਿਆਂ ਤੋਂ ਬਣੇ ਭੈਅ ਦੇ ਵਾਤਾਵਰਣ ਨੇ ਅਜੀਬ ਕਿਸਮ ਦੀ ਨਫਰਤ ਪੈਦਾ ਕਰ ਰੱਖੀ ਹੈ। ਇਸ ਮਹਾਂਸੰਘ ਵਿਚ ਬੰਗਲਾਦੇਸ਼ ਅਤੇ ਅਫਗਾਨਿਸਤਾਨ ਨੂੰ ਵੀ ਸ਼ਾਮਲ ਕੀਤੇ ਜਾਣ ਦੇ ਸਬੰਧ ਵਿਚ ਉਨ੍ਹਾਂ ਕਿਹਾ, "ਮੈਂ ਤਾਂ ਮੁਹੱਬਤ ਦੇ ਫਲਸਫੇ ਵਿਚ ਯਕੀਨ ਰੱਖਦਾ ਹਾਂ। ਮੈਂ ਤਾਂ ਚਾਹੁੰਦਾ ਹਾਂ ਕਿ ਸਾਰੀ ਮਾਨਵਤਾ ਹੀ ਇਕ ਹੋਵੇ। ਪੂਰਬ ਤੇ ਪੱਛਮ ਵੀ ਇਕ ਹੋ ਜਾਣ।"

ਲਾਹੌਰ ਦੇ ਉਰਦੂ ਅਖਬਾਰ "ਨਵਾਏ ਵਕਤ" ਦਾ ਇਕ ਸੰਪਾਦਕੀ ਹੈ "ਫਰਾਖਦਿਲ - ਲੇਕਿਨ ਪਾਕਿਸਤਾਨ ਦੀ ਕੀਮਤ ਪਰ ਕਿਉਂ ?" ਅਖਬਾਰ ਲਿਖਦਾ ਹੈ "ਜੈ ਸਿੰਧ" ਅੰਦੋਲਨ ਦੇ ਨੇਤਾ ਗੁਲਾਮ ਮੁਰਤਜ਼ਾ ਸੱਯਦ ਨੂੰ ਭਾਰਤ 'ਚ ਜ਼ੇਰੇ ਇਲਾਜ ਪਖਤੂਨ ਨੇਤਾ ਸਰਹੱਦੀ ਗਾਂਧੀ (ਜੋ ਹੁਣ ਪੇਸ਼ਾਵਰ ਜਾ ਚੁੱਕੇ ਹਨ) ਦੀ ਮਿਜਾਜ਼ ਪੁਰਸ਼ੀ ਲਈ ਭਾਰਤ ਪਹੁੰਚਣ ਦੀ ਆਗਿਆ ਕਿਸ ਤਰ੍ਹਾਂ ਦੇ ਦਿੱਤੀ। ਸਿੰਧ ਦੇ ਗ੍ਰਹਿ ਵਿਭਾਗ ਨੇ ਇਸ ਰਾਜ਼ ਤੋਂ ਪਰਦਾ ਚੁੱਕਣ ਦੀ ਤਕਲੀਫ ਗਵਾਰਾ ਨਹੀਂ ਕੀਤੀ। ਉਂਜ ਮੁਰਤਜ਼ਾ ਦੇ ਦੇਸ਼-ਵਿਰੋਧੀ ਵਿਚਾਰਾਂ ਤੋਂ ਕੋਈ ਪਾਕਿਸਤਾਨੀ ਨਹੀਂ ਜਿਹੜਾ ਵਾਕਿਫ ਨਾ ਹੋਵੇ। ਇਸ ਸਾਲ ਆਪਣੇ ਜਨਮ ਦਿਨ ਦੀ ਦਾਅਵਤ ਉਤੇ ਉਨ੍ਹਾਂ ਨੇ ਪਾਕਿਸਤਾਨ ਤੇ ਪਾਕਿਸਤਾਨ ਦੇ ਜਨਮ ਦਾਤਾ ਦੇ ਖਿਲਾਫ ਜੋ ਜ਼ਹਿਰ ਉਗਲਿਆ ਉਸ ਬਦਲੇ ਉਨ੍ਹਾਂ 'ਤੇ ਮੁਕੱਦਮਾ ਵੀ ਦਰਜ ਕਰ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਪਿਛਲੇ ਸਾਲ ਉਨ੍ਹਾਂ ਦੀ ਇਕ ਕਿਤਾਬ "ਅਬ ਪਾਕਿਸਤਾਨ ਟੂਟ ਜਾਨਾ ਚਾਹੀਏ" ਭਾਰਤ ਵਿਚ ਹੀ ਛਾਪੀ ਗਈ। ਅਖਬਾਰ ਲਿਖਦਾ ਹੈ ਕਿ ਜੀ ਐਮ ਸੱਯਦ ਦੇ ਦ੍ਰਿਸ਼ਟੀਕੋਣ ਦੀ ਤਫਸੀਲ ਵਿਚ ਅਸੀਂ ਇਸ ਲਈ ਨਹੀਂ ਜਾਣਾ ਚਾਹੁੰਦੇ ਕਿ ਇਕ ਤਾਂ ਉਨ੍ਹਾਂ ਦੇ ਵਿਚਾਰ ਕਿਸੇ ਨਾਲ ਨਹੀਂ ਮਿਲਦੇ। ਦੂਜਾ ਇਸ ਵਾਸਤੇ ਵੀ ਅਸੀਂ ਉਨ੍ਹਾਂ ਦੇ ਨਾਲ ਪਾਕਿਸਤਾਨ ਦੇ ਖਿਲਾਫ ਕੋਈ ਕੁਫਰ ਨਹੀਂ ਅਦਾ ਕਰਨਾ ਚਾਹੁੰਦੇ।

ਗੁਲਾਮ ਮੁਰਤਜ਼ਾ ਸੱਯਦ ਦੀ ਭਾਰਤ ਫੇਰੀ ਬਾਰੇ ਸਰਕਾਰੀ ਸੂਤਰਾਂ ਨੇ ਜਿਸ ਤਰ੍ਹਾਂ ਖਾਮੋਸ਼ੀ ਅਪਣਾ ਰੱਖੀ ਹੈ ਉਸ ਤੋਂ "ਨਵਾਏ ਵਕਤ" ਹੈਰਾਨ ਹੈ। ਅਖਬਾਰ ਲਿਖਦਾ ਹੈ ਕਿ ਅਜੀਬ ਤਮਾਸ਼ਾ ਹੈ ਕਿ ਸਿੰਧ ਦੇ ਮੁਖ ਮੰਤਰੀ ਦਾ ਕਹਿਣਾ ਹੈ ਕਿ ਜੀ ਐਮ ਸੱਯਦ ਉਪਰ ਲੱਗੀਆਂ ਸਭ ਪਾਬੰਦੀਆਂ ਮੌਜੂਦ ਹਨ। ਸਵਾਲ ਉਠਦਾ ਹੈ ਕਿ ਫਿਰ ਉਨ੍ਹਾਂ ਨਾਲ ਇਹ ਵਿਸ਼ੇਸ਼ ਵਿਵਹਾਰ ਕਿਉਂ ਕੀਤਾ ਜਾ ਰਿਹਾ ਹੈ ? ਉਹ ਬਿਮਾਰ ਹੋਣ ਤਾਂ ਰਾਸ਼ਟਰਪਤੀ ਉਨ੍ਹਾਂ ਦਾ ਹਾਲ ਚਾਲ ਪੁੱਛਣ ਜਾਂਦੇ ਹਨ। ਜਦੋਂ ਉਹ ਠੀਕ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਗੁਲਦਸਤੇ ਪੇਸ਼ ਕੀਤੇ ਜਾਂਦੇ ਹਨ। ਇਹ



ਪਾਕਿਸਤਾਨ ਸਰਕਾਰ ਦੀ ਫਰਾਖਦਿਲੀ ਹੈ ਕਿ ਸਰਹੱਦੀ ਗਾਂਧੀ ਅਤੇ ਉਨ੍ਹਾਂ ਦੇ ਬੇਟੇ ਵਲੀ ਖਾਨ ਨੂੰ ਕਾਬਲ ਤੋਂ ਲੈ ਕੇ ਮਾਸਕੋ ਤੱਕ ਤੇ ਦਿੱਲੀ ਤੋਂ ਲੈ ਕੇ ਬੰਬਈ ਤੱਕ ਹਰ ਜਗ੍ਹਾ ਜਾਣ ਦੀ ਆਜ਼ਾਦੀ ਹਾਸਲ ਹੈ। ਸਰਕਾਰ ਉਨ੍ਹਾਂ ਦਾ ਸਫਰ ਆਰਾਮਦੇਹ ਬਣਾਉਣ ਲਈ ਉਨ੍ਹਾਂ ਨੂੰ ਵਿਸ਼ੇਸ਼ ਹਵਾਈ ਜਹਾਜ਼ ਦੇਣ ਦੀ ਪੇਸ਼ਕਸ਼ ਵੀ ਕਰਦੀ ਹੈ। ਪਰ ਅਬਦੁਲ ਵਲੀ ਖਾਨ ਨੇ ਵੀ ਪਾਕਿਸਤਾਨ ਅਤੇ ਪਾਕਿਸਤਾਨ ਦੇ ਬਾਨੀ ਦੀ ਸ਼ਾਨ ਵਿਰੁੱਧ ਜੋ ਗੁਸਤਾਖ ਸ਼ਬਦ ਵਰਤੇ ਹਨ ਉਸ ਤੋਂ ਪਾਕਿਸਤਾਨ ਦੇਸ਼-ਭਗਤਾਂ ਨੂੰ ਕਾਫੀ ਸੇਕ ਪਹੁੰਚਿਆ ਹੈ।

ਸਿੰਧ ਦੀ ਖੁਦ ਮੁਖਤਾਰੀ ਲਈ ਲੜਾਈ ਦੇ ਸਿਰਕੱਢ ਨੇਤਾ ਗੁਲਾਮ ਮੁਰਤਜ਼ਾ ਸੱਯਦ ਨੇ ਆਪਣੀ ਫੇਰੀ ਸਮੇਂ ਭਾਰਤੀ ਪ੍ਰੈਸ ਸਾਹਮਣੇ ਆਪਣੀ ਸਿਆਸੀ ਵਿਚਾਰਧਾਰਾ ਬੜੀ ਖਰੀ ਖਰੀ ਪੇਸ਼ ਕੀਤੀ ਜਿਸ ਦਾ ਪਾਕਿਸਤਾਨ ਦੀ ਪ੍ਰੈਸ ਨੇ ਬਹੁਤ ਗੰਭੀਰ ਨੋਟਿਸ ਲਿਆ। ਸਾਊਥਾਲ ਤੋਂ ਛਪਦੇ ਪੰਜਾਬੀ ਸਪਤਾਹਿਕ "ਸ਼ੇਰੇ-ਏ-ਪੰਜਾਬ" ਵਲੋਂ ਆਜ਼ਾਦੀ ਅੰਕ ਵਿਚ ਸ੍ਰੀ ਜੀ ਐਮ ਸੱਯਦ ਦੀ ਛਾਪੀ ਗਈ ਵਿਸ਼ੇਸ਼ ਇੰਟਰਵਿਊ ਦੇ ਕੁਝ ਅੰਸ਼ :

? 1952 ਤੇ 1987 ਦੇ ਹਿੰਦੁਸਤਾਨ ਵਿਚ ਕੋਈ ਫਰਕ ਨਜ਼ਰ ਆਇਆ ?

— ਬੜੀਆਂ ਤਬਦੀਲੀਆਂ ਆ ਚੁੱਕੀਆਂ ਹਨ। ਫੈਜ਼ ਦੇ ਸ਼ਬਦਾਂ ਵਿਚ ਇੰਝ ਵੀ ਕਿਹਾ ਜਾ ਸਕਦਾ ਹੈ : "ਅਸੀਰ ਨਿਕਲਾ ਤੇ ਬਦਲਾ ਹੁਆ ਜ਼ਮਾਨਾ ਥਾ"

? ਹਿੰਦੋਸਤਾਨ ਦੀ ਵੰਡ ਦੀ ਜ਼ਿੰਮੇਵਾਰੀ ਤੁਸੀਂ ਕਿਸ 'ਤੇ ਪਾਉਂਦੇ ਹੋ ?

— ਕਾਇਦੇ ਆਜ਼ਮ ਮੁਹੰਮਦ ਅਲੀ ਜਿੱਨਾਹ ਤੇ ਮੁਹੰਮਦ ਇਕਬਾਲ 'ਤੇ।

? ਪਰ ਇਕਬਾਲ ਨੇ ਤਾਂ ਆਪਣੀ ਨਜ਼ਮ ਵਿਚ ਕਿਹਾ ਸੀ : ਹਿੰਦੀ ਹੈਂ ਹਮ, ਵਤਨ ਹੈ ਹਿੰਦੋਸਤਾਂ ਹਮਾਰਾ ?

— ਇਕਬਾਲ ਸਾਹਿਬ ਨੇ ਬੜੀਆਂ ਜਜ਼ਬਾਤੀ ਗੱਲਾਂ ਕੀਤੀਆਂ ਹਨ ਤੇ ਮੁਹੰਮਦ ਅਲੀ ਜਿੱਨਾਹ ਜਿਨ੍ਹਾਂ ਨੂੰ ਇਸਲਾਮ ਨਾਲ ਕੋਈ ਵਾਸਤਾ ਨਹੀਂ ਸੀ, ਉਨ੍ਹਾਂ ਇਸ ਨੂੰ ਆਪਣਾ ਉਲੂ ਸਿੱਧਾ ਕਰਨ ਲਈ ਵਰਤਿਆ ਹਿੰਦੂਆਂ ਤੇ ਮੁਸਲਮਾਨਾਂ ਵਿਚ ਤਰੇੜਾਂ ਪਾਉਣ ਲਈ ਦੋ ਕੌਮਾਂ ਦੀ ਥਿਊਰੀ ਪੈਦਾ ਕੀਤੀ।

? ਪਰ 1940 ਵਿਚ ਤੁਸੀਂ ਵੀ ਤਾਂ ਦੋ ਕੌਮਾਂ ਦੀ ਥਿਊਰੀ ਦੇ ਪੱਕੇ ਸਮਰਥਕ ਸਉ ਤੇ ਸਿੰਧ ਅਸੈਂਬਲੀ ਵਿਚ ਪਾਕਿਸਤਾਨ ਦੀ ਤਜਵੀਜ਼ ਪੇਸ਼ ਕੀਤੀ ਸੀ ?

— ਉਹ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਸੀ। ਮੈਂ ਉਸ ਹਮਾਕਤ ਉਤੇ ਸ਼ਰਮਸਾਰ ਹਾਂ।

? ਪਾਕਿਸਤਾਨੀ ਅਖਬਾਰ ਤੇ ਸਰਕਾਰ ਤੁਹਾਨੂੰ ਗੱਦਾਰ ਕਹਿੰਦੇ ਹਨ। "ਜੈ ਸਿੰਧ" ਤਹਿਰੀਕ ਦੇ ਨੇਤਾ ਹੋਣ ਕਰਕੇ ਤੁਸੀਂ ਸਿੰਧ ਨੂੰ ਪਾਕਿ ਨਾਲੋਂ ਵੱਖਰਾ ਕਰਨਾ ਚਾਹੁੰਦੇ ਹੋ ?

— ਮੈਨੂੰ ਪਾਕਿਸਤਾਨ ਦੀ ਅਖੰਡਤਾ ਤੇ ਇਤਫਾਕ ਵਿਚ ਕੋਈ ਦਿਲਚਸਪੀ ਨਹੀਂ। ਇਹ ਗਲਤ ਨੀਹਾਂ ਉਤੇ ਉਸਰੀ ਇਮਾਰਤ ਹੈ।

? ਤੁਸੀਂ ਹਿੰਦ-ਪਾਕਿ ਨੂੰ ਫਿਰ ਇਕ ਵੇਖਣਾ ਚਾਹੁੰਦੇ ਹੋ ?

— ਜੀ ਹਾਂ, ਮੈਂ ਮਹਾਰਾਜਾ ਅਸ਼ੋਕ, ਵਿਕਰਮਾਦਿੱਤ ਤੇ ਅਕਬਰ ਆਜ਼ਮ ਵਾਲਾ ਅਜ਼ੀਮ ਮੁਲਕ ਵੇਖਣਾ ਚਾਹੁੰਦਾ ਹਾਂ।

? ਤੁਸੀਂ ਹਿੰਦੁਸਤਾਨ ਤੋਂ ਕੀ ਚਾਹੁੰਦੇ ਹੋ ?

— ਸਾਨੂੰ ਭਾਰਤ ਤੋਂ ਕੋਈ ਸਿੱਧੀ ਮੱਦਦ ਨਹੀਂ ਚਾਹੀਦੀ। ਜੇ ਭਾਰਤ ਜਨੂਬੀ ਅਫਰੀਕਾ ਤੇ ਅੰਗੋਲਾ ਦੇ ਲੋਕਾਂ ਦੀ ਆਜ਼ਾਦੀ ਦੀ ਤਜਵੀਜ਼ ਪੇਸ਼ ਕਰਕੇ ਸਹਾਇਤਾ ਕਰਦਾ ਹੈ ਤਾਂ ਸਾਡੀ ਵੀ ਕਰੇ। ਸਾਨੂੰ ਕੇਵਲ ਭਾਰਤ ਦੀ ਇਖਲਾਕੀ ਮੱਦਦ ਦੀ ਲੋੜ ਹੈ।

"ਨਵਾਏ ਵਕਤ" ਵਿਚ ਹੀ ਸਿੰਧ ਸੂਬੇ ਬਾਰੇ ਇਕ ਵਿਸ਼ੇਸ਼ ਰਿਪੋਰਟ ਛਪੀ ਹੈ ਜਿਸ ਦਾ ਅਨੁਵਾਨ ਹੈ "ਸਿੰਧ ਵਿਚ ਵਿਦੇਸ਼ੀ ਤਾਕਤਾਂ ਦਾ ਵਧਦਾ ਅਸਰ ਰਸੂਖ।" ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਿੰਧ ਵਿਚ ਵਿਦੇਸ਼ੀ ਮਾਰਕੇ ਵਾਲੇ ਹਥਿਆਰਾਂ ਦਾ ਤਕੜਾ ਭੰਡਾਰ ਪਿਆ ਹੋਇਆ ਹੈ। ਵੱਖ ਵੱਖ ਰਾਜਸੀ ਮਨੋਰਥਾਂ ਵਾਲੇ ਗਰੁੱਪ ਆਪਣੇ ਆਪਣੇ ਵਰਕਰਾਂ ਨੂੰ ਸਿਖਲਾਈ ਦੇ ਰਹੇ ਹਨ। ਕੁਝ ਵਿਦੇਸ਼ੀ ਤਾਕਤਾਂ ਸਿਰਫ ਆਪਣਾ ਉਲੂ ਸਿੱਧਾ ਕਰਨ ਲਈ ਇਸ ਖੇਤਰ ਵਿਚ ਅੱਗ ਭੜਕਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਨਤੀਜਾ ਇਹ ਹੈ ਕਿ ਪਾਕਿਸਤਾਨ ਇਸ ਵੇਲੇ ਜਵਾਲਾਮੁਖੀ ਦੇ ਦਹਾਨੇ ਉਤੇ ਖੜ੍ਹਾ ਹੈ। ਹਕੀਕਤ ਤਾਂ ਇਹ ਹੈ ਕਿ ਸਿੰਧ ਅੰਦਰ ਲੜਾਈ ਪਾਕਿਸਤਾਨ ਦੀ ਨਹੀਂ ਵਿਦੇਸ਼ੀ ਤਾਕਤਾਂ ਦੀ ਹੈ ਜੋ ਉਲਝੀਆਂ ਪਈਆਂ ਹਨ। ਰੂਸ ਤੇ ਭਾਰਤ ਦੀਆਂ ਸਮਰਥਕ ਤਾਕਤਾਂ ਸਿੰਧ ਦੇ ਦਿਹਾਤੀ ਇਲਾਕਿਆਂ ਵਿਚ ਪੂਰੀ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਇਹ ਸਾਰੀਆਂ ਗੱਲਾਂ ਸਿੰਧ ਵਿਚ ਪਾਕਿਸਤਾਨ ਦੇ ਅੰਦੇਸ਼ੇ ਹੋਰ ਡੂੰਘੇ ਕਰੀ ਜਾ ਰਹੀਆਂ ਹਨ।

ਸੀ. ਆਈ. ਏ. ਜਨਰਲ ਜ਼ਿਆ ਦੀ ਜਾਸੂਸੀ ਕਰਦੀ ਰਹੀ

ਨਿਊਯਾਰਕ, (ਪੀ. ਟੀ. ਆਈ.) - ਅਮਰੀਕੀ ਖੁਫੀਆ ਏਜੰਸੀ ਸੀ. ਆਈ. ਏ. ਬਾਰੇ ਛਪੀ ਇਕ ਤਾਜ਼ਾ ਪੁਸਤਕ ਅਨੁਸਾਰ ਏਜੰਸੀ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਦੀ ਜਾਸੂਸੀ ਕਰਦੀ ਰਹੀ ਅਤੇ ਉਸ ਦੇ ਫੋਨ ਟੇਪ ਕਰਦੀ ਰਹੀ।

ਉਘੇ ਅਮਰੀਕੀ ਖੋਜੀ ਪੱਤਰਕਾਰ ਬੌਬ ਵੁਡਵਰਡ ਨੇ ਆਪਣੀ ਨਵੀਂ ਪੁਸਤਕ "ਵੀਲ ਦੀ ਸੀਕਰੇਟ ਵਾਰਜ਼ ਆਫ ਦੀ ਸੀ. ਆਈ. ਏ. 1981-87" ਵਿਚ ਇਹ ਗੱਲ ਕਹੀ ਹੈ। ਇਹ ਪੁਸਤਕ ਅਗਲੇ ਮਹੀਨੇ ਜਾਰੀ ਕੀਤੀ ਜਾਣੀ ਹੈ ਪ੍ਰੰਤੂ ਇਸ ਦੇ ਕੁਝ ਅੰਸ਼ ਪਹਿਲਾਂ ਹੀ ਜਾਰੀ ਕਰ ਦਿੱਤੇ ਗਏ ਹਨ ਜੋ ਕਿ ਕਾਫੀ ਸਨਸਨੀਖੇਜ਼ ਹਨ। ਇਥੇ ਇਹ ਵਰਨਣਯੋਗ ਹੈ ਕਿ ਵੁਡਵਰਡ ਵਲੋਂ ਕੀਤੇ ਇੰਕਸ਼ਾਫਾਂ ਦੀ ਬਦੌਲਤ ਵਾਟਰ ਗੇਟ ਸਕੈਂਡਲ ਸਾਹਮਣੇ ਆਇਆ ਅਤੇ ਪ੍ਰਧਾਨ ਨਿਕਸਨ ਦੀ ਗੱਦੀ ਖੁਸ ਗਈ।

ਇਸ ਕਿਤਾਬ ਅਨੁਸਾਰ ਸੀ. ਆਈ. ਏ. ਨੇ ਵਿਦੇਸ਼ੀ ਸਿਆਸੀ ਪਾਰਟੀਆਂ ਤੇ ਨੇਤਾਵਾਂ ਦੀ ਮਦਦ ਲਈ ਲੱਖਾਂ ਡਾਲਰ ਖਰਚ ਕੀਤੇ। ਸੀ. ਆਈ. ਏ. ਦੀ ਮਦਦ ਹਾਸਲ ਕਰਨ ਵਾਲਿਆਂ ਵਿਚ ਸਵਰਗੀ ਬਸ਼ੀਰ ਜਮਾਇਲ ਹਨ ਜਿਨ੍ਹਾਂ ਲਿਬਨਾਨ ਦਾ ਰਾਸ਼ਟਰਪਤੀ ਬਨਣ ਤੋਂ ਪਹਿਲਾਂ ਇਹ ਮਦਦ ਲਈ। ਅਲ ਸਲਵਾਡੋਰ ਦੇ ਰਾਸ਼ਟਰਪਤੀ ਜੋਜ਼ ਨੈਪੋਲੀਅਨ ਡੁਆਰਟੇ ਨੂੰ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਹੀ ਸੀ. ਆਈ. ਏ. ਤੋਂ ਪੈਸੇ ਮਿਲਦੇ ਰਹੇ। ਡੋਮੀਨੀਕਾ ਦੀ ਪ੍ਰਧਾਨ ਮੰਤਰੀ ਕੁਮਾਰੀ ਇਉਜੇਨੀਆ ਚਾਰਲਸ ਵੀ ਪੈਸੇ ਪ੍ਰਾਪਤ ਕਰਨ ਵਾਲਿਆਂ ਵਿਚ ਸੀ।

ਸੀ. ਆਈ. ਏ. ਨੂੰ ਸੂਹ ਮਿਲੀ ਸੀ ਕਿ ਮਿਸਰ ਦੇ ਰਾਸ਼ਟਰਪਤੀ ਅਨਵਰ ਸਦਾਤ ਤੰਬਾਕੂ 'ਚ ਨਸ਼ਾ ਪੀਂਦੇ ਹਨ, ਸਾਊਦੀ ਅਰਬ ਦੇ ਸ਼ਾਹ ਫਾਹਦ ਨੂੰ ਇਕ ਵੇਰ ਸ਼ਰਾਬ ਤੋਂ ਪਿੱਛਾ ਛੁਡਾਉਣਾ ਔਖਾ ਹੋ ਗਿਆ ਸੀ ਅਤੇ ਕਰਨਲ ਮੁਆਸਰ ਗੱਦਾਫੀ ਮੇਕਅੱਪ ਕਰਦਾ ਹੈ ਅਤੇ ਉਚੀ ਅੱਡੀ ਦੀ ਜੁੱਤੀ ਪਹਿਨਦਾ ਹੈ।

ਨੈਣ ਤੇਰੇ ਕਹਿ ਸਕੇ ਨਾ ਹੋਠ ਵੀ ਕੰਬਦੇ ਰਹੇ,
ਮੇਰੇ ਦਿਲ ਨੂੰ ਅੱਜ ਸੁਣਾਈ ਧੜਕਣਾਂ ਨੇ ਵਾਤ ਹੈ

ਕੇਂਦਰ ਰਾਹਤ ਦੇਣ 'ਚ ਫੇਲ੍ਹ

2500 ਮਨੁੱਖੀ ਜਾਨਾਂ ਔੜ ਦੀ ਭੇਟ ਹੋ ਗਈਆਂ

ਸ਼ਿਮਲਾ — ਕੁਲ ਹਿਂਦ ਕਬਾਇਲੀ ਅਤੇ ਘੱਟ ਗਿਣਤੀਆਂ ਦੇ ਕਮਿਸ਼ਨ ਦੇ ਚੇਅਰਮੈਨ ਐਮ ਐਸ ਨੇਗੀ ਅਨੁਸਾਰ ਪਿਛਲੇ ਛੇ ਮਹੀਨਿਆਂ ਦੌਰਾਨ ਦੇਸ਼ ਦੇ ਕਬਾਇਲੀ ਇਲਾਕਿਆਂ ਵਿਚ ਕੋਈ 2500 ਕਬਾਇਲੀ ਲੋਕ ਤੇ 125000 ਤੋਂ ਵੱਧ ਪਸ਼ੂ ਭੁਖਮਰੀ ਅਤੇ ਬਿਮਾਰੀਆਂ ਕਾਰਨ ਮਰ ਚੁਕੇ ਹਨ। ਏਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਨੇਗੀ ਨੇ ਕਿਹਾ ਕਿ ਸਿਰਫ ਉੜੀਸਾ ਵਿਚ ਹੀ ਪਿਛਲੇ ਤਿੰਨ ਮਹੀਨਿਆਂ ਦੌਰਾਨ 400 ਕਬਾਇਲੀ ਲੋਕ ਭੁਖਮਰੀ ਕਾਰਨ ਮਰ ਚੁਕੇ ਹਨ। ਉਹਨਾਂ ਕਿਹਾ ਕਿ ਉੜੀਸਾ ਵਿਚ ਕੋਸ਼ੀਪੁਰ ਜ਼ਿਲੇ ਦਾ ਕੋਸ਼ੀਪੁਰ ਬਲਾਕ ਔੜ ਦੀ ਭਿਆਨਕ ਮਾਰ ਹੇਠਾਂ ਆਇਆ। ਉਨ੍ਹਾਂ ਅਗੇ ਕਿਹਾ ਕਿ ਰਾਜਿਸਥਾਨ ਬਿਹਾਰ, ਗੁਜਰਾਤ ਅਤੇ ਮੱਧ-ਪ੍ਰਦੇਸ਼ ਦੂਸਰੇ ਸੂਬੇ ਹਨ ਜਿਥੇ ਭੁਖਮਰੀ ਕਾਰਨ ਮੌਤਾਂ ਹੋਈਆਂ ਅਤੇ ਕਬਾਇਲੀ ਲੋਕਾਂ ਦੀ ਹਾਲਤ ਦੁਖਦਾਈ ਹੈ।

ਉਹਨਾਂ ਦੋਸ਼ ਲਗਾਇਆ ਕਿ ਸਰਕਾਰ ਔੜ ਦੀ ਮਾਰ ਹੇਠ ਆਏ ਲੋਕਾਂ ਦੇ ਦੁੱਖ-ਤਕਲੀਫਾਂ ਨੂੰ ਦੂਰ ਕਰਨ ਵਿਚ ਉਕਾ ਹੀ ਅਸਫਲ ਰਹੀ ਹੈ ਅਤੇ ਕਬਾਇਲੀ ਇਲਾਕਿਆਂ ਵਿਚ ਭੋਜਨ, ਚਾਰੇ ਤੇਲ ਤੇ ਪੀਣ ਵਾਲਾ ਪਾਣੀ ਦੀ ਕਿਲਤ ਹੈ। ਉਹਨਾਂ ਕਿਹਾ ਕਿ ਰਾਹਿਤ ਕਾਰਜਾਂ ਵਿਚੋਂ ਸਰਕਾਰੀ ਅਧਿਕਾਰੀ ਅਤੇ ਦੂਸਰੀਆਂ ਏਜੰਸੀਆਂ ਆਪਣੀਆਂ ਜੇਬਾਂ ਭਰ ਰਹੇ ਹਨ ਜਦੋਂ ਕਿ ਅਸਲ ਦੁੱਖ ਝੱਲਣ ਵਾਲਿਆਂ ਦੇ ਪੱਲੇ ਕੁਝ ਨਹੀਂ ਪਾਇਆ ਜਾ ਰਿਹਾ। ਅਤੇ ਸਰਕਾਰ ਵਲੋਂ ਇਸ ਸਬੰਧ 'ਚ ਕੋਈ ਕਦਮ ਨਹੀਂ ਚੁਕਿਆ ਜਾ ਰਿਹਾ।

ਏਡਜ਼ ਦੀ ਮਰੀਜ ਸੰਬੰਧੀ ਡਾ: ਦਾ ਦਾਅਵਾ

ਜਲੰਧਰ — ਨਵਾਂ ਸ਼ਹਿਰ ਕਸਬੇ ਦਾ ਡਾਕਟਰ ਗੁਰਬਖਸ਼ ਸਿੰਘ ਗੁਰਨਾਮ ਕੌਰ ਨਾਮੀ ਏਡਜ਼ ਦੀ ਮਰੀਜ਼ ਔਰਤ ਦਾ ਇਲਾਜ ਕਰ ਰਿਹਾ ਸੀ। ਜਿਸ ਦਾ ਪਤੀ ਇਸੇ ਹੀ ਬੀਮਾਰੀ ਕਾਰਨ ਪਿਛਲੇ ਸਾਲ ਜਲੰਧਰ ਸਿਵਲ ਹਸਪਤਾਲ ਵਿਚ ਦਮ ਤੋੜ ਗਿਆ ਸੀ। ਉਸਦਾ ਇਲਾਜ ਕੁਝ ਸਮਾਂ ਪਹਿਲਾਂ ਉਦੋਂ ਬੰਦ ਕਰ ਦਿੱਤਾ ਗਿਆ ਸੀ ਜਦੋਂ ਮਰੀਜ਼ ਸਿਵਲ ਹਸਪਤਾਲ ਜਲੰਧਰ ਵਿਚ ਦਾਖਲ ਕਰਾ ਦਿੱਤਾ ਗਿਆ ਸੀ। ਡਾ: ਗੁਰਬਖਸ਼ ਸਿੰਘ ਨੇ ਫਿਰ ਦਾਅਵਾ ਕੀਤਾ ਹੈ ਕਿ ਜਿਥੋਂ ਤੱਕ ਏਡਜ਼ ਦਾ ਸਬੰਧ ਹੈ ਸ੍ਰੀਮਤੀ ਗੁਰਨਾਮ ਕੌਰ ਦਾ ਇਲਾਜ ਹੋ ਚੁਕਾ ਹੈ।



ਨੇਰ੍ਹ ਨਫਰਤ ਦਾ ਮਨਾਂ 'ਚੋਂ ਦੂਰ ਹੋਵੇ,
ਆਓ ਕੁਝ ਸਾਂਝਾਂ ਦੇ ਦੀਵੇ ਬਾਲੀਏ

ਜਮਹੂਰੀਅਤ ਬਚਾਉਣ ਲਈ ਵੀ. ਪੀ. ਸਿੰਘ ਵਲੋਂ ਜਨ-ਅੰਦੋਲਨ ਚਲਾਏ ਜਾਣ ਦਾ ਸੱਦਾ

ਪਟਨਾ — ਜਨ ਮੋਰਚੇ ਦੇ ਆਗੂ ਸ੍ਰੀ ਵੀ ਪੀ ਸਿੰਘ ਨੇ ਇਥੇ ਕਿਹਾ ਹੈ ਕਿ ਦੇਸ਼ ਵਿਚ ਜਮਹੂਰੀ ਸੰਸਥਾਵਾਂ ਨੂੰ ਦੌਲਤ ਸ਼ਕਤੀ ਦੇ ਦਬਾਅ ਤੋਂ ਮੁਕਤ ਕਰਵਾਇਆ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਜਦੋਂ ਤੱਕ ਚੋਣਾਂ ਇਜਾਰੇਦਾਰਾਂ ਦੇ ਫੰਡਾਂ ਨਾਲ ਲੜੀਆਂ ਜਾਂਦੀਆਂ ਰਹਿਣਗੀਆਂ, ਸਤਾਧਾਰੀ ਪਾਰਟੀ ਨੂੰ ਪੂੰਜੀਪਤੀਆਂ ਦੇ ਇਸ਼ਾਰਿਆਂ ਉਪਰ ਨਚਦੇ ਰਹਿਣਾ ਪਵੇਗਾ। ਸ੍ਰੀ ਸਿੰਘ ਇਥੇ ਜੇ. ਪੀ. ਵਿਚਾਰ ਮੰਚ ਵਲੋਂ ਅਯੋਜਤ ਜੈ ਪ੍ਰਕਾਸ਼ ਜਾਇੰਤੀ ਸਮਾਰੋਹ ਵਿਚ ਬੋਲ ਰਹੇ ਸਨ।

ਸ੍ਰੀ ਸਿੰਘ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਜੈ ਪ੍ਰਕਾਸ਼ ਨਰਾਇਣ ਦੀ ਧਰਤੀ ਤੋਂ ਜਮਹੂਰੀਅਤ ਬਚਾਉਣ ਵਾਸਤੇ ਅੰਦੋਲਨ ਅਰੰਭਿਆ ਜਾਵੇ। ਉਹਨਾਂ ਅਗੇ ਕਿਹਾ ਕਿ ਜਦੋਂ ਵੀ ਰਾਸ਼ਟਰੀ ਕਾਜ ਚਲਿਆ ਤਾਂ ਇਸ ਪ੍ਰਾਂਤ ਦੀ ਧਰਤੀ ਤੋਂ ਹੀ ਚਲਿਆ। ਇਸ ਅਵਸਰ 'ਤੇ ਜਨਮੰਚ ਦੇ ਕਨਵੀਨਰ ਸ੍ਰੀ ਰਾਮ ਧਨ, ਵੀ ਸੀ ਸ਼ੁਕਲਾ ਸਾਬਕ ਕੇਂਦਰੀ ਮੰਤਰੀ, ਸ੍ਰੀ ਸ਼ਰਦ ਜੋਸ਼ੀ ਸ਼ੇਤਕਰੀ ਸੰਗਠਨ ਮਹਾਂਰਾਸ਼ਟਰ, ਮੁਫਤੀ ਮੁਹੰਦ ਸਯਦ ਸਾਬਕਾ ਕੇਂਦਰੀ ਮੰਤਰੀ, ਨਿਤਸ਼ ਕੁਮਾਰ ਅਤੇ ਗੌਤਮ ਸਾਗਰ ਰਾਣਾ ਬਿਹਾਰ ਵਿਚ ਲੋਕ ਦਲ ਵਿਧਾਇਕ। ਇਸ ਤੋਂ ਪਹਿਲਾਂ ਸ੍ਰੀ ਸਿੰਘ ਦੇ ਪਟਨਾ ਹਵਾਈ ਅੱਡੇ 'ਤੇ ਪਹੁੰਚਣ ਤੇ ਉਹਨਾਂ ਦਾ ਕਈ ਜਨਤਾ ਅਤੇ ਲੋਕ ਦਲ ਆਗੂਆਂ ਨੇ ਜੇ ਪੀ ਵਿਚਾਰ ਮੰਚ ਦੇ ਵਰਕਰਾਂ ਨੇ ਪੁਰਜ਼ੋਰ ਸਵਾਗਤ ਕੀਤਾ।

ਰਾਸ਼ਟਰ ਵਿਰੋਧੀ ਕਾਰਵਾਈਆਂ ਕਰਨ ਵਾਲੇ ਸਖਤੀ ਨਾਲ ਕੁਚਲੇ ਜਾਣਗੇ — ਗਵਰਨਰ ਰੇਅ

ਲੁਧਿਆਣਾ — ਪੰਜਾਬ ਦੇ ਗਵਰਨਰ ਸ੍ਰੀ ਐਸ ਐਸ ਰੇਅ ਨੇ ਇਥੇ ਐਲਾਨ ਕੀਤਾ ਕਿ ਰਾਸ਼ਟਰੀ-ਵਿਰੋਧਵਾਦ ਨੂੰ ਕਿਸੇ ਵੀ ਰੂਪ ਵਿਚ ਸਹਿਣ ਨਹੀਂ ਕੀਤਾ ਜਾਵੇਗਾ ਅਤੇ ਇਸ ਨੂੰ ਮਜ਼ਬੂਤ ਕਰਨ ਵਾਲੀਆਂ ਸ਼ਕਤੀਆਂ ਨਾਲ ਪੂਰੀ ਦ੍ਰਿੜ੍ਹਤਾ ਤੇ ਕਰੜਾਈ ਨਾਲ ਨਿਪਟਿਆ ਜਾਵੇਗਾ। ਪੰਜਾਬ ਗਵਰਨਰ ਏਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਅਤੇ ਉਹਨਾਂ ਅਖੌਤੀ ਖਾਲਿਸਤਾਨ ਕੌਂਸਲ ਦੇ ਬਣਨ ਨੂੰ ਪੰਥਕ ਕਮੇਟੀ ਵਲੋਂ ਸਿਰਫ ਇਕ ਸਟੰਟ ਹੀ ਦੱਸਿਆ। ਉਹਨਾਂ ਕਿਹਾ ਕਿ ਪੰਥਕ ਕਮੇਟੀ ਵਿਚ ਰਾਸ਼ਟਰ-ਵਿਰੋਧੀ ਤੱਤ ਸ਼ਾਮਲ ਹਨ।

ਉਹਨਾਂ ਕਿਹਾ ਕਿ ਦਹਿਸ਼ਤਗਰਦਾਂ ਵਿਰੁਧ ਸੰਘਰਸ਼ ਬਹੁਤ ਹੀ ਗੰਭੀਰ ਹੱਦਾਂ ਛੂਹ ਗਿਆ ਹੈ ਅਤੇ ਪੁਲਸ ਤੇ ਲੋਕਾਂ ਵਿਚ ਹੁਣ ਅਤਿਵਾਦ ਵਿਰੁਧ ਲੜਨ ਲਈ ਬਹੁਤ ਦ੍ਰਿੜ੍ਹਤਾ ਹੈ। ਜਦੋਂ ਸ੍ਰੀ ਰੇਅ ਨੂੰ ਪੁਛਿਆ ਗਿਆ ਕਿ ਅਤਿਵਾਦ ਨੂੰ ਖਤਮ ਕਰਨ ਨੂੰ ਕਿੰਨਾ ਸਮਾਂ ਲੱਗੇਗਾ ਤਾਂ ਉਹਨਾਂ ਕਿਹਾ ਕਿ ਅਸੀਂ ਹੁਣ ਠੀਕ ਰਾਹ ਤੇ ਆ ਗਏ ਹਾਂ ਪਰ ਉਹਨਾਂ ਕਿ ਉਹ ਕੋਈ ਜੋਤਸ਼ੀ ਨਹੀਂ ਜਿਹੜਾ ਇਹ ਦਸ ਸਕੇ ਕਿ ਅਤਿਵਾਦ ਕਦੋਂ ਖਤਮ ਹੋਵੇਗਾ। ਉਹਨਾਂ ਕਿਹਾ ਕਿ ਪਿੰਡਾਂ ਵਿਚ ਬਣਾਈਆਂ ਗਈਆਂ ਅਮਨ ਅਤੇ ਵਿਕਾਸ ਕਮੇਟੀਆਂ ਜਿਹਨਾਂ 'ਚ ਰਾਜਨੀਤਕ ਪਾਰਟੀਆਂ ਸ਼ਾਮਲ ਹਨ, ਦੀ ਕਾਰਗੁਜ਼ਾਰੀ ਬਹੁਤ ਵਧੀਆ ਹੈ ਅਤੇ ਲੋਕ ਇਹਨਾਂ 'ਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ।

ਭਾਰਤ ਨੂੰ ਅਸਥਿਰ ਬਣਾਉਣ ਲਈ ਅਮਰੀਕਾ ਦਾ ਹੱਥ ਮੰਨਿਆ

ਨੀਊਯਾਰਕ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਪ੍ਰਮਾਣੂ ਹਥਿਆਰਾਂ ਉਤੇ ਪਾਬੰਦੀ ਲਗਾਉਣ ਲਈ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੰਧੀ ਬਾਰੇ ਅਮਰੀਕੀ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਕ ਅਜਿਹੀ ਸੰਧੀ ਨਾਲ ਅਮਰੀਕਾ ਨੂੰ ਪਾਕਿਸਤਾਨ ਦੇ ਨਿਊਕਲਿਆਈ ਪਰੋਗਰਾਮ ਪ੍ਰਤੀ ਅੱਖਾਂ ਮੀਟਣ ਦਾ ਬਹਾਨਾ ਮਿਲੇਗਾ ਸ੍ਰੀ ਗਾਂਧੀ ਨੇ ਨਿਊਯਾਰਕ ਟਾਈਮਜ਼ ਨੂੰ ਇਕ ਇੰਟਰਵਿਊ ਵਿਚ ਕਿਹਾ "ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਨਾਲ ਉਨ੍ਹਾਂ ਦਾ ਨਿਊਕਲਿਆਈ ਪਰੋਗਰਾਮ ਬੰਦ ਨਹੀਂ ਹੋਵੇਗਾ।" ਸ੍ਰੀ ਗਾਂਧੀ ਨੇ ਕਿਹਾ ਕਿ ਸਿਰਫ ਸੰਧੀਆਂ ਨਾਲ ਹੀ ਪਾਕਿਸਤਾਨ ਦੇ ਨਿਊਕਲਿਆਈ ਪਰੋਗਰਾਮ ਨੂੰ ਖਤਮ ਨਹੀਂ ਕਰਵਾਇਆ ਜਾ ਸਕਦਾ। ਸ੍ਰੀ ਗਾਂਧੀ ਦਾ ਇਸ ਸੰਧੀ ਨੂੰ ਰੱਦ ਕਰਨਾ ਇਸ ਪੱਖੋਂ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ ਕਿ ਅਗਲੇ ਹਫਤੇ ਉਹ ਅਮਰੀਕਾ ਦਾ ਦੌਰਾ ਕਰ ਰਿਹਾ ਹੈ ਅਤੇ ਰਾਸ਼ਟਰਪਤੀ ਰੀਗਨ ਨਾਲ ਗਲਬਾਤ ਦੌਰਾਨ ਇਹ ਮਾਮਲਾ ਵਿਚਾਰ ਅਧੀਨ ਆਵੇਗਾ।

ਪ੍ਰਧਾਨ ਮੰਤਰੀ ਨੇ ਅਮਰੀਕਾ ਨਾਲ ਸੰਬੰਧਾਂ ਬਾਰੇ ਟਿਪਣੀ ਕਰਦਿਆਂ ਕਿਹਾ ਕਿ ਵਿਉਪਾਰ, ਟੈਕਨੋਲੋਜੀ ਦੇ ਵਿਟਾਂਦਰੇ ਅਤੇ ਦੂਸਰੇ ਖੇਤਰਾਂ 'ਚ ਦੋਹਾਂ ਦੇਸ਼ਾਂ ਵਿਚਕਾਰ ਸਬੰਧ ਵਧ ਰਹੇ ਹਨ।

ਇੰਟਰਵੀਊ ਵਿਚ ਲਿਖਿਆ ਗਿਆ ਹੈ ਕਿ ਸ੍ਰੀ ਗਾਂਧੀ ਇਸ ਗੱਲ ਉਤੇ ਕਾਇਮ ਰਹੇ ਹਨ ਕਿ ਜਿਨ੍ਹਾਂ ਬਦੇਸ਼ੀ ਤਾਕਤਾਂ ਵਲੋਂ ਭਾਰਤ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਅਮਰੀਕਾ ਅਤੇ ਇਸ ਦੀ ਖੁਫੀਆ ਏਜੰਸੀ ਸੀ. ਆਈ. ਏ. ਵੀ ਸ਼ਾਮਲ ਹਨ। ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਆਪਣੀ ਪਾਰਟੀ ਅਤੇ ਸਰਕਾਰ ਵਿਚ ਵਾਪਰੀਆਂ ਕੁਝ ਤਾਜ਼ਾ ਘਟਨਾਵਾਂ 'ਚ ਆਪਣਾ ਕਸੂਰ ਮੰਨਿਆ ਹੈ। ਪਰ ਉਸਨੇ ਕਿਹਾ ਕਿ ਉਸਦੇ ਕੁਝ ਰਾਜਨੀਤਕ ਸਾਥੀਆਂ ਨੇ ਉਸਦੀਆਂ ਲੱਤਾਂ ਖਿਚਣ ਦੀਆਂ ਕੋਸ਼ਿਸ਼ਾਂ ਕੀਤੀਆਂ। ਨੀਊ ਟਾਈਮਜ਼ ਨੂੰ ਇੰਟਰਵਿਊ ਵਿਚ ਉਨ੍ਹਾਂ ਨੂੰ ਇਸ ਬਾਰੇ ਬਹੁਤ ਦੇਰ ਨਾਲ ਪਤਾ ਲੱਗਾ ਕਿ ਉਸ ਵਿਚ ਨਾਰਾਜ਼ਗੀ ਫੈਲੀ ਹੋਈ ਹੈ। ਸ੍ਰੀ ਗਾਂਧੀ ਨੇ ਇਸ ਗੱਲ ਤੇ ਨਿਰਾਸਤਾ ਦਾ ਪ੍ਰਗਟਾਵਾ ਕੀਤਾ ਕਿ ਉਸਦੇ ਬਹੁਤ ਸਾਰੇ ਸਾਥੀ ਉਸਦੀ ਸਰਕਾਰ ਛੱਡ ਗਏ ਹਨ ਜਾਂ ਸਰਕਾਰ ਵਿਚੋਂ ਕੱਢ ਦਿਤੇ ਗਏ ਹਨ।

ਅੱਗ 'ਚ ਝੁਲਸੀਆਂ ਦੋ ਔਰਤਾਂ ਦਮ ਤੋੜ ਗਈਆਂ

ਜਲੰਧਰ — ਇਕ ਵਿਅਕਤੀ ਜਿਸ ਦੀ ਅਜੇ ਪਛਾਣ ਨਹੀਂ ਹੋ ਸਕੀ, ਪੁਲਸ ਡਵੀਜ਼ਨ ਨੰਬਰ ਚਾਰ ਦੇ ਖੇਤਰ ਵਿਚ ਇਕ ਤੇਜ਼ ਰਫਤਾਰ ਕਾਰ ਨਾਲ ਟਕਰਾ ਕੇ ਹਲਾਕ ਹੋ ਗਿਆ। ਇਕ ਬਾਰਾਂ ਸਾਲਾ ਮੁੰਡਾ ਮਨੋਹਰ ਲਾਲ ਜਲੰਧਰ ਕੈਂਟ ਖੇਤਰ ਵਿਚ ਹੋਏ ਇਕ ਹੋਰ ਸੜਕ ਹਾਦਸੇ ਵਿਚ ਹਲਾਕ ਹੋ ਗਿਆ। ਪੁਲਸ ਨੇ ਦੋਨੋਂ ਲਾਸ਼ਾਂ ਪੋਸਟ ਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤੀਆਂ ਹਨ।

ਇਸੇ ਦੌਰਾਨ ਭਜਨ ਕੌਰ ਅਤੇ ਬਲਜਿੰਦਰ ਕੌਰ ਜੋ ਆਪਣੇ ਆਪਣੇ ਘਰਾਂ ਵਿਚ ਖਾਣਾ ਬਣਾਉਂਦੀਆਂ ਅੱਗ ਲੱਗਣ ਕਾਰਨ ਝੁਲਸ ਗਈਆਂ ਸਨ ਸਥਾਨਕ ਸਿਵਲ ਹਸਪਤਾਲ ਵਿਚ ਦਮ ਤੋੜ ਗਈਆਂ। ਭਜਨ ਕੌਰ ਜਲੰਧਰ ਜ਼ਿਲੇ ਦੇ ਪਿੰਡ ਲੜੋਈ ਤੇ ਬਲਜਿੰਦਰ ਕੌਰ ਹੁਸ਼ਿਆਰ ਪੁਰ ਜ਼ਿਲੇ ਦੇ ਭੂੰਗਾ ਦੀ ਵਸਨੀਕ ਸੀ। ਯਾਦ ਰਹੇ ਕਿ ਪਹਿਲਾਂ ਇਸ ਹਸਪਤਾਲ ਵਿਚ ਤਿੰਨ ਔਰਤਾਂ ਅੱਗ ਲੱਗਣ ਨਾਲ ਸੜਨ ਮਗਰੋਂ ਮਰ ਗਈਆਂ ਸਨ।

ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸ੍ਰੀ ਰਾਜੀਵ ਗਾਂਧੀ ਨੂੰ ਮੈਮੋਰੈਂਡਮ

ਵੈਨਕੂਵਰ — ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸਾਥੀ ਪਿਆਰ੍ਹਾ ਸਿੰਘ ਬਾਸੀ, ਸੂਫੀ ਅਮਰਜੀਤ ਅਤੇ ਸਾਥੀ ਗੁਰਨਾਮ ਸਿੰਘ ਸੰਘੇੜਾ ਤੇ ਆਧਾਰਤ ਇਕ ਡੈਲੀਗੇਸ਼ਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਕ ਮੈਮੋਰੈਂਡਮ ਦਿਤਾ ਗਿਆ, ਜਿਸ ਵਿਚ ਪੰਜਾਬ ਦੇ ਮਸਲੇ ਦੇ ਤੁਰੰਤ ਰਾਜਸੀ ਹੱਲ, ਪੰਜਾਬ ਸਮਝੌਤਾ ਲਾਗੂ ਕਰਨ, ਦਿੱਲੀ ਦੇ ਦੰਗਿਆਂ ਦੇ ਜ਼ਿਮੇਵਾਰਾਂ ਨੂੰ ਸਖਤ ਸਜ਼ਾਵਾਂ, ਜੋਧਪੁਰ ਦੇ ਨਿਰਦੋਸ਼ੇ ਕੈਦੀਆਂ ਦੀ ਰਿਹਾਈ ਆਦਿ ਅਤੇ ਭਾਰਤੀ ਮੂਲ ਦੇ ਬਦੇਸ਼ੀ ਸਹਿਰੀਆਂ ਤੋਂ ਵੀਜ਼ੇ ਦੀ ਪਾਬੰਦੀ ਹਟਾਉਣ, ਭਾਰਤ ਵਿਚ ਜਨਮੇ ਲੋਕਾਂ ਨੂੰ ਇੰਗਲੈਂਡ ਦੇ ਕਾਨੂੰਨ ਦੇ ਵਾਂਗ ਸ਼ਹਿਰੀਅਤ ਦੇ ਅਧਿਕਾਰ, ਦਿੱਲੀ ਹਵਾਈ ਅੱਡੇ ਉਪਰ ਇਮੀਗਰੇਸ਼ਨ ਅਤੇ ਕਸਟਮ ਅਧਿਕਾਰੀਆਂ ਵਲੋਂ ਕੀਤੀ ਜਾਂਦੀ ਖੁਆਰੀ ਨੂੰ ਰੋਕਣ ਦੀ ਮੰਗ ਕੀਤੀ ਗਈ ਹੈ।

East Indian Workers' Association of Canada

Memorandam To

Honourable Mr. Rajiv Gandhi

The Prime Minister Of India

Dear Sir,

You are in Canada to attend The Commonwealth Conference of the 49 Countries, to discuss the mutual interests, problems and also the relevant issues of the world. The Sanctions against racist South Africa, The Coup in Fiji, The violent Conflicts in Sri-Lanka and your role in these situations will be acknowledged. We appreciate your role in Sri-Lanka and against South Africa.

But we are also deeply interested in the internal affairs of India . and are also worried concerning the integrity and unity of India. The deteriorating situation of India is a great concern not only to the Indians but also to the Indian citizens and the people of Indian origin living abroad. We are living in a country where from the great "Gadhari Babas" led the life and death struggle for the Independence of India. They were above communalism and they led the struggle to The Independence of India. We are distressed at the internal danger from the separatist and Communalist forces and also at the scandalous situation prevalent in India. We are disturbed because we have Social-economic and even emotional ties with India. We intend to see a vibrant and prosperous India. But, what we are witnessing is, the poor getting poorer and the rich getting richer. The country is rocking with scandals, malpractices, bribery, and nepotism.

You are The Prime Minister of the Country and the people of India put you in power in the name of the Unity of the Country (means defeating separatist forces) and the amelioration of the poverty ridden people.

Your stance has not been helpful to launch any effective campaign to isolate and combat the separatist and communalist forces. You made no effort to create national consciousness of being an Indian as you yourself acknowledged in the National Intregration Council. Whatever it did, that was abortive. Rather, you have been hob nobbing with Communalists and Casteist forces.

The East Indian Workers' Association of Canada has been in the fore front to fight and isolate the separatist and extremist elements in Canada. We are also the proponent of Socialistic pattern of society in India. That's why we support the Campaign run by the democratic forces of India to mobilise people in bringing about a radical change in the Social-economic structure of India. You are quite aware yourself that people are quite concerned about the present situation. Here are some of the points:

— Implement your Punjab agreement, with the late Longowal, immediately.

— The people responsible for the murderous attacks and the mass killing of the Sikhs in Delhi, should be punished.

— The innocent prisoners in Jodhpur Jail should be released.

— End the Presidential rule in Punjab.

Launch the political campaign for the isolation of the extremists in Punjab and other provinces.

— The secular policies must be followed very strictly.

— Stop indulging in opportunist agreements with anti-people and anti-India forces such as Gana Parishad of Assam Mizoram National Front, Gorkhaland which are not in the interests of India.

— We also demand that the people of Indian origin (born in India) living abroad with foreign citizenships should be allowed to visit India without any Visa restrictions. This can be done under the Patrial Clause as is in the U.K.

— The Visa for Indians should be abolished.


— The harassment at the Delhi airport by the Customs and immigration officers be stopped forthwith. The visitors have been pointing out these difficulties but nothing has been done rather it has gotten worse.

— So we ask you to resolve these problems immediately.

These are various other points that have given certain indicators of your government's inability to tackle the grave situation. To see who want to fight out Communalism by associating with fundamentalists in the name of relegious minority persecution are the culprits as well. We know that foreign imperialist forces are active in destablizing India.

Keeping the whole situation in view, we will urge you to resolve all the above problems and also ask you to eliminate barriers created for the visit of the people of Indian origin living abroad.


Yours truly,
East Indian Workers' Association Of Canada
P.O.BOX 67534 STN. 'O'
Vancouver, B.C. V5W 3T9
Canada



ਖਾੜਕੂ ਰੋਲ ਕਰਨ ਵਾਲੀਆਂ ਹੀਰੋਇਨਾਂ ਦਾ ਬਾਜ਼ਾਰ ਗਰਮ

ਨਿਰਮਾਤਾ ਰਾਮਾ ਜੀ ਰਾਓ ਅਤੇ ਨਿਰਦੇਸ਼ਕ ਐਨ ਚੰਦਰਾ ਦੀ ਫਿਲਮ 'ਪ੍ਰਤੀਘਾਤ' ਦੀ ਰਿਕਾਰਡ ਤੋੜ ਸਫਲਤਾ ਨੇ ਖਾੜਕੂ ਔਰਤਾਂ ਦੇ ਵਿਸ਼ੇ ਤੇ ਆਧਾਰਿਤ ਫਿਲਮਾਂ ਲਈ ਇਕ ਨਵਾਂ ਮੈਦਾਨ ਬਣਾ ਦਿਤਾ ਹੈ। ਪਿਛਲੇ ਕਈ ਸਾਲਾਂ ਤੋਂ, ਜਦ ਤੋਂ ਅਮਿਤਾਭ ਬਚਨ ਨੇ ਫਿਲਮਾਂ ਵਿਚ ਖਾੜਕੂ ਰੋਲ ਕਰਨੇ ਸ਼ੁਰੂ ਕੀਤੇ ਸਨ, ਹਿੰਦੀ ਫਿਲਮਾਂ ਦੀ ਹੀਰੋਇਨ ਕੇਵਲ ਗਾਣੇ ਗਾਉਣ ਵਾਲੀ ਗਲੈਮਰ ਗਰਲ ਬਣ ਕੇ ਹੀ ਰਹਿ ਗਈ ਸੀ ਕਿਉਂਕਿ ਅਮਿਤਾਭ ਟਾਈਪ ਫਿਲਮਾਂ ਵਿਚ ਹੀਰੋਇਨਾਂ ਦਾ ਨਾ ਬਹੁਤਾ ਮਹੱਤਵ ਹੁੰਦਾ ਹੈ ਅਤੇ ਨਾ ਹੀ ਉਸ ਲਈ ਕਹਾਣੀ ਵਿਚ ਕੋਈ ਵਧੀਆ ਰੋਲ ਰਖਿਆ ਜਾਂਦਾ ਹੈ। 'ਪ੍ਰਤੀਘਾਤ' ਦੀ ਹੀਰੋਇਨ ਸੁਜਾਤਾ ਮਹਿਤਾ ਬਿਲਕੁਲ ਅਮਿਤਾਭ ਟਾਈਪ ਰੋਲ ਵਿਚ ਦਿਖਾਈ ਗਈ ਹੈ ਜੋ ਡਟ ਕੇ ਮਰਦ ਸਮਾਜ ਦੇ ਜਬਰ ਜ਼ੁਲਮ ਦਾ ਮੁਕਾਬਲਾ ਕਰਦੀ ਹੈ, ਉਸ ਨੂੰ ਤਕੜੇ ਦਿਲ ਨਾਲ ਸਹਿੰਦੀ ਹੈ ਤੇ ਉਸ ਨੂੰ ਖਤਮ ਕਰਨ ਲਈ ਹਿੰਸਾ ਤੇ ਉਤਾਰੂ ਹੋ ਜਾਂਦੀ ਹੈ। ਦਰਸ਼ਕਾਂ ਨੇ ਸੁਜਾਤਾ ਮਹਿਤਾ ਨੂੰ ਇਸ ਸ਼ੀ-ਅਮਿਤਾਭ ਰੋਲ ਵਿਚ ਕਾਫੀ ਪਸੰਦ ਕੀਤਾ ਹੈ। ਫਿਲਮ ਦੀ ਸਫਲਤਾ ਪਿਛੋਂ ਹੁਣ ਬਹੁਤ ਸਾਰੀਆਂ ਹੀਰੋਇਨ ਪ੍ਰਧਾਨ ਫਿਲਮਾਂ ਬੜੇ ਜ਼ੋਰ ਸ਼ੋਰ ਨਾਲ ਆਉਣੀਆਂ ਸ਼ੁਰੂ ਹੋ ਗਈਆਂ ਹਨ। ਕੁਝ ਸਾਲ ਪਹਿਲਾਂ ਹੀਰੋਇਨਾਂ ਲਈ ਬਹੁਤਾ ਲੰਬਾ ਕੱਦ ਹੋਣਾ ਵੀ ਠੀਕ ਨਹੀਂ ਸਮਝਿਆ ਜਾਂਦਾ ਸੀ, ਲੇਕਿਨ ਇਨ੍ਹਾਂ ਸ਼ੀ-ਅਮਿਤਾਭ ਸਟਾਈਲ ਫਿਲਮਾਂ ਨੇ ਲੰਮਸਲੰਮੀਆਂ ਕੁੜੀਆਂ ਦੀ ਮਾਰਕੀਟ ਵਿਚ ਵੀ ਤੇਜ਼ੀ ਲੈ ਆਂਦੀ ਹੈ। ਅਰਚਨਾ ਪੂਰਨ ਸਿੰਘ ਨੇ 'ਜਲਵਾ' ਵਿਚ ਕੁਝ ਕਸਰਤ ਦੇ ਦ੍ਰਿਸ਼ਾਂ ਦੇ ਨਾਲ ਨਾਲ ਜੂਡੋ ਕਰਾਟੇ ਸਟਾਈਲ ਐਕਸ਼ਨ ਦੇ ਕੇ ਖਾੜਕੂ ਫਿਲਮਾਂ ਦੇ ਨਿਰਮਾਤਾਵਾਂ ਲਈ ਆਪਣੇ ਨਾਂ ਦਾ ਖਾਸ ਆਕਰਸ਼ਣ ਪੈਦਾ ਕਰ ਦਿੱਤਾ ਹੈ। ਤਲਵਾਰਬਾਜ਼ੀ, ਤੀਰਅੰਦਾਜ਼ੀ ਤੇ ਮਾਰਕੁਟਾਈ ਭਰਪੂਰ ਨਾਇਕਾ ਪ੍ਰਧਾਨ ਫਿਲਮਾਂ ਵਾਲੇ ਨਿਰਮਾਤਾਵਾਂ ਦੀ ਅਰਚਨਾ ਦੇ ਘਰ ਲਾਈਨ ਲੱਗੀ ਦਿਖਾਈ ਦਿੰਦੀ ਹੈ।

ਖਾੜਕੂ ਤੀਵੀਆਂ ਦੇ ਇਸ ਫਿਲਮੀ ਯੁਗ ਵਿਚ ਕਈ ਸਿਆਣੇ ਨਿਰਮਾਤਾਵਾਂ ਨੇ ਬਾਬੇ ਆਦਮ ਵੇਲੇ ਦੀਆਂ ਪੁਰਾਣੀਆਂ ਹੀਰੋਇਨਾਂ ਨੂੰ ਕਬਰਾਂ 'ਚੋਂ ਕੱਢ ਲਿਆਂਦਾ ਹੈ ਜਿਨ੍ਹਾਂ ਨੂੰ ਉਹ ਅੱਜ ਦੇ ਲਿਬਾਸ ਅਤੇ ਗਲੈਮਰ ਵਿਚ ਢਾਲ ਕੇ ਸਫਲ ਫਿਲਮਾਂ ਬਣਾਉਣ ਦੇ ਯਤਨ ਅਰੰਭ ਕਰ ਚੁਕੇ ਹਨ। ਇਸ ਦੌੜ ਵਿਚ ਨਿਰਮਾਤਾ ਰਾਜ ਕੁਮਾਰ ਤੇ ਲੇਖਕ ਰਜਿੰਦਰ ਸਿੰਘ ਆਤਿਸ਼ ਸਭ ਤੋਂ ਅੱਗੇ ਹਨ ਜਿਨ੍ਹਾਂ ਨੇ ਆਪਣੀ ਫਿਲਮ ਦਾ ਨਾਂ ਹੀ 'ਨਾਡੀਆ ਜਾਨ' ਰੱਖਿਆ ਹੈ, ਜਿਸ ਦੀ ਹੀਰੋਇਨ ਐਕਸ਼ਨ ਤਲਵਾਰਬਾਜ਼ੀ, ਤੀਰਅੰਦਾਜ਼ੀ, ਘੋੜ ਸਵਾਰੀ ਅਤੇ ਸੈਕਸ ਆਕਰਸ਼ਨ ਨਾਲ ਦਰਸ਼ਕਾਂ ਨੂੰ ਸਿਨਮਾਂ ਘਰਾਂ ਵੱਲ ਖਿੱਚੇਗੀ। ਇਸ ਫਿਲਮ ਦੀ ਡਾਇਰੈਕਸ਼ਨ ਵੀ ਖੁਦ ਆਤਿਸ਼ ਦੇ ਰਿਹਾ ਹੈ। ਹੀਰੋਇਨ ਅਜੇ ਸਬਜੈਕਟ ਮੁਤਾਬਿਕ ਕੋਈ ਨਹੀਂ ਲੱਭ ਸਕੀ। ਆਤਿਸ਼ ਨੇ ਦੱਸਿਆ ਕਿ ਸਾਨੂੰ ਇਸ ਰੋਲ਼ ਲਈ ਲੰਮੀ ਤੇ ਸੋਹਣੀ ਕੁੜੀ ਚਾਹੀਦੀ ਹੈ ਪਰ ਦੋਨੋਂ ਗੁਣਾਂ ਵਾਲੀ ਕੋਈ ਲੜਕੀ ਅਜੇ ਤੱਕ ਨਹੀਂ ਟਕਰੀ। ਤਲਾਸ਼ ਜਾਰੀ ਹੈ।



ਸੁਜਾਤਾ ਮਹਿਤਾ : ਪ੍ਰਤੀਘਾਤ ਨੇ ਨਵੀਂ ਲਹਿਰ ਚਲਾਈ।

ਕ੍ਰਿਕਟਰ ਯੋਗਰਾਜ ਸਿੰਘ ਵਧੀਆ ਐਕਟਰ ਵੀ ਹੈ!

ਨਿਰਮਾਤਾ ਨਿਰਦੇਸ਼ਕ ਉਤਮ ਤੁਲਸੀ ਦੀ ਨਵੀਂ ਰੀਲੀਜ਼ ਹੋਈ ਫਿਲਮ ਦੇ ਮੁੱਖ ਆਕਰਸ਼ਨ ਕ੍ਰਿਕਟ ਸਟਾਰ ਯੋਗਰਾਜ ਸਿੰਘ ਨੇ ਐਕਟਿੰਗ ਦੇ ਖੇਤਰ ਵਿਚ ਵੀ ਵਧੀਆ ਰੋਲ ਕਰਕੇ ਦਰਸ਼ਕਾਂ ਦੀ ਵਾਹਵਾ ਖੱਟੀ ਹੈ। ਇਸ ਤੋਂ ਪਹਿਲਾਂ ਯੋਗਰਾਜ ਨੇ ਨਿਰਮਾਤਾ-ਨਿਰਦੇਸ਼ਕ ਵਰਿੰਦਰ ਦੀ ਫਿਲਮ 'ਬਟਵਾਰਾ' ਵਿਚ ਵੀ ਖਲਨਾਇਕ ਦਾ ਰੋਲ ਕੀਤਾ ਸੀ। 'ਯਾਰ ਗਰੀਬਾਂ ਦਾ' ਵਿਚ ਯੋਗਰਾਜ ਨੇ ਇਕ ਖਾੜਕੂ ਮਜ਼ਦੂਰ ਲੀਡਰ ਦਾ ਰੋਲ ਕੀਤਾ ਹੈ। ਹਾਲਾਂ ਕਿ ਕਈ ਦ੍ਰਿਸ਼ਾਂ ਵਿਚ ਉਹ ਓਵਰ ਲੱਗਦਾ ਹੈ ਫਿਰ ਵੀ ਸਮੁੱਚੇ ਤੌਰ 'ਤੇ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਉਹਨੇ ਸਤੀਸ਼ ਕੌਲ, ਦਿਲਜੀਤ ਕੌਰ ਅਤੇ ਵਿਜੇ ਟੰਡਨ ਜਿਹੇ ਹੰਢੇ ਵਰਤੇ ਪੰਜਾਬੀ ਕਲਾਕਾਰਾਂ ਸਾਹਮਣੇ ਆਪਣੀ ਐਕਟਿੰਗ ਦਾ ਲੋਹਾ ਮਨਵਾਇਆ ਹੈ। ਹਾਲਾਂ ਕਿ ਉਪਰੋਕਤ ਸਾਰੇ ਐਕਟਰ ਵੀ ਆਪੋ ਆਪਣੀ ਅਦਾਕਾਰੀ ਵਿਚ ਠੀਕ ਹਨ ਪਰ ਯੋਗਰਾਜ ਸਭ ਤੇ ਛਾਇਆ ਰਿਹਾ। ਵਿਜੇ ਟੰਡਨ ਨੇ ਬਾਗੀ ਮਜ਼ਦੂਰ ਦੇ ਰੋਲ ਵਿਚ ਉਸ ਨੂੰ ਬਰਾਬਰ ਦੀ ਟੱਕਰ ਦਿੱਤੀ ਹੈ, ਖਾਸ ਕਰ ਮੌਤ ਦੇ ਦ੍ਰਿਸ਼ ਵਿਚ ਉਹ ਸਭ ਦਰਸ਼ਕਾਂ ਦਾ ਦਿਲ ਜਿੱਤ ਲੈਂਦਾ ਹੈ। ਮਿਹਰ ਮਿੱਤਲ ਦੀ ਕਾਮੇਡੀ ਕਈ ਥਾਈਂ ਵਧੀਆ ਤੇ ਕਈ ਥਾਈਂ ਆਮ ਪੱਧਰ ਦੀ ਹੈ। ਹਰ ਦ੍ਰਿਸ਼ ਵਿਚ ਉਸ ਨਾਲ ਕੁੜੀ ਬਦਲ ਦੇਣ ਦੀ ਗੱਲ ਸਮਝ ਨਹੀਂ ਆਈ। ਸਤੀਸ਼ ਕੌਲ ਤੇ ਦਿਲਜੀਤ ਕੌਰ ਰੁਮਾਂਟਿਕ ਦ੍ਰਿਸ਼ਾਂ ਵਿਚ ਫਬਦੇ ਹਨ।

'ਯਾਰ ਗਰੀਬਾਂ ਦਾ' ਦੀ ਕਹਾਣੀ ਮਾਲਕਾਂ ਅਤੇ ਮਜ਼ਦੂਰਾਂ ਦੇ ਸੰਘਰਸ਼ ਦੀ ਸਮੱਸਿਆ ਹੈ ਜਿਸ ਦਾ ਵਾਤਾਵਰਣ ਸ਼ਹਿਰੀ ਹੈ। ਫਿਲਮ ਦਾ ਗੀਤ ਸੰਗੀਤ ਸਵਰਗੀਯ ਇੰਦਰਜੀਤ ਸਿੰਘ ਤੁਲਸੀ ਦਾ ਤਿਆਰ ਕੀਤਾ ਹੋਇਆ ਹੈ। ਸੰਗੀਨ ਧੁਨਾਂ ਮਿੱਠੀਆਂ ਤੇ ਪਿਆਰੀਆਂ ਹਨ ਖਾਸ ਕਰ 'ਕਾਲੀਆਂ ਇੱਟਾਂ ਕਾਲੇ ਰੋੜ' ਬਹੁਤ ਪਿਆਰਾ ਹੈ। ਫਿਲਮ ਦੀ ਫੋਟੋਗਰਾਫੀ ਖੂਬਸੂਰਤ ਹੈ ਹਾਲਾਂ ਕਿ ਕਿਤੇ ਕਿਤੇ ਲਿਬਾਰਟਰੀ ਨੁਕਸ ਕਰਕੇ ਪ੍ਰਿੰਟ ਖਰਾਬ ਹਨ। ਨਿਰਮਾਤਾ-ਨਿਰਦੇਸ਼ਕ ਉਤਮ ਤੁਲਸੀ ਨੇ ਫਿਲਮ 'ਯਾਰ ਗਰੀਬਾਂ ਦਾ' ਲਈ ਬੜੀ ਮਿਹਨਤ ਕੀਤੀ ਹੈ। ਉਸ ਦੀ ਡਾਇਰੈਕਸ਼ਨ ਬੜੀ ਵਧੀਆ ਹੈ ਪਰ ਕੇਵਲ ਵਿਸ਼ਾ ਚੁਣਨ ਦੇ ਮਾਮਲੇ ਵਿਚ ਉਹ ਗਲਤੀ ਕਰ ਗਿਆ ਲੱਗਦਾ ਹੈ। ਇਹੋ ਜਿਹੇ ਵਿਸ਼ਿਆਂ ਤੇ ਹਿੰਦੀ ਫਿਲਮਾਂ ਬੜੀਆਂ ਵਧੀਆ ਬਣਦੀਆਂ ਹਨ। ਖੇਤਰੀ ਫਿਲਮਾਂ ਲਈ ਵਾਤਾਵਰਣ ਬਹੁਤ ਹੀ ਜ਼ਰੂਰੀ ਸਮਝਿਆ ਜਾਂਦਾ ਹੈ ਜਿਸ ਦੀ ਘਾਟ ਇਸ ਫਿਲਮ ਵਿਚ ਰੜਕਦੀ ਹੈ। ਪੰਜਾਬ ਦੇ ਖੇਤ, ਲਹਿਰਾਉਂਦੀਆਂ ਫਸਲਾਂ, ਖੂਹ, ਟੋਭੇ ਤੇ ਨਹਿਰਾਂ ਕਿਤੇ ਨਜ਼ਰ ਨਹੀਂ ਆਉਂਦੀਆਂ। ਕਿੰਨਾ ਚੰਗਾ ਹੁੰਦਾ ਜੇ ਤੁਲਸੀ ਵਲੋਂ ਏਨੀ ਮਿਹਨਤ ਪੰਜਾਬ ਦੇ ਪੇਂਡੂ ਵਾਤਾਵਰਣ ਨੂੰ ਫਿਲਮਾਉਣ ਤੇ ਕੀਤੀ ਗਈ ਹੁੰਦੀ।

'ਯਾਰੀ ਜੱਟ ਦੀ' ਨੇ ਨਵੇਂ ਰਿਕਾਰਡ ਕਾਇਮ ਕੀਤੇ

ਜਿਵੇਂ ਕਿ ਅਸੀਂ ਪਿਛਲੇ ਹਫਤੇ ਲਿਖਿਆ ਸੀ ਕਿ ਪੰਜਾਬੀ ਫਿਲਮ 'ਯਾਰੀ ਜੱਟ ਦੀ' ਨੂੰ ਮਿਲੀ ਮੁਢਲੀ ਸਫਲਤਾ ਨੇ ਪੰਜਾਬੀ ਫਿਲਮ ਇੰਡਸਟਰੀ ਨਾਲ ਜੁੜੇ ਹੋਏ ਲੋਕਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਹਨ, ਨਿਰਦੇਸ਼ਕ ਵਰਿੰਦਰ ਦੀ ਇਸ ਫ਼ਿਲਮ ਨੇ ਕਈ ਟਰੇਡ ਜੋਤਸ਼ੀਆਂ ਦੀਆਂ ਭਵਿਖ ਬਾਣੀਆਂ ਝੁਠਲਾ ਦਿੱਤੀਆਂ ਹਨ ਕਿ ਪੰਜਾਬੀ ਫਿਲਮਾਂ ਲਈ ਮੌਸਮ ਖੁਸ਼ਗਵਾਰ ਨਹੀਂ ਹੈ। ਬਾਕਸ ਆਫਿਸ ਤੇ ਫਿਲਮ ਨੇ ਪੱਕੇ ਪੈਰ ਜਮਾ ਲਏ ਹਨ ਅਤੇ ਸਫਲਤਾ ਦੇ ਨਵੇਂ ਰਿਕਾਰਡ ਕਾਇਮ ਕਰ ਲਏ ਹਨ। ਜਲੰਧਰ ਦੇ ਜਯੋਤੀ ਸਿਨਮਾ ਵਿਚ ਪਿਛਲੇ ਡੇਢ ਸਾਲ ਤੋਂ ਕਿਸੇ ਵੀ ਵੱਡੀ ਛੋਟੀ ਫਿਲਮ ਦਾ ਪਹਿਲਾ ਸ਼ੋਅ ਇਕ ਹਫਤੇ ਤਕ ਹਾਊਸ ਫੁੱਲ ਨਹੀਂ ਹੋ ਸਕਿਆ।

'ਯਾਰੀ ਜੱਟ ਦੀ' ਨੇ ਦੋ ਹਫਤੇ ਤੱਕ ਲਗਾਤਾਰ ਪਹਿਲੇ ਦੋ ਸ਼ੋਅ ਓਵਰ ਪੈਕ ਕਰਕੇ ਇਕ ਨਵਾਂ ਰਿਕਾਰਡ ਬਣਾਇਆ ਹੈ ਤੇ ਇਹ ਲਾਈਨਾਂ ਛਪਣ ਤੱਕ ਹਾਊਸ ਫੁਲ ਜਾ ਰਹੀ ਹੈ।

'ਯਾਰੀ ਜੱਟ ਦੀ' ਤੋਂ ਪਹਿਲਾਂ ਜਿਹੜੇ ਸਿਨਮਿਆਂ ਵਾਲੇ ਦੁਹਾਈ ਦੇ ਰਹੇ ਸਨ ਕਿ ਦੋ ਹਫਤੇ ਸਿਨਮਾ ਬੰਦ ਕਰ ਲੈਣਾ ਮਨਜ਼ੂਰ ਹੈ ਪਰ ਪੰਜਾਬੀ ਫਿਲਮ ਨਹੀਂ ਲਾਉਣੀ ਉਹ ਹੀ ਡਿਸਟ੍ਰੀਬਿਊਟਰ ਦੇ ਦਫਤਰ ਅੱਗੇ ਆਪਣੇ ਸਿਨਮੇ ਦੀ ਵਾਰੀ ਲਾਉਣੀ ਲਈ ਗੇੜੇ ਲਾਉਂਦੇ ਨਜ਼ਰ ਆਉਂਦੇ ਹਨ।

ਇਹ ਸਭ ਕੁਝ ਲਿਖ ਕੇ ਅਸੀਂ ਫਿਰ ਆਪਣੀ ਪੁਰਾਣੀ ਗੱਲ ਦੁਹਰਾਅ ਰਹੇ ਹਾਂ ਕਿ ਪੰਜਾਬੀ ਦਰਸ਼ਕ ਸਿਆਣਾ ਹੋ ਚੁਕਾ ਹੈ। ਇਹ ਗੱਲ ਬਿਲਕੁਲ ਗਲਤ ਹੈ ਕਿ ਪੰਜਾਬੀ ਦਰਸ਼ਕ ਪਿੰਡਾਂ 'ਚੋਂ, ਘਰਾਂ ਚੋਂ ਸਿਨਮਾ ਦੇਖਣ ਨਹੀਂ ਨਿਕਲਦਾ। ਪੰਜਾਬੀ ਦਰਸ਼ਕ ਦਾ ਸੁਆਦ ਵਧੀਆ ਬਣ ਚੁਕਾ ਹੈ ਅਤੇ ਉਹ ਵਧੀਆ ਫਿਲਮ ਰਾਹੀਂ ਆਕਰਸ਼ਿਤ ਕੀਤਾ ਜਾ ਸਕਦਾ ਹੈ। ਪਿਛਲੇ ਦੋ ਸਾਲਾਂ ਵਿਚ ਰਿਲੀਜ਼ ਹੋਈਆਂ ਫਿਲਮਾਂ ਦਾ ਸਿਨਮਾ ਖਿੜਕੀ ਤੇ ਟਿਕ ਨਾ ਸਕਣ ਦੇ ਮੁਖ ਕਾਰਨ ਇਹੀ ਸਨ ਕਿ ਲਗਪਗ ਸਾਰੇ ਨਿਰਮਾਤਾ ਨਿਰਦੇਸ਼ਕ ਨਵੀਆਂ ਬੋਤਲਾਂ ਵਿਚ ਪੁਰਾਣੀ ਸ਼ਰਾਬ ਪਾ ਕੇ ਦਰਸ਼ਕਾਂ ਨੂੰ ਨਸ਼ਿਆਉਣਾ ਚਾਹੁੰਦੇ ਸਨ। ਘਿਸੇ ਪਿਟੇ ਵਿਸ਼ਿਆਂ ਤੇ ਬਣੀਆਂ ਇਹਨਾਂ ਫਿਲਮਾਂ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਨਹੀਂ ਦਿੱਤਾ ਹਾਲਾਂ ਕਿ ਇਹਨਾਂ ਵਿਚੋਂ ਕੁਝ ਫਿਲਮਾਂ ਦਾ ਹੀਰੋ ਪੰਜਾਬੀਆਂ ਦੇ ਦਿਲਾਂ ਵਿਚ ਘਰ ਕਰ ਚੁਕਿਆ ਹਰਮਨ ਪਿਆਰਾ ਗਾਇਕ ਗੁਰਦਾਸ ਮਾਨ ਸੀ।

ਹੁਣ ਵੀ ਟਰੇਡ ਦੇ ਕੁਝ 'ਪੰਡਿਤ' ਵਰਿੰਦਰ ਦੀ ਇਸ ਫਿਲਮ ਦੀ ਸਫਲਤਾ ਨੂੰ 'ਤੁੱਕਾ ਲਗ ਜਾਣਾ' ਆਖ ਰਹੇ ਹਨ ਪਰ ਉਨ੍ਹਾਂ ਨੂੰ ਇਹ ਗੱਲ ਮੰਨਣੀ ਹੀ ਪਵੇਗੀ ਕਿ ਵਰਿੰਦਰ ਇਕ ਸੁਲਝਿਆ ਹੋਇਆ ਪੰਜਾਬੀ ਨਿਰਦੇਸ਼ਕ ਹੈ ਅਤੇ ਸਮੇਂ ਦੀ ਚਾਲ ਢਾਲ ਮੁਤਾਬਿਕ ਦਰਸ਼ਕਾਂ ਦੀ ਨਬਜ਼ ਪਛਾਨਣ ਵਿਚ ਉਸ ਨੂੰ ਮੁਹਾਰਤ ਹਾਸਲ ਹੈ। ਉਸ ਨੇ ਨੌਜਵਾਨਾਂ ਵਿਚ ਪ੍ਰਚਲਿਤ ਹੋ ਚੁਕੇ ਪੰਜਾਬੀ ਸੰਗੀਤ ਨੂੰ 'ਯਾਰੀ ਜੱਟ ਦੀ' ਵਿਚ ਵਰਤ ਕੇ ਪੰਜਾਬੀ ਦਰਸ਼ਕਾਂ ਦਾ ਮਨ ਮੋਹ ਲਿਆ ਹੈ ਜਿਸ ਦਾ ਸਬੂਤ ਸਿਨਮਾਂ ਘਰਾਂ ਅਗੇ ਲਗੀਆਂ ਦਰਸ਼ਕਾਂ ਦੀਆਂ ਕਤਾਰਾਂ ਹਨ। ਫਿਲਮ ਦੀਆਂ ਬੋਲੀਆਂ 'ਗੁੜ ਨਾਲੋਂ ਇਸ਼ਕ ਮਿੱਠਾ' ਹਰ ਦੁਕਾਨ ਤੇ ਹਰ ਘਰ ਵਿਚ ਵਜਦੀਆਂ ਸੁਣਾਈ ਦੇ ਰਹੀਆਂ ਹਨ। ਪੰਜਾਬੀ ਫਿਲਮਾਂ ਦੇ ਇਕ ਸੰਕਟਮਈ ਦੌਰ ਵਿਚੋਂ ਜੇਤੂ ਦੇ ਰੂਪ ਵਿਚ ਅਗੇ ਆਉਣ ਅਤੇ ਪੰਜਾਬੀ ਫਿਲਮ ਇੰਡਸਟਰੀ ਨੂੰ ਹੌਂਸਲਾ ਦੇਣ ਲਈ ਵਰਿੰਦਰ ਵਾਰ ਵਾਰ ਵਧਾਈ ਦਾ ਹੱਕਦਾਰ ਹੈ।

* ਜਯੋਤੀ ਪ੍ਰੋਡਕਸ਼ਨ ਦੀ ਫਿਲਮ 'ਪਿਆਰ ਕੀ ਪਹਿਲੀ ਨਜ਼ਰ' ਦੀਆਂ ਚੌਦਾਂ ਰੀਲਾਂ ਤਿਆਰ ਹੋ ਗਈਆਂ ਹਨ। ਰਮੇਸ਼ ਬੇਦੀ ਦੁਆਰਾ ਡਾਇਰੈਕਟ ਕੀਤੀ ਜਾ ਰਹੀ ਇਸ ਫਿਲਮ 'ਚ ਕੰਵਲਜੀਤ, ਪ੍ਰੀਤਿਮਾ, ਰਣਜੀਤਾ ਤੇ ਜਗਦੀਪ ਨੇ ਮੁਖ ਭੂਮਿਕਾਵਾਂ ਨਿਭਾਈਆਂ ਹਨ। ਸੁਲੋਚਨਾ ਇਸ ਫਿਲਮ ਦੀ ਸੰਗੀਤ ਨਿਰਦੇਸ਼ਕਾ ਹੈ।

* ਇਕ ਸੱਤ ਰੋਜ਼ਾ ਬਲਗਾਰੀਆ ਦੀਆਂ ਫਿਲਮਾਂ ਦਾ ਮੇਲਾ ਦਿੱਲੀ ਵਿਖੇ ਚਲ ਰਿਹਾ ਹੈ ਜਿਸਦਾ ਪ੍ਰਬੰਧ ਫੈਡਰੇਸ਼ਨ ਆਫਿ ਫਿਲਮ ਸੁਸਾਇਟੀ ਆਫ ਇੰਡੀਆ ਨੇ ਕੀਤਾ ਹੈ। ਇਹਦੇ ਵਿਚ 'ਦਾ ਲਾਸਟ ਪੈਗਾਨ', 'ਵੇਅਰ ਆਰ ਯੂ ਗੋਇੰਗ', 'ਦਾ ਗੋਲਡਨ ਗਰਲ', 'ਇਲੀਸਨ' ਤੇ 'ਦਾ ਡੇ ਆਫ ਦਾ ਰੂਲਰਜ਼' ਆਦਿ ਬਲਗਾਰੀਆ ਦੀਆਂ ਫਿਲਮਾਂ ਦਿਖਾਈਆਂ ਜਾ ਰਹੀਆਂ ਹਨ।

The Manitoba Mirror

ਮੈਨੀਟੋਬਾ ਦਰਪਣ

GILL AUTO SALES

7762 - Edmonds St., Burnaby, B.C.

DLR #8220

Ph. 522- 2122

ਨਵੀਆਂ 'ਤੇ ਪੁਰਾਣੀਆਂ ਹਰ Make ਦੀਆਂ ਕਾਰਾਂ

ਸਪੈਸ਼ਲ ਸੇਲ ਉਤੇ ਹਨ

ਨਵੀਆਂ ਕਾਰਾਂ ਸਪੈਸ਼ਲ ਰੇਟਾਂ ਉਤੇ ਅਸੀਂ ਲੈ ਕੇ ਦੇ ਸਕਦੇ ਹਾਂ

Special Brake Job

Front Brakes

$55.00

Rear Brakes

$45.00

ਅੱਜ ਹੀ ਫੋਨ ਕਰੋ ਜਾਂ ਮਿਲੋ

ਪ੍ਰਲਾਦ ਗਿੱਲ


Ph. 522-2122

ਤੁਹਾਡੇ ਸੈਂਕੜੇ ਡਾਲਰਾਂ ਦੀ

ਬੱਚਤ ਕਰ ਸਕਦੇ ਹਾਂ

SPECIAL TUNE-UP RATES

4 cyl.	$24+Parts
6 cyl.	$34+Parts
8 cyl.	$44+Parts



GILL VAN CONVERSION

Special van interior from **$699.00 each**
Brand new bench seats from **$250.00 each**
Captain chairs from **$195.00 ea.**
Sofa beds from **$425.00 ea.**

Full line of van accessery also available
Come & ask for free estimate
No obligation or

GILL AUTO REPAIR

- Certified mechanic
- Cheapest rate
- Guaranteed work

For more information call:

Ph. 522-2122

Parlad Gill

ਗਿੱਲ ਆਟੋ ਸੇਲਜ਼

7762 - ਇਡਮੰਡਜ਼ ਸਟਰੀਟ, ਬਰਨਬੀ, ਬੀ. ਸੀ.

ਫ਼ੋਨ : 522-2122